@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 4 Janaury 2025

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 4 ਜਨਵਰੀ 2025, 21 ਪੋਹ ਨਾਨਕਸ਼ਾਹੀ ਸੰਮਤ 555 (ਸਫ਼ੇ–12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 55, qpatrika@gmail.com ਫੋਨ : 9971359517 www.qaumipatrika.org

# ਕੇਂਦਰ ਸਰਕਾਰ ਨੇ ਦਿੱਲੀ ‘ਚ ਨਹੀਂ ਕੀਤਾ ਕੰਮ, ਨਹੀਂ ਤਾਂ ‘ਆਪ’ ਸਰਕਾਰ ਨੂੰ ਕੋਸਣਾ ਨਾ ਪੈਂਦਾ: ਕੇਜਰੀਵਾਲ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 3 ਜਨਵਰੀ। ਆਮ ਆਦਮੀ ਪਾਰਟੀ (ਆਪ) ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਸ਼ੁੱਕਰਵਾਰ ਨੂੰ ਇੱਥੇ ਕਿਹਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਦਿੱਲੀ ਵਿੱਚ ਕੋਈ ਵਿਕਾਸ ਕਾਰਜ ਨਹੀਂ ਕੀਤੇ ਹਨ, ਨਹੀਂ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣੇ 43 ਮਿੰਟ ਦੇ ਭਾਸਣ ‘ਚੋਂ 39 ਮਿੰਟ ਰਾਜਧਾਨੀ ਦੇ ਲੋਕਾਂ ਅਤੇ ਉਨ੍ਹਾਂ ਦੁਆਰਾ ਸਭ ਤੋਂ ਵੱਡੇ ਫਤਵੇ ਨਾਲ ਚੁਣੀ ਸਰਕਾਰ ਨੂੰ ਕੋਸਣ ਦੀ ਲੋੜ ਨਹੀਂ ਪੈਂਦੀ। ਦਿੱਲੀ ‘ਚ ਸੱਤਾਧਾਰੀ ‘ਆਪ’ ਸਰਕਾਰ ‘ਤੇ ਮੋਦੀ ਦੀਆਂ ਟਿੱਪਣੀਆਂ ‘ਤੇ ਪ੍ਰਤੀਕਿਰਿਆ ਦਿੰਦੇ ਹੋਏ ਕੇਜਰੀਵਾਲ ਨੇ ਪ੍ਰੈੱਸ ਕਾਨਫਰੰਸ ‘ਚ ਕਿਹਾ ਕਿ ਭਾਜਪਾ ਸਿਰਫ ‘ਨਿੱਜੀ ਹਮਲੇ’ ਕਰ ਰਹੀ ਹੈ।



ਉਨ੍ਹਾਂ ਕਿਹਾ, “ਅੱਜ ਦੇ ਭਾਸਣ ਵਿੱਚ ਮੋਦੀ ਜੀ ਨੇ 39 ਮਿੰਟ ਦਿੱਲੀ ਦੀ ਚੁਣੀ ਹੋਈ ਸਰਕਾਰ ਅਤੇ ਲੋਕਾਂ ਨੂੰ ਗਾਲ੍ਹਾਂ ਕੱਢਦੇ ਹੋਏ ਬਿਤਾਏ।“ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਵੱਲੋਂ ਪਿਛਲੇ 10 ਸਾਲਾਂ ਵਿੱਚ ਕੀਤੇ ਕੰਮਾਂ ਦੀ ਗਿਣਤੀ ਕਰਨ ਵਿੱਚ ਦੋ–ਤਿੰਨ ਘੰਟੇ ਤੋਂ ਵੀ ਘੱਟ ਸਮਾਂ ਲੱਗੇਗਾ। ਦੂਜੇ ਪਾਸੇ ਭਾਜਪਾ ਸਰਕਾਰ ਨੇ ਅਜਿਹਾ ਕੋਈ ਕੰਮ ਨਹੀਂ ਕੀਤਾ, ਜਿਸ ਦਾ ਜ਼ਿਕਰ ਮੋਦੀ ਜੀ ਆਪਣੇ ਭਾਸਣ ਵਿੱਚ ਕਰ ਸਕਣ। ਜੇਕਰ ਕੰਮ ਕੀਤਾ ਹੁੰਦਾ ਤਾਂ ਦਿੱਲੀ ਵਾਲਿਆਂ ਨੂੰ ਗਾਲ੍ਹਾਂ ਕੱਢਣ ਦੀ ਲੋੜ ਨਹੀਂ ਸੀ ਪੈਣੀ। ਪਾਰਟੀ ਨੂੰ ਦਿੱਲੀ ਦੇ ਲੋਕਾਂ ਨੂੰ ਗਾਲ੍ਹਾਂ ਕੱਢ ਕੇ ਚੋਣਾਂ ਜਿੱਤਣ ਦੀ ਕੋਸ਼ਿਸ਼ ਨਹੀਂ ਕਰਨੀ ਪੈਂਦੀ। ਇਸ ਤੋਂ ਪਹਿਲਾਂ ਅਸ਼ੋਕ ਵਿਹਾਰ ਵਿੱਚ ਇੱਕ ਸਮਾਗਮ ਵਿੱਚ, ਮੋਦੀ ਨੇ ‘ਆਪ’ ਨੂੰ ਦਿੱਲੀ ਲਈ ‘ਆਫਤ’ ਕਰਾਰ ਦਿੱਤਾ ਅਤੇ ਕਿਹਾ ਕਿ ਇਸ ‘ਆਫਤ’ ਨੇ ਪਿਛਲੇ 10 ਸਾਲਾਂ ਤੋਂ ਰਾਸਟਰੀ ਰਾਜਧਾਨੀ ਨੂੰ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ। ਪ੍ਰਧਾਨ ਮੰਤਰੀ ਨੇ ਇਹ ਵੀ ਭਰੋਸਾ ਜਾਹਰ ਕੀਤਾ ਕਿ ਆਉਣ ਵਾਲੀਆਂ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ‘ਆਪ’ ਨੂੰ ਹਰਾ ਕੇ ਜੇਤੂ ਬਣੇਗੀ।

## ਭਾਰਤ ਹਮੇਸ਼ਾ ਮਾਲਦੀਵ ਨਾਲ ਖੜ੍ਹਾ ਹੈ: ਜੈਸ਼ੰਕਰ

ਨਵੀਂ ਦਿੱਲੀ 3 ਜਨਵਰੀ। ਭਾਰਤ ਤੇ ਮਾਲਦੀਵ ਨੇ ਸਰਹੱਦ ਪਾਰ ਵਪਾਰ ਲਈ ਸਥਾਨਕ ਕਰੰਸੀ ਦੀ ਵਰਤੋਂ ਨੂੰ ਉਤਸਾਹਿਤ ਕਰਨ ਲਈ ਇਕ ਢਾਂਚੇ ਨੂੰ ਅੰਤਿਮ ਰੂਪ ਦਿੱਤਾ ਹੈ। ਵਿਦੇਸ ਮੰਤਰੀ ਜੈਸੰਕਰ ਨੇ ਦਿੱਲੀ ’ਚ ਮਾਲਦੀਵ ਦੇ ਆਪਣੇ ਹਮਰੁਤਬਾ ਅਬਦੁੱਲਾ ਖਲੀਲ ਨਾਲ ਮੀਟਿੰਗ ਕੀਤੀ। ਖਲੀਲ ਸਮੁੰਦਰੀ ਸੁਰੱਖਿਆ, ਵਪਾਰ ਤੇ ਨਿਵੇਸ ਸਮੇਤ ਕਈ ਅਹਿਮ ਖੇਤਰਾਂ ’ਚ



ਦੁਵੱਲੇ ਸਬੰਧਾਂ ਨੂੰ ਮਜਬੂਤ ਕਰਨ ਦੇ ਤਰੀਕਿਆਂ ’ਤੇ ਚਰਚਾ ਕਰਨ ਲਈ ਤਿੰਨ ਦਿਨਾਂ ਦੌਰੇ ’ਤੇ ਵੀਰਵਾਰ ਇੱਥੇ ਪਹੁੰਚੇ ਸਨ। ਜੈਸੰਕਰ ਨੇ ਕਿਹਾ ਕਿ ਸਰਹੱਦ ਪਾਰ ਦੇ ਲੈਣ–ਦੇਣ ਲਈ ਸਥਾਨਕ ਕਰੰਸੀਆਂ ਦੀ ਵਰਤੋਂ ਨੂੰ ਉਤਸਾਹਿਤ ਕਰਨ ਲਈ ਇਕ ਢਾਂਚੇ ’ਤੇ ਹਸਤਾਖਰ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਅਸੀਂ ਵੱਖ–ਵੱਖ ਖੇਤਰਾਂ ’ਚ ਆਪਣੀ ਸਮੂਲੀਅਤ ਵਧਾ ਦਿੱਤੀ ਹੈ ।ਮੈਂ ਕਹਿਣਾ ਚਾਹੁੰਦਾ ਹਾਂ ਕਿ ਭਾਰਤ ਹਮੇਸਾ ਮਾਲਦੀਵ ਨਾਲ ਖੜ੍ਹਾ ਰਿਹਾ ਹੈ। ਮਾਲਦੀਵ ਸਾਡੀ ‘ਨੇਬਰਹੁੱਡ ਫਸਟ ਨੀਤੀ’ ’ਚ ਬਹੁਤ ਅਹਿਮੀਅਤ ਰੱਖਦਾ ਹੈ।

## ਮੈਡੀਕਲ ਸੇਵਾ ਤੋਂ ਅਸੰਤੁਸ਼ਟ ਹੋਣਾ ਲਾਪ੍ਰਵਾਹੀ ਨਹੀਂ : ਦਿੱਲੀ ਹਾਈ ਕੋਰਟ

ਨਵੀਂ ਦਿੱਲੀ 3 ਜਨਵਰੀ। ਦਿੱਲੀ ਹਾਈ ਕੋਰਟ ਨੇ ਇਕ ਔਰਤ ਦੀ ਮੌਤ ਨੂੰ ਲੈ ਕੇ ਡਾਕਟਰਾਂ ਖਿਲਾਫ ਕਾਰਵਾਈ ਕਰਨ ਦੀ ਬੇਨਤੀ ਕਰਨ ਵਾਲੀ ਉਸ ਦੇ ਪਤੀ ਦੀ ਪਟੀਸ਼ਨ ਨੂੰ ਹਾਲ ਹੀ ਵਿਚ ਖਾਰਿਜ ਕਰਦੇ ਹੋਏ ਕਿਹਾ ਕਿ ਮੈਡੀਕਲ ਲਾਪ੍ਰਵਾਹੀ ਸਿਰਫ ਦੇਖਭਾਲ ਦੇ ਉਮੀਦ ਵਾਲੇ ਮਾਪਦੰਡ ਪ੍ਰਤੀ ਅਸੰਤੋਸ਼ ਨਾਲ ਸਥਾਪਤ ਨਹੀਂ ਹੁੰਦੀ ਹੈ। ਜਸਟਿਸ ਸੰਜੀਵ ਨਰੂਲਾ ਨੇ 20 ਦਸੰਬਰ ਦੇ ਆਪਣੇ ਫੈਸਲੇ ਵਿਚ ਕਿਹਾ ਕਿ ਡਾਕਟਰਾਂ ਨੂੰ ਮਰੀਜ ਦੇ ਪਰਿਵਾਰ ਦੀਆਂ ਉਮੀਦਾਂ ਜਾਂ ਤੈਅ ਸਮਾਂ–ਹੱਦ ਤੋਂ ਮਜਬੂਰ ਨਹੀਂ ਹੋਣਾ ਚਾਹੀਦਾ। ਜੱਜ ਨੇ ਕਿਹਾ ਕਿ ਇਹ ਯਾਦ ਰੱਖਣਾ ਅਤਿਅੰਤ ਅਹਿਮ ਹੈ ਕਿ ਮੈਡੀਕਲ ਲਾਪ੍ਰਵਾਹੀ ਸਿਰਫ ਅਸੰਤੋਸ਼ ਜਾਂ ਦੇਖਭਾਲ ਦੇ ਉਮੀਦ ਭਰੇ ਮਾਪਦੰਡ




ਦੇ ਦਾਅਵੇ ਨਾਲ ਸਥਾਪਤ ਨਹੀਂ ਹੁੰਦੀ ਹੈ। ਇਹ ਸਵੀਕਾਰ ਕੀਤਾ ਜਾਂਦਾ ਹੈ ਕਿ ਡਾਕਟਰਾਂ ਤੋਂ ਉਮੀਦਾਂ ਕੀਤੀਆਂ ਜਾਂਦੀਆਂ ਹਨ ਕਿ ਉਹ ਉਚਿਤ ਪੱਧਰ ਦੀ ਮਾਹਰਤਾ ਦਾ ਇਸਤੇਮਾਲ ਕਰਨ। ਮੈਡੀਕਲ ਲਾਪ੍ਰਵਾਹੀ ਤੈਅ ਕਰਨ ਦਾ ਉਚਿਤ ਮਾਪਦੰਡ ਇਹ ਮੁਲਾਂਕਣ ਕਰਨ ਵਿਚ ਨਿਹਿੱਤ ਹੈ ਕਿ ਕੀ ਡਾਕਟਰ ਵਲੋਂ ਉਠਾਏ ਗਏ ਕਦਮ ਸੰਬੰਧਤ ਖੇਤਰ ਵਿਚ ਉਚਿਤ ਰੂਪ ਨਾਲ ਸਮਰੱਥ ਡਾਕਟਰ ਦੇ ਮਨਜੂਰਸ਼ੁਦਾ ਮਾਪਦੰਡਾਂ ਤੋਂ ਹੇਠਾਂ ਹੈ। ਇਸ ਵਿਅਕਤੀ ਦੀ ਪਤਨੀ ਦੀ 2016 ਵਿਚ ਇਕ ਨਿੱਜੀ ਹਸਪਤਾਲ ਦੇ ਕੁਝ ਡਾਕਟਰਾਂ ਦੀ ਕਥਿਤ ਲਾਪ੍ਰਵਾਹੀ ਕਾਰਨ ਮੌਤ ਹੋ ਗਈ ਸੀ। ਪਟੀਸ਼ਨਕਰਤਾ ਦੇ ਦੋਸ਼ 3 ਡਾਕਟਰਾਂ ਤੋਂ ਇਲਾਵਾ ਦਵਾਈ ਅਤੇ ਜਾਂਚ ਵਿਚ ਦੇਰੀ, ਸੀਨੀਅਰ ਡਾਕਟਰ ਦੀ ਗੈਰ–ਹਾਜਰੀ ਅਤੇ ਦਵਾਈ ਦੀ ਜ਼ਿਆਦਾ ਖੁਰਾਕ ਨਾਲ ਸੰਬੰਧਤ ਸਨ।

## ਸ਼ਰਧਾਲੂਆਂ ਲਈ ਹੋਣਗੇ ‘ਹਾਈ-ਟੈਕ ਇੰਤਜਾਮ

ਪ੍ਰਯਾਗਰਾਜ 2 ਜਨਵਰੀ। ਸੰਗਮ ਕੰਢੇ ‘ਤੇ ਹਾਈ–ਟੈਕ ਹਾਊਸਬੋਟ ਅਤੇ ਆਧੁਨਿਕ ਆਈਸੋਲੇਟਡ ਚੇਂਜਿੰਗ ਰੂਮ ਮਹਾਕੁੰਭ ਦੌਰਾਨ ਸਰਧਾਲੂਆਂ ਨੂੰ ਵੱਡੀ ਰਾਹਤ ਪ੍ਰਦਾਨ ਕਰਨਗੇ। ਹਾਊਸਬੋਟ ਤੱਟ ਤੋਂ ਸੰਗਮ ਤੱਕ ਜਾਵੇਗੀ। ਜਿੱਥੇ ਸਰਧਾਲੂ ਕਿਸਤੀ ਦੇ ਅੰਦਰ ਬੰਦ ਥਾਂ ‘ਤੇ ਪੌੜੀ ਦੀ ਮਦਦ ਨਾਲ ਉਤਰ ਕੇ ਸੰਗਮ ‘ਚ ਇਸਨਾਨ ਕਰਨਗੇ। ਹਾਈਟੈਕ ਹਾਊਸਬੋਟ ਦੀ ਇਹ ਸਹੂਲਤ ਬੱਚਿਆਂ ਅਤੇ ਬਜੁਰਗਾਂ ਲਈ ਲਾਹੇਵੰਦ ਸਾਬਤ ਹੋਵੇਗੀ। ਤੁਹਾਨੂੰ ਦੱਸ ਦੇਈਏ ਕਿ ਸੰਗਮ ਦੇ ਕੰਢੇ ਸਰਧਾਲੂਆਂ ਲਈ ਵਿਸੇਸ ਹਾਊਸਬੋਟ ਦਾ ਪ੍ਰਬੰਧ ਮੇਲਾ ਪ੍ਰਸਾਸਨ ਨੇ ਕੀਤਾ ਹੈ। ਮੇਲਾ ਪ੍ਰਸਾਸਨ ਵੱਲੋਂ ਛੇ ਮੋਟਰ ਹਾਊਸਬੋਟਾਂ ਦਾ ਪ੍ਰਬੰਧ ਕੀਤਾ ਗਿਆ ਹੈ। ਜਿਸ ਵਿੱਚ ਕਈ ਤਰ੍ਹਾਂ ਦੀਆਂ ਆਧੁਨਿਕ ਸਹੂਲਤਾਂ ਹੋਣਗੀਆਂ। ਇਹ ਸਾਰੀਆਂ ਹਾਊਸਬੋਟਾਂ ਕਿਸੇ ਵੀ ਕੋਨੇ ਵਿੱਚ ਜਾ ਸਕਦੀਆਂ ਹਨ। ਇਸ ਦਾ ਮਤਲਬ ਹੈ ਕਿ ਸਰਧਾਲੂਆਂ ਨੂੰ ਘਾਟ ਦੇ ਪਾਸੇ ਤੋਂ ਬੈਠਣਾ ਹੋਵੇਗਾ, ਜਿਸ ਤੋਂ ਬਾਅਦ ਇਹ ਹਾਊਸਬੋਟ ਮੋਟਰ ਦੀ ਮਦਦ ਨਾਲ ਸੰਗਮ ਤੱਕ ਪਹੁੰਚੇਗੀ। ਸਰਧਾਲੂਆਂ ਨੂੰ ਹਾਈਟੈਕ ਹਾਊਸਬੋਟ ਵਿੱਚ ਸੋਫਾ ਸੈੱਟ ਅਤੇ ਚੇਂਜਿੰਗ ਰੂਮ ਵੀ ਮਿਲੇਗਾ। ਜਿਸ ਵਿੱਚ ਸਰਧਾਲੂ ਇਸਨਾਨ ਕਰਨ ਤੋਂ ਬਾਅਦ ਚੇਂਜਿੰਗ ਰੂਮ ਵਿੱਚ ਕੱਪੜੇ ਬਦਲ ਸਕਣਗੇ। ਹਾਊਸਬੋਟ ਦੇ ਮੈਨੇਜਰ ਹਰਸ ਅਗਰਵਾਲ ਦਾ ਕਹਿਣਾ ਹੈ ਕਿ ਫਿਲਹਾਲ ਹਾਊਸਬੋਟ ਦਾ ਰੇਟ ਤੈਅ ਨਹੀਂ ਕੀਤਾ ਗਿਆ ਹੈ ਪਰ ਉਨ੍ਹਾਂ ਸਰਧਾਲੂਆਂ ਦੀ ਵੱਧ ਤੋਂ ਵੱਧ ਮਦਦ ਕੀਤੀ ਜਾਵੇਗੀ ਜੋ ਦਰਿਆ ‘ਚ ਜਾਣ ਤੋਂ ਡਰਦੇ ਹਨ। ਉਹ ਸੁਰੱਖਿਅਤ ਬੈਠ ਕੇ ਸੰਗਮ ਵਿੱਚ ਇਸਨਾਨ ਕਰ ਸਕਦੇ ਹਨ। ਇਸ ਦੇ ਨਾਲ ਹੀ 144 ਆਈਸੋਲੇਟਿਡ ਚੇਂਜਿੰਗ ਰੂਮ ਵੀ ਤਿਆਰ ਕੀਤੇ ਗਏ ਹਨ। ਜਿਸ ਨੂੰ ਪਹਿਲੀ ਵਾਰ ਸੰਗਮ ਇਲਾਕੇ ਵਿੱਚ ਸਰਧਾਲੂਆਂ ਲਈ ਬਣਾਇਆ ਗਿਆ ਹੈ। ਇਹ ਚੇਂਜਿੰਗ ਰੂਮ ਅੰਦਰੋਂ ਗਰਮ ਹੋਣਗੇ ਅਤੇ ਸਰਧਾਲੂਆਂ ਨੂੰ ਵੱਡੀ ਰਾਹਤ ਪ੍ਰਦਾਨ ਕਰਨਗੇ। ਇਹ ਚੇਂਜਿੰਗ ਰੂਮ ਔਰਤਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਏ ਗਏ ਹਨ।

# ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ ਭਾਜਪਾ ਸਰਕਾਰ : ਅਖਿਲੇਸ਼

**ਏਜੰਸੀਆਂ**

ਲਖਨਊ 3 ਜਨਵਰੀ। ਸਮਾਜਵਾਦੀ ਪਾਰਟੀ (ਸਪਾ) ਦੇ ਪ੍ਰਧਾਨ ਅਖਿਲੇਸ ਯਾਦਵ ਨੇ ਦੋਸ ਲਾਇਆ ਕਿ ਭਾਜਪਾ ਸਰਕਾਰ ਕਿਸਾਨਾਂ ਦੀ ਲਗਾਤਾਰ ਅਣਦੇਖੀ ਕਰ ਰਹੀ ਹੈ ਅਤੇ ਸਮਾਜਵਾਦੀ ਸਰਕਾਰ ਦੌਰਾਨ ਕਿਸਾਨਾਂ ਦੇ ਹਿੱਤ ਵਿੱਚ ਕੀਤੇ ਗਏ ਕੰਮਾਂ ਨੂੰ ਰੋਕ ਦਿੱਤਾ ਹੈ। ਮੰਡੀਆਂ ਦਾ ਕੰਮ ਪੂਰਾ ਨਹੀਂ ਹੋਣ ਦਿੱਤਾ ਗਿਆ। ਕਿਸਾਨਾਂ ਨਾਲ ਸਬੰਧਤ ਸਕੀਮਾਂ ਲਈ ਕੋਈ ਬਜਟ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਸਮਾਜਵਾਦੀ ਸਰਕਾਰ ਐਕਸਪ੍ਰੈਸ ਵੇਅ ਦੇ ਨਾਲ–ਨਾਲ ਮੰਡੀਆਂ ਦਾ ਨਿਰਮਾਣ ਕਰ ਰਹੀ ਹੈ ਤਾਂ ਜੋ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦਾ ਚੰਗਾ ਭਾਅ ਮਿਲ ਸਕੇ ਪਰ ਭਾਜਪਾ ਸਰਕਾਰ ਨੇ ਬਦਨੀਤੀ ਕਾਰਨ ਇਹ ਕੰਮ ਪੂਰਾ ਨਹੀਂ ਹੋਣ ਦਿੱਤਾ। ਕਨੌਜ ਦੇ ਠਠੀਆ ਵਿੱਚ ਆਲੂ ਮੰਡੀ ਦਾ ਕੰਮ ਹੋਵੇ ਜਾਂ ਕਨੌਜ ਦੇ ਗਊ ਮਿਲਕ ਪਲਾਂਟ ਦਾ ਕੰਮ, ਭਾਜਪਾ ਨੇ ਆਪਣੀ ਨਕਾਰਾਤਮਕ ਕਾਰਜ ਪ੍ਰਣਾਲੀ ਨਾਲ ਵਿਕਾਸ ਕਾਰਜਾਂ ਵਿੱਚ ਰੁਕਾਵਟਾਂ ਖੜ੍ਹੀਆਂ ਕੀਤੀਆਂ ਹਨ। ਸ੍ਰੀ ਯਾਦਵ ਨੇ ਕਿਹਾ ਕਿ ਸਮਾਜਵਾਦੀ ਪਾਰਟੀ ਨੇ ਬਹੁਤ ਸੋਚ ਸਮਝ ਕੇ ਗਾਂ ਦੇ ਦੁੱਧ ਦਾ ਪਲਾਂਟ ਲਗਾਇਆ ਸੀ ਪਰ ਪਲਾਂਟ ਨਾ ਖੋਲ੍ਹ ਕੇ ਭਾਜਪਾ ਨੇ ਆਪਣੀ ਨਾਂਹ–ਪੱਖੀ ਰਾਜਨੀਤੀ ਦਾ ਪ੍ਰਗਟਾਵਾ ਕੀਤਾ ਹੈ। ਗਊ ਮਿਲਕ ਪਲਾਂਟ ਦੇ ਮੁਕੰਮਲ ਹੋਣ ਨਾਲ ਹਜਾਰਾਂ ਦੁੱਧ ਉਤਪਾਦਕਾਂ ਨੂੰ ਫਾਇਦਾ ਹੋਵੇਗਾ ਅਤੇ ਲੱਖਾਂ ਬੱਚਿਆਂ ਨੂੰ ਸਹੀ ਪੋਸਣ ਮਿਲੇਗਾ। ਸਮਾਜਵਾਦੀ ਸਰਕਾਰ ਵਿੱਚ ਗਊਆਂ ਦਾ ਸਤਿਕਾਰ ਕੀਤਾ ਜਾਂਦਾ



ਸੀ। ਭਾਜਪਾ ਸਰਕਾਰ ਵਿੱਚ ਗਊਆਂ ਦੀ ਦੁਰਦਸਾ ਹੈ। ਸਰਕਾਰੀ ਗਊਸਾਲਾ ਵਿੱਚ ਗਊਆਂ ਨੂੰ ਚਾਰਾ ਤੇ ਪਾਣੀ ਵੀ ਨਹੀਂ ਮਿਲ ਰਿਹਾ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਦੌਰਾਨ ਕਣਕ, ਝੋਨਾ, ਆਲੂ, ਗੰਨੇ ਸਮੇਤ ਸਾਰੀਆਂ ਫਸਲਾਂ ਦੇ ਕਿਸਾਨ ਅਣਗਹਿਲੀ ਦਾ ਸ਼ਿਕਾਰ ਹਨ। ਉਦਯੋਗਪਤੀਆਂ ਅਤੇ ਧੰਨਾ ਸੇਠੋ ਦੀ ਸਰਪ੍ਰਸਤੀ ਵਾਲੀ ਭਾਜਪਾ ਸਰਕਾਰ ਕਿਸਾਨਾਂ ਦੇ ਦਰਦ ਨੂੰ ਦੇਖ ਜਾਂ ਸੁਣ ਨਹੀਂ ਸਕਦੀ। ਹਾਲ ਹੀ ਵਿੱਚ ਸੂਬੇ ਵਿੱਚ ਕਣਕ, ਛੋਲੇ ਅਤੇ ਸਰੋਂ ਦੇ ਕਿਸਾਨਾਂ ਨੂੰ ਡੀਏਪੀ ਖਾਦ ਦੀ ਭਾਰੀ ਘਾਟ ਦਾ ਸਾਹਮਣਾ ਕਰਨਾ ਪਿਆ ਸੀ। ਕਈ ਜ਼ਿਲ੍ਹਿਆਂ ਵਿੱਚ ਕਿਸਾਨਾਂ ਨੂੰ ਡੀਏਪੀ ਖਾਦ ਲਈ ਕਾਫੀ ਜੱਦੋ–ਜਹਿਦ ਕਰਨੀ ਪਈ ਅਤੇ ਖਾਦ ਦੇ ਬਦਲੇ ਲਾਠੀਆਂ ਵੀ ਮਿਲੀਆਂ। ਸਪਾ ਪ੍ਰਧਾਨ ਨੇ ਕਿਹਾ ਕਿ ਕਿਸਾਨਾਂ ਨੂੰ ਕਣਕ ਦੀ ਫਸਲ ਲਈ ਯੂਰੀਆ ਦੀ ਲੋੜ ਹੈ, ਪਰ ਉਨ੍ਹਾਂ ਨੂੰ ਯੂਰੀਆ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸੇ ਤਰ੍ਹਾਂ ਗੰਨਾ ਕਾਸਤਕਾਰਾਂ ਨੂੰ ਵੀ ਮੁਸਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਦਿੱਲੀ ਦੀ ਪੇਪਰ ਰੋਲ ਫੈਕਟਰੀ ’ਚ ਲੱਗੀ ਭਿਆਨਕ ਅੱਗ

ਨਵੀਂ ਦਿੱਲੀ 3 ਜਨਵਰੀ। ਉੱਤਰੀ ਦਿੱਲੀ ਦੇ ਨੰਗਲੀ ਪੂਨਾ ਵਿਚ ‘ਪੇਪਰ ਰੋਲ’ ਫੈਕਟਰੀ ਵਿਚ ਅੱਗ ਲੱਗ ਜਾਣ ਦੀ ਸੂਚਨਾ ਮਿਲੀ ਹੈ। ਇਸ ਘਟਨਾ ਦੀ ਜਾਣਕਾਰੀ ਇਕ ਅਧਿਕਾਰੀ ਵਲੋਂ ਬੁੱਧਵਾਰ ਨੂੰ ਦਿੱਤੀ ਗਈ ਹੈ। ਇਸ ਮਾਮਲੇ ਦੇ ਸਬੰਧ ਵਿਚ ਦਿੱਲੀ ਫਾਇਰ ਸਰਵਿਸ (ਡੀ. ਐੱਫ. ਐੱਸ.) ਦੇ ਇਕ ਅਧਿਕਾਰੀ ਨੇ ਦੱਸਿਆ ਕਿ ਅੱਗ ਲੱਗਣ ਦੀ ਸੂਚਨਾ ਰਾਤ 11.49 ਵਜੇ ਦੇ ਕਰੀਬ ਮਿਲੀ ਹੈ। ਇਸ ਘਟਨਾ ਦੌਰਾਨ ਫਾਇਰ ਬ੍ਰਿਗੇਡ ਦੇ 10 ਵਾਹਨਾਂ ਨੂੰ ਮੌਕੇ ’ਤੇ ਭੇਜਿਆ ਗਿਆ ਹੈ।

## ਸੂਬੇ ‘ਚ 22 ਨਵੇਂ ਪਣ-ਬਿਜਲੀ ਪ੍ਰਾਜੈਕਟ ਹੋਣਗੇ ਸ਼ੁਰੂ, ਮੁੱਖ ਮੰਤਰੀ ਨੇ ਕੀਤਾ ਐਲਾਨ

ਸਿਮਲਾ 3 ਜਨਵਰੀ। ਹਿਮਾਚਲ ਪ੍ਰਦੇਸ ਸਰਕਾਰ ਨੇ ਸੂਬੇ ਨੂੰ ਊਰਜਾ ਉਤਪਾਦਨ ‘ਚ ਨਵੀਆਂ ਉਚਾਈਆਂ ‘ਤੇ ਲਿਜਾਣ ਦੀ ਦਿਸਾ ‘ਚ ਕਦਮ ਚੁੱਕੇ ਹਨ। ਮੁੱਖ ਮੰਤਰੀ ਸੁਖਵਿੰਦਰ ਸੁੱਖੂ ਨੇ ਐਲਾਨ ਕੀਤਾ ਹੈ ਕਿ ਸੂਬੇ ਵਿੱਚ 22 ਨਵੇਂ ਪਣ–ਬਿਜਲੀ ਪ੍ਰਾਜੈਕਟ ਅਲਾਟ ਕੀਤੇ ਜਾਣਗੇ। ਇਨ੍ਹਾਂ ਪ੍ਰਾਜੈਕਟਾਂ ਦੀ ਕੁੱਲ ਸਮਰੱਥਾ 828 ਮੈਗਾਵਾਟ ਹੋਵੇਗੀ, ਜਿਸ ਵਿੱਚ 6.5 ਮੈਗਾਵਾਟ ਤੋਂ 400 ਮੈਗਾਵਾਟ ਤੱਕ ਦੇ ਪ੍ਰਾਜੈਕਟ ਸਾਮਲ ਹਨ। ਇਨ੍ਹਾਂ ਪ੍ਰਾਜੈਕਟਾਂ ਵਿੱਚ ਸਭ ਤੋਂ ਵੱਧ ਹਿੱਸਾ ਚਨਾਬ ਦਰਿਆ ਬੇਸਿਨ ਦਾ ਹੈ, ਜਿੱਥੇ 595 ਮੈਗਾਵਾਟ ਦੇ 9 ਪ੍ਰਾਜੈਕਟ ਸਥਾਪਿਤ ਕੀਤੇ ਜਾਣਗੇ। ਇਸ ਤੋਂ ਇਲਾਵਾ ਸਤਲੁਜ ਦਰਿਆ ਬੇਸਿਨ ‘ਚ 169 ਮੈਗਾਵਾਟ ਦੇ 8, ਰਾਵੀ ਬੇਸਿਨ ਵਿੱਚ 55 ਮੈਗਾਵਾਟ ਦੇ 4 ਅਤੇ ਬਿਆਸ ਬੇਸਿਨ ਵਿੱਚ 9 ਮੈਗਾਵਾਟ ਦੇ ਪ੍ਰਾਜੈਕਟ ਪ੍ਰਸਤਾਵਿਤ ਹਨ। ਸਰਕਾਰ ਨੇ ਇਨ੍ਹਾਂ ਪ੍ਰਾਜੈਕਟਾਂ ਨੂੰ 40 ਸਾਲਾਂ ਲਈ 10 ਲੱਖ ਰੁਪਏ ਪ੍ਰਤੀ ਮੈਗਾਵਾਟ ਦੇ ਅਗਾਊਂ ਪ੍ਰੀਮੀਅਮ ਦੇ ਆਧਾਰ ‘ਤੇ ਦੇਸ ਦੇ ਹੋਰ ਰਾਜਾਂ ਅਤੇ ਕੇਂਦਰੀ ਅਦਾਰਿਆਂ ਨੂੰ ਅਲਾਟ ਕਰਨ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਪ੍ਰਾਜੈਕਟ ਨਾ ਸਿਰਫ ਸੂਬੇ ਵਿੱਚ ਬਿਜਲੀ ਉਤਪਾਦਨ ਵਿੱਚ ਵਾਧਾ ਕਰਨਗੇ, ਸਗੋਂ ਸਥਾਨਕ ਲੋਕਾਂ ਨੂੰ ਰੁਜਗਾਰ ਦੇ ਨਵੇਂ ਮੌਕੇ ਵੀ ਪ੍ਰਦਾਨ ਕਰਨਗੇ ਅਤੇ ਖੇਤਰੀ ਵਿਕਾਸ ਨੂੰ ਬੜ੍ਹਾਵਾ ਦੇਣਗੇ। ਪ੍ਰਾਜੈਕਟਾਂ ਦੇ ਸਫਲਤਾਪੂਰਵਕ ਲਾਗੂ ਹੋਣ ਨਾਲ, ਹਿਮਾਚਲ ਪ੍ਰਦੇਸ ਦੇਸ ਦੇ ਸਭ ਤੋਂ ਖੁਸਹਾਲ ਊਰਜਾ ਉਤਪਾਦਕ ਰਾਜਾਂ ਵਿੱਚੋਂ ਇੱਕ ਵਜੋਂ ਉਭਰੇਗਾ। ਇਸ ਦੇ ਲਈ ਊਰਜਾ ਡਾਇਰੈਕਟੋਰੇਟ ਨੇ ਦੇਸ ਭਰ ਵਿੱਚ ਪ੍ਰਚਾਰ ਮੁਹਿੰਮ ਸੂਰੂ ਕਰ ਦਿੱਤੀ ਹੈ ਅਤੇ ਸਾਰੇ ਰਾਜਾਂ ਦੇ ਸਕੱਤਰਾਂ ਨੂੰ ਪੱਤਰ ਭੇਜੇ ਗਏ ਹਨ।



# ਦਿੱਲੀ ਵਿਧਾਨ ਸਭਾ ਚੋਣਾਂ ‘ਚ ਬਸਪਾ ਸਾਰੀਆਂ 70 ਸੀਟਾਂ ‘ਤੇ ਲੜ ਸਕਦੀ ਚੋਣ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 3 ਜਨਵਰੀ। ਬਹੁਜਨ ਸਮਾਜ ਪਾਰਟੀ (ਬਸਪਾ) ਆਉਣ ਵਾਲੀਆਂ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਸਾਰੀਆਂ 70 ਸੀਟਾਂ ‘ਤੇ ਚੋਣ ਲੜ ਸਕਦੀ ਹੈ ਅਤੇ ਉਮੀਦਵਾਰਾਂ ਦੀ ਪਹਿਲੀ ਸੂਚੀ ਜਨਵਰੀ ਦੇ ਅੱਧ ਤੱਕ ਜਾਰੀ ਹੋਣ ਦੀ ਸੰਭਾਵਨਾ ਹੈ। ਪਾਰਟੀ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਸਹਿਰ ਨੂੰ ਪੰਜ ਜੋਨਾਂ ਵਿੱਚ ਵੰਡਿਆ ਗਿਆ ਹੈ ਅਤੇ ਸਾਰੇ ਜੋਨਾਂ ਵਿੱਚ ਉਮੀਦਵਾਰਾਂ ਦੇ ਨਾਵਾਂ ਨੂੰ ਅੰਤਿਮ ਰੂਪ ਦੇਣ ਦੀ ਪ੍ਰਕਿਰਿਆ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਫਰਵਰੀ ਵਿੱਚ ਹੋਣ ਵਾਲੀਆਂ ਦਿੱਲੀ ਵਿਧਾਨ ਸਭਾ ਚੋਣਾਂ ‘ਦਿਲਚਸਪ ਅਤੇ ਚੁਣੌਤੀਪੂਰਨ’ ਹਨ। ਅਧਿਕਾਰੀ ਨੇ ਦੱਸਿਆ ਕਿ ਉਮੀਦਵਾਰਾਂ ਦੀ ਚੋਣ ਦੀ ਪ੍ਰਕਿਰਿਆ ਦੀ ਨਿਗਰਾਨੀ ਲਈ ਹਰੇਕ ਜੋਨ ਵਿੱਚ ਕੋਆਰਡੀਨੇਟਰ ਨਿਯੁਕਤ ਕੀਤੇ ਗਏ ਹਨ। ਇਹ ਕੋਆਰਡੀਨੇਟਰ ਆਪਣੀਆਂ ਸਿਫਾਰਸਾਂ ਨੂੰ ਅੰਤਿਮ ਰੂਪ ਦੇ ਕੇ ਬਹਿਨਜੀ



(ਬਸਪਾ ਮੁਖੀ ਮਾਇਆਵਤੀ) ਕੋਲ ਭੇਜਣਗੇ। ਇਨ੍ਹਾਂ ਸਿਫਾਰਿਸਾਂ ਦੇ ਆਧਾਰ ‘ਤੇ ਉਮੀਦਵਾਰਾਂ ਬਾਰੇ ਅੰਤਿਮ ਫੈਸਲਾ ਲਿਆ ਜਾਵੇਗਾ। ਉਮੀਦਵਾਰਾਂ ਦੀ ਸੂਚੀ 15 ਜਨਵਰੀ ਤੱਕ ਤੈਅ ਹੋਣ ਦੀ ਉਮੀਦ ਹੈ। ਬਸਪਾ ਨੇ 2020 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਸਾਰੀਆਂ 70 ਸੀਟਾਂ ‘ਤੇ ਚੋਣ ਲੜੀ ਸੀ ਪਰ ਇਕ ਵੀ ਸੀਟ ਨਹੀਂ ਜਿੱਤ ਸਕੀ ਸੀ। ਦੂਜੇ ਪਾਸੇ ਬਸਪਾ ਨੂੰ 0.71 ਫੀਸਦੀ ਵੋਟਾਂ ਮਿਲੀਆਂ ਸਨ। ਪਾਰਟੀ ਨੇ 2015, 2013 ਅਤੇ 2008 ਵਿਚ ਰਾਜਧਾਨੀ ਦੀਆਂ ਸਾਰੀਆਂ 70 ਸੀਟਾਂ ‘ਤੇ ਚੋਣ ਵੀ ਲੜੀ ਸੀ। ਬਸਪਾ ਅਧਿਕਾਰੀ ਨੇ ਦੱਸਿਆ ਕਿ ਇਸ ਵੇਲੇ ਜਮੀਨੀ ਪੱਧਰ ‘ਤੇ ਛੋਟੀਆਂ–ਛੋਟੀਆਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ‘ਚ ਮੁੱਖ ਮੁੱਦਿਆਂ ਅਤੇ ਏਜੰਡਿਆਂ ‘ਤੇ ਚਰਚਾ ਕੀਤੀ ਜਾ ਰਹੀ ਹੈ ਅਤੇ ਇਨ੍ਹਾਂ ਵਿਚਾਰ–ਵਟਾਂਦਰੇ ਦੇ ਆਧਾਰ ‘ਤੇ ਉਮੀਦਵਾਰਾਂ ਦੀ ਚੋਣ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਚੋਣ ਪ੍ਰਚਾਰ 5 ਜਨਵਰੀ ਤੋਂ ਸੁਰੂ ਹੋਣ ਦੀ ਸੰਭਾਵਨਾ ਹੈ।

## ਲੋਕਾਂ ਦਾ ਧਿਆਨ ਭਟਕਾਉਣ ਲਈ ਰਾਖਵਾਂਕਰਨ ਦਾ ਮੁੱਦਾ ਚੁੱਕ ਰਹੀ ਅਬਦੁੱਲਾ ਸਰਕਾਰ

ਸ਼੍ਰੀਨਗਰ 3 ਜਨਵਰੀ। ਜੰਮੂ ਕਸ਼ਮੀਰ ‘ਚ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਦੋਸ਼ ਲਗਾਇਆ ਕਿ ਸੱਤਾਧਾਰੀ ਉਮਰ ਅਬਦੁੱਲਾ ਸਰਕਾਰ ਇੱਥੇ ਆਪਣੀਆਂ ਅਸਫਲਤਾਵਾਂ ਨੂੰ ਲੁਕਾਉਣ ਅਤੇ ਲੋਕਾਂ ਦਾ ਧਿਆਨ ਭਟਕਾਉਣ ਲਈ ਰਾਖਵਾਂਕਰਨ ਦਾ ਮੁੱਦਾ ਚੁੱਕ ਰਹੀ ਹੈ। ਭਾਜਪਾ ਬੁਲਾਰੇ ਅਲਤਾਫ ਠਾਕੁਰ ਨੇ ਬੁੱਧਵਾਰ ਨੂੰ ਸ਼੍ਰੀਨਗਰ ‘ਚ ਮੀਡੀਆ ਕਰਮੀਆਂ ਨੂੰ ਕਿਹਾ, ‘‘ਅਬਦੁੱਲਾ ਸਰਕਾਰ ਮੈਨੀਫੈਸਟੋ ‘ਚ ਕੀਤੇ ਗਏ ਆਪਣੇ



ਵਾਅਦਿਆਂ ਨੂੰ ਪੂਰਾ ਕਰਨ ‘ਚ ਹਰ ਮੋਰਚੇ ‘ਤੇ ਅਸਫਲ ਰਹੀ ਹੈ।‘‘ ਉਨ੍ਹਾਂ ਕਿਹਾ ਕਿ ਰਾਖਵਾਂਕਰਨ ਦਾ ਮੁੱਦਾ ਚੁੱਕ ਕੇ ਅਬਦੁੱਲਾ ਸਰਕਾਰ ਆਪਣੀਆਂ ਅਸਫਲਤਾਵਾਂ ਨੂੰ ਲੁਕਾਉਣ ਅਤੇ ਲੋਕਾਂ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਸ਼੍ਰੀ ਠਾਕੁਰ ਨੇ ਕਿਹਾ ਕਿ ਕੇਂਦਰ ਸ਼ਾਸਿਤ ਪ੍ਰਦੇਸ਼ ਦੀ ਸੱਤਾ ਸੰਭਾਲੇ ਹੋਏ ਅਬਦੁੱਲਾ ਸਰਕਾਰ ਨੂੰ ਲਗਭਗ 3 ਮਹੀਨੇ ਹੋ ਚੁੱਕੇ ਹਨ ਪਰ ਉਹ ਆਪਣੇ ਮੈਨੀਫੈਸਟੋ ‘ਚ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ‘ਚ ਅਸਫਲ ਰਹੀ ਹੈ, ਜਿਸ ‘ਚ 200 ਯੂਨਿਟ ਮੁਫਤ ਬਿਜਲੀ, 12 ਗੈਸ ਸਿਲੰਡਰ, 10 ਕਿਲੋ ਚੌਲ, ਇਕ ਲੱਖ ਨੌਕਰੀਆਂ ਅਤੇ ਜੰਮੂ ਕਸ਼ਮੀਰ ‘ਚ ਦਿਹਾੜੀ ਮਜਦੂਰਾਂ ਨੂੰ ਨਿਯਮਿਤ ਕਰਨਾ ਸ਼ਾਮਲ ਹੈ।

## ਡਿਜੀਟਲ ਮਹਾਕੁੰਭ ਲਈ ਭਾਰਤੀ ਰੇਲਵੇ ਦੀ ਵਿਲੱਖਣ ਪਹਿਲ

ਮਹਾਕੁੰਭ ਨਗਰ/ਲਖਨਊ, 3 ਜਨਵਰੀ। ਮਹਾਕੁੰਭ 2025 ਨੂੰ ਡਿਜੀਟਲ ਸਹੂਲਤਾਂ ਨਾਲ ਲੈਸ ਬਣਾਉਣ ਲਈ ਵਿਲੱਖਣ ਪਹਿਲ ਤਹਿਤ ਪ੍ਰਯਾਗਰਾਜ ਰੇਲਵੇ ਡਵੀਜਨ ਰੇਲ ਮੁਲਾਜਮਾਂ ਦੀ ਜੈਕੇਟ ’ਤੇ ਲੱਗੇ ਕਿਊ. ਆਰ. ਕੋਡ ਰਾਹੀਂ ਸ਼ਰਧਾਲੂਆਂ ਨੂੰ ਟਿਕਟ ਬੁੱਕ ਕਰਨ ਦੀ ਸਹੂਲਤ ਮੁਹੱਈਆ ਕਰਵਾਏਗੀ। ਇਸ ਪਹਿਲ ਨਾਲ ਸ਼ਰਧਾਲੂਆਂ ਨੂੰ ਟਿਕਟ ਲਈ ਲੰਮੀਆਂ ਲਾਈਨਾਂ ਵਿਚ ਖੜ੍ਹੇ ਨਹੀਂ ਹੋਣਾ ਪਵੇਗਾ ਅਤੇ ਰੇਲਵੇ ਪ੍ਰਸ਼ਾਸਨ ਨੂੰ ਵੀ ਟਿਕਟਾਂ ਮੁਹੱਈਆ ਕਰਵਾਉਣ ’ਚ ਆਸਾਨੀ ਹੋਵੇਗੀ। ਮਹਾਕੁੰਭ 2025 ਨੂੰ ਧਿਆਨ ਵਿਚ ਰੱਖਦੇ ਹੋਏ ਉੱਤਰ ਮੱਧ ਰੇਲਵੇ ਨੇ ਸ਼ਰਧਾਲੂਆਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਹਨ। ਰੇਲਵੇ ਦੇ ਵਣਜ ਵਿਭਾਗ ਦੇ ਮੁਲਾਜਮ ਪ੍ਰਯਾਗਰਾਜ ਜੰਕਸ਼ਨ ’ਤੇ ਹਰੇ ਰੰਗ ਦੀ ਜੈਕੇਟ ਪਾ ਕੇ ਵਿਸ਼ੇਸ਼ ਡਿਊਟੀ ’ਤੇ ਤਾਇਨਾਤ ਰਹਿਣਗੇ। ਇਸ ਜੈਕੇਟ ’ਤੇ ਇਕ ਕਿਊ. ਆਰ. ਕੋਡ ਬਣਿਆ ਹੋਵੇਗਾ

## ਏਅਰ ਮਾਰਸ਼ਲ ਮਿਸ਼ਰਾ ਨੇ ਭਾਰਤੀ ਫੌਜ ਦੀ ਪੱਛਮੀ ਕਮਾਨ ਦੇ ਮੁਖੀ ਵਜੋਂ ਸੰਭਾਲਿਆ ਅਹੁਦਾ

ਨਵੀਂ ਦਿੱਲੀ 3 ਜਨਵਰੀ। ਏਅਰ ਮਾਰਸ਼ਲ ਜਿਤੇਂਦਰ ਮਿਸ਼ਰਾ ਨੇ ਭਾਰਤੀ ਹਵਾਈ ਫੌਜ ਦੀ ਪੱਛਮੀ ਹਵਾਈ ਕਮਾਨ ਦੇ ਮੁਖੀ ਵਜੋਂ ਅਹੁਦਾ



ਸੰਭਾਲਿਆ। ਪੱਛਮੀ ਹਵਾਈ ਕਮਾਨ ਸੰਵੇਦਨਸ਼ੀਲ ਲੱਦਾਖ ਸੈਕਟਰ ਦੇ ਨਾਲ–ਨਾਲ ਉੱਤਰ ਭਾਰਤ ਦੇ ਕੁਝ ਹੋਰ ਹਿੱਸਿਆਂ ‘ਚ ਹਵਾਈ ਖੇਤਰ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸੰਭਾਲਦੀ ਹੈ। ਭਾਰਤੀ ਹਵਾਈ ਫੌਜ ਅਨੁਸਾਰ ਪ੍ਰਯੋਗਾਤਮਕ ਪ੍ਰੀਖਣ ਪਾਇਲਟ ਏਅਰ ਮਾਰਸ਼ਲ ਮਿਸ਼ਰਾ ਕੋਲ 3 ਘੰਟੇ ਤੋਂ ਵੱਧ ਉਡਾਣ ਦਾ ਅਨੁਭਵ ਹੈ। ਉਹ ਏਅਰ ਮਾਰਸ਼ਲ ਪੰਕਜ ਮੋਹਨ ਸਿਨਹਾ ਦਾ ਸਥਾਨ ਲੈਣਗੇ, ਜੋ 39 ਸਾਲਾਂ ਤੋਂ ਵੱਧ ਦੀ ਵਿਸ਼ੇਸ਼ ਸੇਵਾ ਤੋਂ ਬਾਅਦ ਸੇਵਾਮੁਕਤ ਹੋਏ ਸਨ। ਏਅਰ ਮਾਰਸ਼ਲ ਮਿਸ਼ਰਾ ਨੂੰ 6 ਦਸੰਬਰ 1986 ਨੂੰ ਭਾਰਤੀ ਹਵਾਈ ਫੌਜ (ਆਈਏਐੱਫ) ‘ਚ ਲੜਾਕੂ ਪਾਇਲਟ ਵਜੋਂ ਨਿਯੁਕਤ ਕੀਤਾ ਗਿਆ ਸੀ। ਉਹ ਰਾਸ਼ਟਰੀ ਰੱਖਿਆ ਅਕਾਦਮੀ, ਹਵਾਈ ਫੌਜ ਪ੍ਰੀਖਣ ਪਾਇਲਟ ਸਕੂਲ, ਬੈਂਗਲੁਰੂ, ‘ਏਅਰ ਕਮਾਂਡ ਐਂਡ ਸਟਾਫ ਕਾਲਜ’, ਅਮਰੀਕਾ ਅਤੇ ‘ਰਾਇਲ ਕਾਲਜ ਆਫ ਡਿਫੈਂਸ ਸਟਡੀਜ’, ਬ੍ਰਿਟੇਨ ਦੇ ਸਾਬਕਾ ਵਿਦਿਆਰਥੀ ਹਨ। ਆਪਣੇ 38 ਸਾਲਾਂ ਤੋਂ ਵੱਧ ਦੇ ਸੇਵਾ ਕਰੀਅਰ ‘ਚ, ਏਅਰ ਮਾਰਸ਼ਲ ਨੇ ਮਹੱਤਵਪੂਰਨ ਕਮਾਨ ਅਤੇ ਕਰਮੀਆਂ ਦੀਆਂ ਨਿਯੁਕਤੀਆਂ ਕੀਤੀਆਂ ਹਨ। ਆਪਣੀ ਨਵੀਂ ਨਿਯੁਕਤੀ ਤੋਂ ਪਹਿਲੇ ਉਹ ਏਕੀਕ੍ਰਿਤ ਰੱਖਿਆ ਸਟਾਫ (ਸੰਚਾਲਨ) ਦੇ ਡਿਪਟੀ ਚੀਫ ਸਨ। ਹਵਾਈ ਫੌਜ ਅਧਿਕਾਰੀ ਮਿਸ਼ਰਾ ਨੂੰ ਬੇਹੱਦ ਵਿਸ਼ੇਸ਼ ਸੇਵਾ ਮੈਡਲ ਅਤੇ ਵਿਸ਼ੇਸ਼ ਸੇਵਾ ਮੈਡਲ ਨਾਲ ਸਨਮਾਨਤ ਕੀਤਾ ਜਾ ਚੁੱਕਿਆ ਹੈ।

# ਕਿਸਾਨੀ ਸੰਘਰਸ਼ ਵਿਚਾਲੇ ਸੰਯੁਕਤ ਕਿਸਾਨ ਮੋਰਚਾ ਨੂੰ ਲੈ ਕੇ ਗੁਰਨਾਮ ਸਿੰਘ ਚੜੂਨੀ ਦਾ ਵੱਡਾ ਬਿਆਨ

**ਤੇਜਿੰਦਰ ਕੌਰ ਬੱਬਰ**

ਜਲੰਧਰ 2 ਜਨਵਰੀ। ਕਿਸਾਨੀ ਸੰਘਰਸ਼ ਵਿਚਾਲੇ ਸੰਯੁਕਤ ਕਿਸਾਨ ਮੋਰਚਾ ਦੇ ਆਗੂ ਗੁਰਨਾਮ ਸਿੰਘ ਚੜੂਨੀ ਦਾ ਵੱਡਾ ਬਿਆਨ ਦਿੰਦੇ ਹੋਏ ਡੱਲੇਵਾਲ ਅਤੇ ਪੰਧੇਰ ‘ਤੇ ਸਵਾਲ ਚੁੱਕੇ ਹਨ। ਗੁਰਨਾਮ ਸਿੰਘ ਚੜੂਨੀ ਨੇ ਵੱਡਾ ਬਿਆਨ ਦਿੰਦੇ ਹੋਏ ਕਿਹਾ ਕਿ ਜੇਕਰ ਐੱਸ. ਕੇ. ਐੱਮ. ਦੋ ਫਾੜ ਹੋਇਆ ਹੈ ਤਾਂ ਉਸ ਦੀ ਵਜ੍ਹਾ ਜਗਜੀਤ ਸਿੰਘ ਡੱਲੇਵਾਲ ਹਨ। ਐੱਸ. ਕੇ. ਐੱਮ. ਨੂੰ ਦੋ ਫਾੜ ਕਰਨ ਵਾਲੇ ਡੱਲੇਵਾਲ ਹੀ ਹਨ। ਨਿੱਜੀ ਚੈਨਲ ਨਾਲ ਗੱਲਬਾਤ ਕਰਦੇ ਹੋਏ ਚੜੂਨੀ ਨੇ ਕਿਹਾ ਕਿ ਮੈਂ ਖਨੌਰੀ ਬਾਰਡਰ ‘ਤੇ ਹਮਾਇਤ ਦੇਣ ਲਈ ਗਿਆ ਪਰ ਡੱਲੇਵਾਲ ਅਤੇ ਸਰਵਣ ਸਿੰਘ ਪੰਧੇਰ ਮੇਰਾ ਸਮਰਥਨ ਲੈਣ ਦੇ ਮੂਡ ਵਿਚ ਨਹੀਂ ਹਨ। ਜ਼ਿਕਰਯੋਗ ਹੈ ਕਿ ਸੰਯੁਕਤ ਕਿਸਾਨ ਮੋਰਚੇ ਨੇ ਸੁਪਰੀਮ ਕੋਰਟ ਵੱਲੋਂ ਗਠਿਤ ਹਾਈ ਪਾਵਰ ਕਮੇਟੀ (ਐੱਚ. ਪੀ. ਸੀ) ਰਾਹੀਂ ਚਰਚਾ ਵਿੱਚ ਸਾਮਲ ਹੋਣ ਦੇ ਸੱਦੇ ਨੂੰ ਸਵੀਕਾਰ ਕਰਨ ਵਿੱਚ ਅਸਮਰੱਥਾ ਪ੍ਰਗਟਾਈ ਹੈ। ਇਹ ਜਾਣਕਾਰੀ ਮੋਰਚੇ ਦੇ ਮੀਡੀਆ ਸੈਲ ਨੇ ਦਿੱਤੀ ਹੈ। ਸੁਪਰੀਮ ਕੋਰਟ ਵੱਲੋਂ ਗਠਿਤ ਹਾਈ ਪਾਵਰਡ ਕਮੇਟੀ (ਐੱਚ. ਪੀ. ਸੀ) ਨੇ ਕਿਸਾਨਾਂ ਦੇ ਮੁੱਦਿਆਂ ‘ਤੇ ਚਰਚਾ ਕਰਨ ਲਈ 3 ਜਨਵਰੀ 2025 ਨੂੰ ਹੋਣ ਵਾਲੀ ਮੀਟਿੰਗ ਵਿੱਚ ਸਾਮਲ ਹੋਣ ਲਈ ਸੰਯੁਕਤ ਕਿਸਾਨ ਮੋਰਚੇ ਨੂੰ



ਸੱਦਾ ਦਿੱਤਾ ਹੈ। ਸੁਪਰੀਮ ਕੋਰਟ ਨੇ ਕਿਸਾਨ ਅੰਦੋਲਨ ਕਾਰਨ ਪੰਜਾਬ ਦੇ ਸੰਭੂ ਅਤੇ ਖਨੌਰੀ ਸਰਹੱਦਾਂ ‘ਤੇ ਬੈਰੀਕੇਡ ਦੇ ਸੰਦਰਭ ਵਿੱਚ (ਐੱਚ. ਪੀ. ਸੀ) ਦਾ ਗਠਨ ਕੀਤਾ ਸੀ ਪਰ ਐੱਸ. ਕੇ. ਐੱਮ ਉਸ ਅੰਦੋਲਨ ਦਾ ਹਿੱਸਾ ਨਹੀਂ ਹੈ। ਦੱਸ ਦਈਏ ਕਿ ਕਿਸਾਨੀ ਮੰਗਾਂ ਨੂੰ ਲੈ ਕੇ ਖਨੌਰੀ ਅਤੇ ਸੰਭੂ ਬਾਰਡਰ ‘ਤੇ ਕਿਸਾਨਾਂ ਦਾ ਸੰਘਰਸ ਚੱਲ ਰਿਹਾ ਹੈ। ਫਸਲਾਂ ਦੇ ਘੱਟੋ–ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਸਮੇਤ 13 ਮੰਗਾਂ ਨੂੰ ਲੈ ਕੇ ਪਿਛਲੇ ਸਾਲ ਫਰਵਰੀ ਤੋਂ ਸੰਭੂ ਅਤੇ ਖਨੌਰੀ ਸਰਹੱਦ ‘ਤੇ ਕਿਸਾਨ ਅੰਦੋਲਨ ਚੱਲ ਰਿਹਾ ਹੈ। ਖਨੌਰੀ ਸਰਹੱਦ ਵਿਖੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਅੱਜ (ਬੁੱਧਵਾਰ) 37ਵੇਂ ਦਿਨ ‘ਚ ਦਾਖਲ ਹੋ ਗਿਆ ਹੈ। ਹੁਣ ਖਨੌਰੀ ਸਰਹੱਦ ਸੰਘਰਸ ਦਾ ਕੇਂਦਰ ਬਿੰਦੂ ਬਣ ਗਈ ਹੈ। ਇੱਥੇ ਹਰ ਰੋਜ ਵੱਡੀ ਗਿਣਤੀ ‘ਚ ਲੋਕ ਪਹੁੰਚ ਰਹੇ ਹਨ। ਹਾਲਾਂਕਿ ਮਰਨ ਵਰਤ ‘ਤੇ ਬੈਠੇ ਡੱਲੇਵਾਲ ਦੀ ਹਾਲਤ ਕਾਫੀ ਗੰਭੀਰ ਬਣੀ ਹੋਈ ਹੈ। ਦੱਸਣਯੋਗ ਹੈ ਕਿ 4 ਜਨਵਰੀ ਨੂੰ ਖਨੌਰੀ ਮੋਰਚੇ ‘ਚ ਕਿਸਾਨਾਂ ਦੀ ਤਰਫੋਂ ਮੋਗਾ ਵਿਖੇ ਮਹਾਂਪੰਚਾਇਤ ਕੀਤੀ ਜਾਵੇਗੀ। ਕਿਸਾਨ ਆਗੂਆਂ ਨੇ ਕਿਹਾ ਕਿ ਜਗਜੀਤ ਸਿੰਘ ਡੱਲੇਵਾਲ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੇ 44 ਸਾਲ ਕਿਸਾਨ ਵਰਗ ਦੀ ਸੇਵਾ ਕੀਤੀ ਹੈ। ਉਹ ਮਹਾਂਪੰਚਾਇਤ ਦੌਰਾਨ ਇਨ੍ਹਾਂ ਸਾਰਿਆਂ ਨੂੰ ਮਿਲਣਾ ਚਾਹੁੰਦੇ ਹਨ। ਇਸ ਦੌਰਾਨ ਡੱਲੇਵਾਲ ਲੋਕਾਂ ਨੂੰ ਸੰਦੇਸ ਜਾਰੀ ਕਰਨਗੇ। ਮੀਟਿੰਗ ਲਈ ਸਾਰੀਆਂ ਜਥੇਬੰਦਿਆਂ ਦੇ ਕਿਸਾਨਾਂ ਨੂੰ ਬੁਲਾਇਆ ਗਿਆ ਹੈ। ਮੀਟਿੰਗ 3 ਜਨਵਰੀ ਨੂੰ ਸਵੇਰੇ 11 ਵਜੇ ਪੰਚਕੂਲਾ ਵਿੱਚ ਪੀ. ਡਬਲਿਊ. ਡੀ. ਰੈਸਟ ਹਾਊਸ ਵਿਖੇ ਰੱਖੀ ਗਈ ਹੈ। ਕਮੇਟੀ ਕਿਸਾਨਾਂ ਦੇ ਮਸਲਿਆਂ ‘ਤੇ ਵਿਸਥਾਰ ਨਾਲ ਚਰਚਾ ਕਰਕੇ ਰਣਨੀਤੀ ਤਿਆਰ ਕਰੇਗੀ। ਇਸ ਤੋਂ ਪਹਿਲਾਂ ਵੀ ਕਮੇਟੀ ਕਿਸਾਨਾਂ ਅਤੇ ਪ੍ਰਸਾਸਨਿਕ ਅਧਿਕਾਰੀਆਂ ਨਾਲ ਮੀਟਿੰਗਾਂ ਕਰ ਚੁੱਕੀ ਹੈ ਪਰ ਗੈਰ–ਸਿਆਸੀ ਸੰਯੁਕਤ ਕਿਸਾਨ ਮੋਰਚਾ ਦੇ ਸੀਨੀਅਰ ਆਗੂ ਇਸ ਕਮੇਟੀ ਅੱਗੇ ਪੇਸ ਨਹੀਂ ਹੋਏ। ਉਨ੍ਹਾਂ ਨੇ ਪੱਤਰ ਲਿਖ ਕੇ ਕਮੇਟੀ ਨੂੰ ਵੀ ਭੇਜਿਆ ਹੈ। ਕਿਸਾਨਾਂ ਦੇ ਲਈ ਗਠਿਤ ਕਮੇਟੀ ਸੁਪਰੀਮ ਕੋਰਟ ਵੱਲੋਂ ਸਾਬਕਾ ਜੱਜ ਨਵਾਬ ਸਿੰਘ ਦੀ ਅਗਵਾਈ ਹੇਠ ਬਣਾਈ ਗਈ ਹੈ। ਕਮੇਟੀ ਦੀ ਤਰਫੋਂ ਸੁਪਰੀਮ ਕੋਰਟ ਨੇ ਦਸੰਬਰ ਵਿੱਚ ਅੰਤ੍ਰਿਮ ਰਿਪੋਰਟ ਸੁਪਰੀਮ ਕੋਰਟ ਨੂੰ ਸੌਂਪੀ ਸੀ। ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਅੰਦੋਲਨਕਾਰੀ ਕਿਸਾਨ ਗੱਲਬਾਤ ਲਈ ਨਹੀਂ ਆ ਰਹੇ ਹਨ। ਕਿਸਾਨਾਂ ਤੋਂ ਉਨ੍ਹਾਂ ਦੀ ਸਹੂਲਤ ਅਨੁਸਾਰ ਮਿਤੀ ਅਤੇ ਸਮਾਂ ਵੀ ਮੰਗਿਆ ਗਿਆ।

# ਹਨ੍ਹੇਰੀ ਨਾਲ ਡਿੱਗਿਆ ਪਾਰਾ: ਜਾਰੀ ਰਹੇਗਾ 'ਯੈਲੋ ਅਲਰਟ'

ਜਲੰਧਰ 3 ਜਨਵਰੀ। ਮਹਾਨਗਰ ਜਲੰਧਰ ਦੇ ਪਾਰੇ (ਤਾਪਮਾਨ) ਵਿਚ ਬੀਤੇ ਦਿਨ 2 ਡਿਗਰੀ ਦੇ ਲਗਭਗ ਗਿਰਾਵਟ ਦਰਜ ਹੋਈ, ਜਿਸ ਨਾਲ ਸ਼ਹਿਰ ਵਾਸੀਆਂ ਨੇ ਕੁਝ ਸੁੱਖ ਦਾ ਸਾਹ ਲਿਆ। ਬੀਤੀ ਸ਼ਾਮੀਂ ਚੱਲੀ ਹਨ੍ਹੇਰੀ ਕਾਰਨ ਮੌਸਮ ਵਿਚ ਬਦਲਾਅ ਹੋਇਆ। ਇਸੇ ਸਿਲਸਿਲੇ ਵਿਚ ਅਗਲੇ ਕੁਝ ਦਿਨਾਂ ਤਕ ਯੈਲੋ ਅਲਰਟ ਜਾਰੀ ਰਹੇਗਾ ਅਤੇ ਮੀਂਹ ਪੈਣ ਦੀ ਸੰਭਾਵਨਾ ਪ੍ਰਗਟਾਈ ਗਈ ਹੈ। ਮੌਸਮ ਵਿਭਾਗ ਦੇ ਅੰਕੜਿਆਂ ਮੁਤਾਬਕ ਆਉਣ ਵਾਲੇ ਦਿਨਾਂ ਤੋਂ ਗਰਮੀ ਤੋਂ ਰਾਹਤ ਮਿਲਣ ਦੀ ਉਮੀਦ ਹੈ। ਅੱਜ ਸ਼ਾਮੀਂ ਹਨੇਰੀ ਦਾ ਕਹਿਰ ਦੇਖਣ ਨੂੰ ਮਿਲਿਆ। ਕਈ ਥਾਵਾਂ 'ਤੇ ਸੜਕਾਂ 'ਤੇ ਲੱਗੇ ਬੋਰਡ ਆਦਿ ਫਟ ਗਏ ਅਤੇ ਤਰਪਾਲਾਂ ਆਦਿ ਉੱਡਦੀਆਂ ਦੇਖੀਆਂ ਗਈਆਂ। ਇਸ ਕਾਰਨ ਵੱਖ-ਵੱਖ ਥਾਵਾਂ 'ਤੇ ਦਰੱਖਤ ਆਦਿ ਉਖੜਨ ਨਾਲ ਵੀ ਨੁਕਸਾਨ ਹੋਣ ਸਬੰਧੀ ਦੱਸਿਆ ਗਿਆ ਹੈ। ਦੇਰ ਰਾਤ ਮੀਂਹ ਪੈਣ ਦੀ ਸੰਭਾਵਨਾ ਬਣੀ ਹੋਈ ਹੈ। ਵੋਟਿੰਗ ਕਾਰਨ ਦਿਨ ਭਰ ਸੜਕਾਂ 'ਤੇ ਸੰਨਾਟਾ ਪਸਰਿਆ ਰਿਹਾ ਸੀ ਅਤੇ ਵਾਹਨਾਂ ਦੀ ਆਵਾਜਾਈ ਦੀ ਬਹੁਤ ਘੱਟ ਵਿਖਾਈ ਦਿੱਤੀ। ਲੋਕ ਘਰਾਂ ਵਿਚ ਵੜੇ ਰਹੇ, ਜਿਸ ਕਾਰਨ ਵੋਟਿੰਗ ਫੀਸਦੀ ਵਿਚ ਵੀ ਕਮੀ ਵੇਖਣ ਨੂੰ ਮਿਲੀ। ਬੀਤੇ ਦਿਨ ਮਹਾਨਗਰ ਜਲੰਧਰ ਦਾ ਵੱਧ ਤੋਂ ਵੱਧ ਤਾਪਮਾਨ 43.3 ਡਿਗਰੀ ਦਰਜ ਕੀਤਾ ਗਿਆ, ਜਦਕਿ ਬੀਤੀ ਰਾਤ ਇਹ 45.4 ਡਿਗਰੀ ਤਕ ਪਹੁੰਚ ਗਿਆ ਸੀ। ਇਸ ਕਾਰਨ ਤਾਪਮਾਨ ਵਿਚ 2.1 ਡਿਗਰੀ ਦੀ ਗਿਰਾਵਟ ਨੇ ਭਿਆਨਕ ਗਰਮੀ ਤੋਂ ਰਾਹਤ ਦਿਵਾਉਣ ਦਾ ਕੰਮ ਕੀਤਾ ਹੈ। ਬੀਤੇ ਦਿਨੀਂ ਮਹਾਨਗਰ ਦਾ ਘੱਟ ਤੋਂ ਘੱਟ ਤਾਪਮਾਨ 23.8




ਡਿਗਰੀ ਸੀ, ਜਦਕਿ ਸ਼ਨੀਵਾਰ 26.6 ਡਿਗਰੀ ਨਾਲ ਘੱਟ ਤੋਂ ਘੱਟ ਤਾਪਮਾਨ ਵਿਚ 2.8 ਦਾ ਵਾਧਾ ਵੇਖਣ ਨੂੰ ਮਿਲਿਆ। ਵੱਧ ਤੋਂ ਵੱਧ ਤਾਪਮਾਨ ਵਿਚ ਗਿਰਾਵਟ ਅਤੇ ਘੱਟ ਤੋਂ ਘੱਟ ਤਾਪਮਾਨ ਵਿਚ ਵਾਧਾ ਹੋਣ ਕਾਰਨ ਰਾਤ ਨੂੰ ਜ਼ਿਆਦਾ ਰਾਹਤ ਨਹੀਂ ਮਿਲੇਗੀ। ਮੌਸਮ ਵਿਗਿਆਨ ਵਿਭਾਗ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਸੂਬੇ ਵਿਚ ਵੱਧ ਤੋਂ ਵੱਧ ਤਾਪਮਾਨ 46.7 ਡਿਗਰੀ ਰਿਕਾਰਡ ਹੋਇਆ, ਜੋਕਿ ਜਲੰਧਰ ਦੇ ਤਾਪਮਾਨ ਤੋਂ 3.4 ਡਿਗਰੀ ਜ਼ਿਆਦਾ ਰਿਕਾਰਡ ਹੋਇਆ ਹੈ। ਗਰਮੀ ਦਾ ਅਸਰ ਸਾਫ ਤੌਰ 'ਤੇ ਦੇਖਣ ਨੂੰ ਮਿਲ ਰਿਹਾ ਹੈ ਅਤੇ ਲੋਕ ਘਰਾਂ ਵਿਚੋਂ ਬਾਹਰ ਨਿਕਲਣ ਤੋਂ ਗੁਰੇਜ ਕਰ ਰਹੇ ਹਨ, ਜਿਸ ਕਾਰਨ ਵਪਾਰ ਪ੍ਰਭਾਵਿਤ ਹੋ ਰਿਹਾ ਹੈ। ਅੱਜ ਵੋਟਿੰਗ ਕਾਰਨ ਸ਼ਹਿਰ ਵਿਚ ਸਿਰਫ 5-10 ਫੀਸਦੀ ਦੁਕਾਨਾਂ ਖੁੱਲ੍ਹੀਆਂ, ਜਦਕਿ ਸ਼ਨੀਵਾਰ ਹੋਣ ਕਾਰਨ ਬਾਜਾਰਾਂ ਵਿਚ ਚਹਿਲ-ਪਹਿਲ ਦਿੱਸਣ ਦੀ ਉਮੀਦ ਸੀ। ਮੁਹੱਲਿਆਂ ਵਿਚ ਪੋਲਿੰਗ ਬੂਥਾਂ ਨੇੜੇ ਵੀ ਜ਼ਿਆਦਾ ਭੀੜ ਨਹੀਂ ਵਿਖਾਈ ਦਿੱਤੀ। ਇਸ ਤੋਂ ਸਾਫ ਸਾਬਤ ਹੋ ਰਿਹਾ ਹੈ ਕਿ ਗਰਮੀ ਨੇ ਲੋਕਾਂ ਨੂੰ ਜਕੜ ਲਿਆ ਹੈ। ਗਰਮੀ ਦੇ ਬੁਰੇ ਪ੍ਰਭਾਵ ਲਗਾਤਾਰ ਵਧਦੇ ਜਾ ਰਹੇ ਹਨ। ਅੱਜ ਦੁਪਹਿਰ ਸਮੇਂ ਗਰਮੀ ਦੇ ਵਿਚਕਾਰ ਇਕ ਵਿਅਕਤੀ ਦੋਮੋਰੀਆ ਪੁਲ ਨੇੜੇ ਬੇਹੋਸ਼ ਹੋ ਕੇ ਡਿੱਗ ਗਿਆ। ਸਾਈਕਲ 'ਤੇ ਜਾ ਰਹੇ ਉਕਤ ਵਿਅਕਤੀ ਨੂੰ ਇਕ ਕਾਰ ਵਾਲੇ ਨੇ ਰੁਕ ਕੇ ਪਾਣੀ ਪਿਆਇਆ ਅਤੇ ਚਿਹਰੇ 'ਤੇ ਪਾਣੀ ਪਾਇਆ, ਜਿਸ ਤੋਂ ਬਾਅਦ ਉਕਤ ਵਿਅਕਤੀ ਨੂੰ ਹੋਸ਼ ਆਈ। ਪਿਛਲੇ ਕੁਝ ਦਿਨਾਂ ਦੌਰਾਨ ਜਲੰਧਰ ਵਿਚ ਅਜਿਹੇ ਕਈ ਕੇਸ ਸਾਹਮਣੇ ਆਏ ਹਨ, ਜਿਨ੍ਹਾਂ ਵਿਚ ਰਸਤੇ 'ਤੇ ਲੋਕ ਬੇਹੋਸ਼ ਹੁੰਦੇ ਦੇਖੇ ਗਏ। ਇਸ ਸਿਲਸਿਲੇ ਵਿਚ ਬੀਤੇ ਦਿਨੀਂ ਸਿਟੀ ਰੇਲਵੇ ਸਟੇਸ਼ਨ 'ਤੇ ਇਕ ਵਿਅਕਤੀ ਬੇਹੋਸ਼ ਹੋਇਆ ਸੀ, ਜਿਸ ਨੇ ਹਸਪਤਾਲ 'ਚ ਦਮ ਤੋੜ ਦਿੱਤਾ ਸੀ। ਇਸ ਸੀਜਨ ਦੌਰਾਨ ਗਰਮੀ ਦਾ ਪ੍ਰਭਾਵ ਪਿਛਲੇ ਸਾਲਾਂ ਤੋਂ ਜ਼ਿਆਦਾ ਵਿਖਾਈ ਦਿੱਤਾ ਹੈ।

## ਸੜਕ ਕਿਨਾਰੇ ਸੌਂ ਰਹੇ ਲੋਕਾਂ 'ਤੇ ਪਲਟਿਆ ਟਰੱਕ, ਚਾਰ ਬੱਚਿਆਂ ਸਮੇਤ 8 ਦੀ ਮੌਤ

ਹਰਦੋਈ 3 ਜਨਵਰੀ। ਉੱਤਰ ਪ੍ਰਦੇਸ਼ ਦੇ ਹਰਦੋਈ ਜ਼ਿਲ੍ਹੇ 'ਚ ਗੰਗਾ ਨਦੀ ਤੋਂ ਰੇਤ ਭਰ ਕੇ ਲਿਆ ਰਿਹਾ ਇਕ ਟਰੱਕ ਬੁੱਧਵਾਰ ਸਵੇਰੇ ਬੇਕਾਬੂ ਹੋ ਕੇ ਸੜਕ ਕਿਨਾਰੇ ਬਣੀਆਂ ਝੌਂਪੜੀਆਂ ਦੇ ਬਾਹਰ ਸੌਂ ਰਹੇ ਲੋਕਾਂ 'ਤੇ ਪਲਟ ਗਿਆ, ਜਿਸ ਨਾਲ ਚਾਰ ਬੱਚਿਆਂ ਸਮੇਤ 8 ਲੋਕਾਂ ਦੀ ਦੱਬ ਕੇ ਮੌਤ ਹੋ ਗਈ। ਪੁਲਸ ਦੇ ਇਕ ਸੀਨੀਅਰ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਪੁਲਸ ਸੁਪਰਡੈਂਟ ਕੇਸ਼ਵ ਚੰਦਰ ਗੋਸਵਾਮੀ ਨੇ ਦੱਸਿਆ ਕਿ ਮਲਾਵਾ ਥਾਣਾ ਖੇਤਰ ਦੇ ਅਧੀਨ ਕਾਨਪੁਰ-ਉਨਾਵ ਮਾਰਗ 'ਤੇ ਰੇਤ ਨਾਲ ਭਰਿਆ ਇਕ ਟਰੱਕ ਬੇਕਾਬੂ ਹੋ ਕੇ ਸੜਕ ਕਿਨਾਰੇ ਝੌਂਪੜੀਆਂ ਦੇ ਬਾਹਰ ਸੌਂ ਰਹੇ ਇਕ ਹੀ ਪਰਿਵਾਰ ਦੇ ਲੋਕਾਂ 'ਤੇ ਪਲਟ ਗਿਆ। ਇਹ ਪਰਿਵਾਰ ਕਲਾ ਬਾਜ ਜਾਤੀ ਨਾਲ ਤਾਲੁਕ ਰੱਖਦਾ ਹੈ। ਅਧਿਕਾਰੀ ਨੇ ਦੱਸਿਆ ਕਿ ਹਾਦਸੇ 'ਚ 4 ਬੱਚੇ ਅਤੇ 2 ਔਰਤਾਂ ਸਮੇਤ 8 ਲੋਕਾਂ ਦੀ ਹਾਦਸੇ ਵਾਲੀ ਜਗ੍ਹਾ ਹੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਦੇ ਹੀ ਮੌਕੇ 'ਤੇ ਪਹੁੰਚੀ ਪੁਲਸ



ਨੇ ਜੇ.ਸੀ.ਬੀ. ਦੀ ਮਦਦ ਨਾਲ ਟਰੱਕ ਅਤੇ ਰੇਤ ਨੂੰ ਹਟਵਾਇਆ ਅਤੇ ਉਸ ਦੇ ਹੇਠਾਂ ਦੱਬੀਆਂ ਲਾਸ਼ਾਂ ਨੂੰ ਬਾਹਰ ਕੱਢਿਆ। ਗੋਸਵਾਮੀ ਨੇ ਦੱਸਿਆ ਕਿ ਹਾਦਸੇ 'ਚ ਅਵਧੇਸ਼ (40), ਸੁਧਾ (35), ਲਾਲਾ (5) ਸੁਨੈਨਾ (11), ਬੁੱਧੂ (4), ਹੀਰੋ (25), ਕਰਨ (30) ਅਤੇ ਬਿਹਾਰੀ (2) ਦੀ ਹਾਦਸੇ ਵਾਲੀ ਜਗ੍ਹਾ ਹੀ ਦੱਬ ਕੇ ਮੌਤ ਹੋ ਗਈ, ਜਦੋਂ ਕਿ ਚਾਰ ਸਾਲ ਦੀ ਇਕ ਬੱਚੀ ਬਿੱਟੂ ਜਖਮੀ ਹੋ ਗਈ, ਜਿਸ ਦਾ ਇਲਾਜ ਹਸਪਤਾਲ 'ਚ ਕੀਤਾ ਜਾ ਰਿਹਾ ਹੈ। ਪੁਲਸ ਅਨੁਸਾਰ ਹਾਦਸੇ ਦੀ ਜਾਣਕਾਰੀ ਮਿਲਦੇ ਹੀ ਪੁਲਸ ਸੁਪਰਡੈਂਟ ਅਤੇ ਜ਼ਿਲ੍ਹਾ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਤੁਰੰਤ ਰਾਹਤ ਕੰਮ ਸ਼ੁਰੂ ਕਰਵਾਇਆ। ਜਿਸ ਕਾਰਨ ਇਕ ਬੱਚੀ ਅਤੇ ਬੰਦਰ ਨੂੰ ਬਚਾ ਲਿਆ ਗਿਆ। ਪੁਲਸ ਨੇ ਟਰੱਕ ਚਾਲਕ ਅਵਧੇਸ਼ ਨੂੰ ਗ੍ਰਿਫਤਾਰ ਕਰ ਕੇ ਵਾਹਨ ਨੂੰ ਕਬਜੇ 'ਚ ਲੈ ਲਿਆ। ਪੁਲਸ ਅਨੁਸਾਰ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ।

## ਮੁਕੇਰੀਆਂ 'ਚ ਦਿਲ ਦਹਿਲਾ ਦੇਣ ਵਾਲੀ ਘਟਨਾ, ਪਿਤਾ ਦੇ ਭੋਗ ਤੋਂ ਬਾਅਦ ਪੁੱਤਰ ਦੀ ਹੋ ਗਈ ਮੌਤ

ਮੁਕੇਰੀਆਂ 3 ਜਨਵਰੀ। ਮੁਕੇਰੀਆਂ ਦੇ ਮੁਹੱਲਾ ਰਿਖੀਪੁਰ 'ਚ ਵਾਪਰੀ ਦਿਲ ਦਹਿਲਾ ਦੇਣ ਵਾਲੀ ਘਟਨਾ ਦੌਰਾਨ ਪਿਤਾ ਦੇ ਭੋਗ ਉਪਰੰਤ ਬੇਟੇ ਦੀ ਮੌਤ ਹੋ ਗਈ। ਪ੍ਰਾਪਤ ਵੇਰਵਿਆਂ ਅਨੁਸਾਰ ਸਾਬਕਾ ਕੌਂਸਲਰ ਨਿਰਮਲ ਦਾਸ ਦੀ ਵਿਛੜੀ ਆਤਮਾ ਦੀ ਸਾਂਤੀ ਲਈ 10 ਜੂਨ ਨੂੰ ਅੰਤਿਮ ਅਰਦਾਸ ਕੀਤੀ ਗਈ। ਇਸ ਮੌਕੇ ਹੋਏ ਸਮਾਗਮ ਦੌਰਾਨ ਸਾਬਕਾ ਸੰਸਦ ਮੈਂਬਰ ਸੰਤੋਸ ਚੌਧਰੀ, ਸਾਬਕਾ ਵਿਧਾਇਕ ਇੰਦੂ ਬਾਲਾ, ਸਰਵਜੋਤ ਸਿੰਘ ਸਾਬੀ, ਕੌਂਸਲਰ ਰਣਜੋਧ ਸਿੰਘ, ਠਾਕੁਰ ਤਰਸੇਮ ਮਿਨਹਾਸ, ਕੌਂਸਲਰ ਹਰਮਿੰਦਰ ਕੌਰ ਆਦਿ ਵੱਖ-ਵੱਖ ਬੁਲਾਰਿਆਂ ਨੇ ਪਿਤਾ ਦੀ ਬੀਮਾਰੀ ਦੌਰਾਨ ਤਨ-ਮਨ ਨਾਲ ਸੇਵਾ ਕਰਨ ਵਾਲੇ ਪੁੱਤਰ ਅਸੋਕ ਕੁਮਾਰ ਨੂੰ ਸਰਵਣ ਪੁੱਤਰ ਕਹਿ ਕੇ ਸੰਬੋਧਨ ਕੀਤਾ। ਕਿਸੇ ਨੂੰ ਕੀ ਪਤਾ ਕਿ ਸਰਵਨ ਪੁੱਤਰ ਕਹਾਉਣ ਵਾਲਾ ਪੁੱਤਰ ਵੀ ਕੁਝ ਘੰਟਿਆਂ ਦਾ ਮਹਿਮਾਨ ਹੈ। ਦੇਰ ਸਾਮ ਤੱਕ ਹੱਥ ਜੋੜ ਕੇ ਮਹਿਮਾਨਾਂ ਦਾ ਸਵਾਗਤ ਕਰਨ ਵਾਲੇ ਨੂੰ ਸਵੇਰ ਦੀਆਂ ਕਿਰਨਾਂ ਵੇਖਣੀਆਂ ਵੀ ਨਸੀਬ ਨਾ ਹੋਈਆਂ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਅਸੋਕ ਕੁਮਾਰ ਆਪਣੀ ਪਤਨੀ ਅਤੇ ਬੱਚਿਆਂ ਨਾਲ ਸੌਂ ਰਿਹਾ ਸੀ। ਸਵੇਰੇ ਉੱਠ ਕੇ ਜਦੋਂ ਉਸ ਦੀ ਪਤਨੀ ਨੇ ਚਾਹ ਬਣਾ ਕੇ ਉਸ ਨੂੰ ਜਗਾਉਣ ਦੀ ਕੋਸ਼ਿਸ ਕੀਤੀ ਤਾਂ ਪਤਾ ਲੱਗਾ ਕਿ ਉਹ ਇਸ ਫਾਨੀ ਦੁਨੀਆਂ ਤੋਂ ਰੁਖਸਤ ਹੋ ਚੁੱਕਾ ਸੀ। ਜਿਸ ਕਾਰਨ ਪਰਿਵਾਰ ਸਮੇਤ ਪੂਰੇ ਮੁਹੱਲੇ ਵਿਚ ਸੋਗ ਦੀ ਲਹਿਰ ਫੈਲ ਗਈ। ਅਸੋਕ ਕੁਮਾਰ ਮੁਕੇਰੀਆਂ ਪੁਲਸ ਵਿਚ ਸਹਾਇਕ ਸਬ ਇੰਸਪੈਕਟਰ ਵਜੋਂ ਤਾਇਨਾਤ ਸੀ। ਏ. ਐੱਸ. ਆਈ. ਅਸੋਕ ਕੁਮਾਰ ਦਾ ਬੀਤੇ ਦਿਨ ਪੂਰੇ ਪੁਲਸ ਸਨਮਾਨਾਂ ਨਾਲ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਡੀ. ਐੱਸ. ਪੀ. ਵਿਪਨ ਕੁਮਾਰ, ਥਾਣਾ ਮੁਖੀ ਪ੍ਰਮੋਦ ਕੁਮਾਰ ਸਮੇਤ ਵੱਖ-ਵੱਖ ਪੁਲਸ ਅਧਿਕਾਰੀਆਂ ਨੇ ਫੁੱਲ ਮਾਲਾਵਾਂ ਭੇਟ ਕਰਕੇ ਸਰਧਾਂਜਲੀ ਦਿੱਤੀ। ਪੁਲਸ ਮੁਲਾਜਮਾਂ ਨੇ ਆਪਣੇ ਮ੍ਰਿਤਕ ਸਾਥੀ ਨੂੰ ਹਥਿਆਰ ਉਲਟੇ ਕਰਦੇ ਹੋਏ ਪੰਜ ਗੋਲੀਆਂ ਚਲਾ ਕੇ ਸਲਾਮੀ ਦਿੱਤੀ। ਇਸ ਮੌਕੇ ਹਜਾਰਾਂ ਦੀ ਗਿਣਤੀ ਵਿਚ ਸਹਿਰ ਵਾਸੀ ਹਾਜਰ ਸਨ।

## ਪਿਛਲੇ 4 ਦਹਾਕਿਆਂ 'ਚ 40 ਫੀਸਦੀ ਵਧੀ ਨਾਈਟਰਸ ਆਕਸਾਈਡ ਦੀ ਨਿਕਾਸੀ, ਚੀਨ ਸਭ ਤੋਂ ਵੱਡਾ ਹਿੱਸੇਦਾਰ

ਨਵੀਂ ਦਿੱਲੀ 3 ਜਨਵਰੀ। ਧਰਤੀ ਨੂੰ ਗਰਮ ਕਰਨ ਵਾਲੀ ਨਾਈਟਰਸ ਆਕਸਾਈਡ (ਐੱਨ2ਓ) ਦੀ ਨਿਕਾਸੀ 'ਚ ਸਾਲ 1980 ਤੋਂ 2020 ਦੇ ਦਰਮਿਆਨ 40 ਫ਼ੀਸਦੀ ਦਾ ਵਾਧਾ ਹੋਇਆ ਹੈ। ਇਸ ਗੈਸ ਦੀ ਨਿਕਾਸੀ 'ਚ ਚੀਨ ਸਭ ਤੋਂ ਵੱਡਾ ਹਿੱਸੇਦਾਰ ਹੈ, ਜਿਸ ਤੋਂ ਬਾਅਦ ਭਾਰਤ ਅਤੇ ਅਮਰੀਕਾ ਦਾ ਸਥਾਨ ਹੈ। ਇਕ ਨਵੀਂ ਰਿਪੋਰਟ 'ਚ ਇਸ ਗੱਲ ਦੀ ਜਾਣਕਾਰੀ ਸਾਹਮਣੇ ਆਈ ਹੈ। ਜਲਵਾਯੂ ਵਿਗਿਆਨੀਆਂ ਦੇ ਇਕ ਸਮੂਹ 'ਗਲੋਬਲ ਕਾਰਬਨ ਪ੍ਰਾਜੈਕਟ' ਵੱਲੋਂ ਕੀਤੇ ਗਏ ਅਧਿਐਨ 'ਚ ਇਹ ਵੀ ਸਾਹਮਣੇ ਆਇਆ ਕਿ ਪਿਛਲੇ ਦਹਾਕੇ 'ਚ 74 ਫ਼ੀਸਦੀ ਨਾਈਟਰਸ ਆਕਸਾਈਡ ਨਿਕਾਸੀ



ਖੇਤੀਬਾੜੀ 'ਚ ਨਾਈਟਰੋਜਨ ਖਾਦਾਂ ਅਤੇ ਪਸ਼ੂ ਖੁਰਾਕ ਦੀ ਵਰਤੋਂ ਨਾਲ ਹੋਇਆ ਹੈ। ਇਸ ਅਧਿਐਨ ਮੁਤਾਬਕ, ਨਾਈਟਰਸ ਆਕਸਾਈਡ ਦੀ ਨਿਕਾਸੀ ਕਰਨ ਵਾਲੇ ਚੋਟੀ ਦੇ 10 ਦੇਸ਼ਾਂ 'ਚ ਚੀਨ, ਭਾਰਤ, ਅਮਰੀਕਾ, ਬ੍ਰਾਜ਼ੀਲ, ਰੂਸ, ਪਾਕਿਸਤਾਨ, ਆਸਟ੍ਰੇਲੀਆ, ਇੰਡੋਨੇਸ਼ੀਆ, ਤੁਰਕੀ ਅਤੇ ਕੈਨਾਡਾ ਹਨ। ਕਾਰਬਨ ਡਾਇਆਕਸਾਈਡ ਅਤੇ ਮੀਥੇਨ ਤੋਂ ਬਾਅਦ ਨਾਈਟਰਸ ਆਕਸਾਈਡ ਤੀਜੀ ਸਭ ਤੋਂ ਮਹੱਤਵਪੂਰਣ ਗਰੀਨਹਾਊਸ ਗੈਸ ਹੈ ਅਤੇ ਪਿਛਲੇ 100 ਸਾਲਾਂ 'ਚ ਇਹ ਗੈਸ ਕਾਰਬਨ ਡਾਇਆਕਸਾਈਡ ਨਾਲੋਂ 273 ਗੁਣਾ ਜ਼ਿਆਦਾ ਅਸਰਕਾਰਕ ਰਹੀ ਹੈ। ਗਰੀਨਹਾਊਸ ਗੈਸਾਂ ਦੀ ਨਿਕਾਸੀ 'ਚ ਵਾਧੇ ਤੋਂ ਪਹਿਲਾਂ ਹੀ ਧਰਤੀ ਦੀ ਸਤ੍ਹਾ ਦਾ ਔਸਤ ਤਾਪਮਾਨ ਸਾਲ 1850-1900 ਦੇ ਔਸਤ ਦੇ ਮੁਕਾਬਲੇ 1.15 ਡਿਗਰੀ ਸੈਲਸੀਅਸ ਤੱਕ ਵਧ ਚੁੱਕਾ ਹੈ। ਮਨੁੱਖ ਵੱਲੋਂ ਪੈਦਾ ਕੀਤੀ ਨਾਈਟਰਸ ਆਕਸਾਈਡ ਨਿਕਾਸੀ ਤਾਪਮਾਨ 'ਚ ਲੱਗਭਗ 0.1 ਡਿਗਰੀ ਦੇ ਵਾਧੇ ਦਾ ਯੋਗਦਾਨ ਦਿੰਦੀ ਹੈ।

## 'ਵੰਦੇ ਭਾਰਤ ਐਕਸਪ੍ਰੈੱਸ ਟਰੇਨ' 'ਤੇ ਹੋਇਆ ਪਥਰਾਅ, ਦਹਿਸ਼ਤ 'ਚ ਯਾਤਰੀ

ਫਗਵਾੜਾ 3 ਜਨਵਰੀ। ਅੰਮ੍ਰਿਤਸਰ ਤੋਂ ਦਿੱਲੀ ਲਈ ਚੱਲ ਰਹੀ ਵੰਦੇ ਭਾਰਤ ਐਕਸਪ੍ਰੈਸ ਰੇਲਗੱਡੀ 22488 'ਤੇ ਫਗਵਾੜਾ ਨੇੜੇ ਅਣਪਛਾਤੇ ਵਿਅਕਤੀਆਂ ਵੱਲੋਂ ਪਥਰਾਅ ਕੀਤੇ ਜਾਣ ਦੀ ਸਨਸਨੀਖੇਜ ਸੂਚਨਾ ਮਿਲੀ ਹੈ। ਜਾਣਕਾਰੀ ਮੁਤਾਬਕ ਟਰੇਨ ਦੇ ਸੀ-3 ਕੋਚ 'ਤੇ ਪਥਰਾਅ ਕੀਤਾ ਗਿਆ ਹੈ, ਜਿਸ 'ਚ ਦੋ ਖਿੜਕੀਆਂ ਦੇ ਸੀਸੇ ਬੁਰੀ ਤਰ੍ਹਾਂ ਨਾਲ ਨੁਕਸਾਨੇ ਗਏ। ਘਟਨਾ ਤੋਂ ਬਾਅਦ ਵੰਦੇ ਭਾਰਤ ਟਰੇਨ 'ਚ ਸਫਰ ਕਰ ਰਹੇ ਰੇਲਵੇ ਯਾਤਰੀਆਂ 'ਚ ਡਰ ਅਤੇ ਸਹਿਮ ਦਾ ਮਾਹੌਲ ਹੈ। ਰੇਲਗੱਡੀ ਦੇ ਸੀ 3 ਕੋਚ ਵਿੱਚ ਸਫਰ ਕਰ ਰਹੇ ਗੁਰੂਗ੍ਰਾਮ ਦੇ ਵਸਨੀਕ ਪੂਨਮ ਕਾਲੜਾ ਅਤੇ ਡਾਲੀ ਠੁਕਰਾਲ ਨੇ ਦੱਸਿਆ ਕਿ ਜਿਵੇਂ ਹੀ ਉਹ ਫਗਵਾੜਾ ਤੋਂ ਦਿੱਲੀ ਜਾਣ ਵਾਲੀ ਵੰਦੇ ਭਾਰਤ ਟਰੇਨ ਐਕਸਪ੍ਰੈਸ ਵਿੱਚ ਸਵਾਰ ਹੋਏ ਤਾਂ ਉਨ੍ਹਾਂ ਨੇ ਆਪਣੀ ਸੀਟ ਨੇੜੇ ਇਕ ਜੋਰਦਾਰ ਆਵਾਜ ਸੁਣੀ। ਉਸ ਨੇ ਦੱਸਿਆ ਕਿ ਕੁਝ ਸਮੇਂ ਲਈ ਤਾਂ ਕਿਸੇ ਨੂੰ ਕੁਝ ਪਤਾ ਨਹੀਂ ਚਲ ਸਕਿਆ ਪਰ ਬਾਅਦ 'ਚ ਜਦੋਂ ਪੂਰੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਗਈ ਤਾਂ ਪਤਾ ਲੱਗਾ ਕਿ ਵੰਦੇ ਭਾਰਤ



ਐਕਸਪ੍ਰੈਸ ਟਰੇਨ ਦੇ ਸੀ 3 ਕੋਚ 'ਤੇ ਬਾਹਰੋਂ ਆਏ ਅਣਪਛਾਤੇ ਵਿਅਕਤੀਆਂ ਵੱਲੋਂ ਪਥਰਾਅ ਕੀਤਾ ਗਿਆ ਸੀ। ਹਾਲਾਂਕਿ ਕੁਝ ਯਾਤਰੀਆਂ ਦਾ ਕਹਿਣਾ ਹੈ ਕਿ ਇਹ ਪੱਥਰ ਬਾਹਰੋਂ ਆਏ ਬੱਚਿਆਂ ਨੇ ਸੁੱਟੇ ਹਨ? ਜਦਕਿ ਕੁਝ ਦਾ ਕਹਿਣਾ ਹੈ ਕਿ ਇਹ ਪੱਥਰਬਾਜੀ ਸਰਾਰਤ ਨਾਲ ਕੀਤੀ ਗਈ ਹੈ। ਦੂਜੇ ਪਾਸੇ ਵੰਦੇ ਭਾਰਤ ਟਰੇਨ 'ਤੇ ਪਥਰਾਅ ਦੀ ਸੂਚਨਾ ਮਿਲਣ ਤੋਂ ਬਾਅਦ ਰੇਲਵੇ ਵਿਭਾਗ ਦੇ ਕਰਮਚਾਰੀ ਅਤੇ ਹੋਰ ਅਧਿਕਾਰੀ ਟਰੇਨ ਦੇ ਸੀ 3 ਕੋਚ 'ਤੇ ਪੁੱਜੇ ਅਤੇ ਸਾਰੀ ਘਟਨਾ ਦੀ ਜਾਣਕਾਰੀ ਹਾਸਲ ਕੀਤੀ। ਅਹਿਮ ਪਹਿਲੂ ਇਹ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਫਗਵਾੜਾ ਗੋਰਾਇਆ ਰੇਲਵੇ ਟ੍ਰੈਕ 'ਤੇ ਕਿਸੇ ਵੀ ਰੇਲ ਗੱਡੀ 'ਤੇ ਪਥਰਾਅ ਦੀ ਅਜਿਹੀ ਘਟਨਾ ਵੇਖਣ ਨੂੰ ਨਹੀਂ ਮਿਲੀ ਪਰ ਜਿਸ ਤਰ੍ਹਾਂ ਅੱਜ ਫਗਵਾੜਾ ਗੋਰਿਆਣਾ ਰੇਲਵੇ ਟ੍ਰੈਕ 'ਤੇ ਅੰਮ੍ਰਿਤਸਰ-ਦਿੱਲੀ ਵਿਚਾਲੇ ਚੱਲਦੀ ਵੰਦੇ ਭਾਰਤ ਐਕਸਪ੍ਰੈਸ ਟਰੇਨ 'ਤੇ ਪਥਰਾਅ ਕੀਤਾ ਗਿਆ, ਉਸ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ ਅਤੇ ਇਹ ਮਾਮਲਾ ਲਿਖੇ ਜਾਣ ਤੱਕ ਇਹ ਵੱਡੀ ਬੁਝਾਰਤ ਬਣੀ ਹੋਈ ਹੈ ਕਿ ਆਖਿਰ ਵੰਦੇ ਭਾਰਤ ਟਰੇਨ 'ਤੇ ਇਹ ਪੱਥਰਬਾਜੀ ਕਿਸ ਨੇ ਅਤੇ ਕਿਉਂ ਕੀਤੀ ਹੈ?

## ਜ਼ੀਰਾ ਨੇੜੇ ਹੋਏ ਸੜਕ ਹਾਦਸੇ ਵਿਚ ਇਕ ਨੌਜਵਾਨ

ਜ਼ੀਰਾ 3 ਜਨਵਰੀ। ਫਿਰੋਜ਼ਪੁਰ ਰੋਡ ਨੇੜੇ ਗਾਦੜੀ ਵਾਲਾ ਜ਼ੀਰਾ ਕੋਲ ਹੋਏ ਸੜਕ ਹਾਦਸੇ ਵਿਚ ਇਕ ਨੌਜਵਾਨ ਦੀ ਮੌਤ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧ ਵਿਚ ਥਾਣਾ ਸਿਟੀ ਜ਼ੀਰਾ ਪੁਲਸ ਨੇ ਇਕ ਘੋੜਾ ਟਰਾਲਾ ਚਾਲਕ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਬਲਵਿੰਦਰ ਸਿੰਘ ਪੁੱਤਰ ਨੱਥਾ ਸਿੰਘ ਵਾਸੀ ਲੋਹਕੇ ਨੇ ਦੱਸਿਆ ਕਿ ਉਸ ਦਾ ਲੜਕਾ ਗੁਰਪ੍ਰੀਤ ਸਿੰਘ (28 ਸਾਲ) ਜੋ ਮੋਟਰਸਾਈਕਲ 'ਤੇ ਸਵਾਰ ਹੋ ਕੇ ਜਾ ਰਿਹਾ ਸੀ, ਜਦੋਂ ਉਹ ਫਿਰੋਜ਼ਪੁਰ ਰੋਡ ਨੇੜੇ ਅੱਡਾ ਗਾਦੜੀ ਵਾਲਾ ਜ਼ੀਰਾ ਪਾਸ ਪੁੱਜਾ ਤਾਂ ਦੋਸ਼ੀ ਗੁਰਚਰਨ ਸਿੰਘ ਪੁੱਤਰ ਭਾਗ ਸਿੰਘ ਵਾਸੀ ਸਾਦੂਲ ਸ਼ਹਿਰ ਜ਼ਿਲ੍ਹਾ ਗੰਗਾ ਨਗਰ, ਰਾਜਸਥਾਨ ਨੇ ਘੋੜਾ ਟਰਾਲਾ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਗੁਰਪ੍ਰੀਤ ਸਿੰਘ ਦੇ ਮੋਟਰਸਾਈਕਲ ਵਿਚ ਮਾਰਿਆ। ਇਸ ਹਾਦਸੇ ਵਿਚ ਗੁਰਪ੍ਰੀਤ ਸਿੰਘ ਦੀ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀ ਖ਼ਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਦੀਨਾਨਗਰ ਦੇ ਵੱਖ-ਵੱਖ ਪਿੰਡਾਂ 'ਚੋਂ ਇਕੋ ਰਾਤ ਅੰਦਰ ਮੋਟਰਾਂ ਤੇ ਇੰਜਣ ਸਣੇ ਹੋਰ ਸਾਮਾਨ ਚੋਰੀ

ਦੀਨਾਨਗਰ 3 ਜਨਵਰੀ। ਜਿੱਥੇ ਇੱਕ ਪਾਸੇ ਪਹਿਲਾਂ ਹੀ ਸਰਕਾਰਾਂ ਦੀ ਮਾਰ ਹੇਠਾਂ ਆਏ ਕਿਸਾਨਾਂ ਵੱਲੋਂ ਥਾਂ-ਥਾਂ ਤੇ ਧਰਨੇ ਲਾ ਕੇ ਆਪਣੇ ਹੱਕਾਂ ਮੰਗਾਂ ਲਈ ਰੋਸ ਮੁਜਾਹਰੇ ਕੀਤੇ ਜਾ ਰਹੇ ਹਨ ਉਥੇ ਹੀ ਨਿਤ ਦਿਨ ਚੋਰਾਂ ਵੱਲੋਂ ਕਿਸਾਨਾਂ ਦੀਆਂ ਟਿਊਬਵੈਲਾਂ ਤੋਂ ਸਾਮਾਨ ਚੋਰੀ ਕਰਕੇ ਕਿਸਾਨਾਂ ਨੂੰ ਹੋਰ ਪਰੇਸਾਨ ਕੀਤਾ ਜਾ ਰਿਹਾ ਹੈ। ਜਿਥੇ ਬੀਤੀ ਰਾਤ ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਪੁਲਸ ਸਟੇਸਨ ਬਹਿਰਾਮਪੁਰ ਦੇ ਪਿੰਡ ਈਸੇਪੁਰ ਅਤੇ ਮਛਰਾਲਾ ਵਿਖੇ ਵੱਖ-ਵੱਖ ਕਿਸਾਨਾਂ ਦੀਆਂ ਚਾਰ ਦੇ ਕਰੀਬ ਇੰਜਣ ਅਤੇ ਮੋਟਰਾਂ ਦੇ ਚੈੱਕਵਾਲ ਅਤੇ ਹੋਰ ਸਾਮਾਨ ਚੋਰੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਸਾਨ ਜੈਮਲ ਚੰਦ ਪੁੱਤਰ ਮੰਗਲ ਦਾ ਵਾਸੀ ਮਛਰਾਲਾ ਬਲਦੇਵ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਈਸੇਪੁਰ ਅਤੇ ਬਲਕਾਰ ਸਿੰਘ ਪੁੱਤਰ ਅਜੀਤ ਸਿੰਘ



ਵਾਸੀ ਈਸੇਪੁਰ ਨੇ ਦੱਸਿਆ ਕਿ ਚੋਰਾਂ ਵੱਲੋਂ ਸਾਡੇ ਮੋਟਰਾਂ ਅਤੇ ਇੰਜਣਾ ਦੇ ਚੈੱਕਵਾਲ ਸਮੇਤ ਹੋਰ ਕੀਮਤੀ ਸਾਮਾਨ ਚੋਰੀ ਕਰਕੇ ਲੈ ਗਏ ਹਨ। ਕਿਸਾਨਾਂ ਨੇ ਦੱਸਿਆ ਕਿ ਲਗਾਤਾਰ ਪਿਛਲੇ ਦੋ ਸਾਲਾਂ ਤੋਂ ਲਗਾਤਾਰ ਇੰਜਣ ਤੇ ਮੋਟਰਾਂ ਚੋਰੀਆਂ ਕੀਤੀਆਂ ਜਾ ਰਹੀਆਂ ਹਨ ਪਰ ਪੁਲਸ ਪ੍ਰਸਾਸਨ ਵੱਲੋਂ ਸਿਰਫ ਕਾਗਜਾਂ ਤੱਕ ਹੀ ਆਪਣੀ ਗਸਤ ਕਰਨ ਦੀਆਂ ਗੱਲਾਂ ਕਹੀਆਂ ਜਾ ਰਹੀਆਂ ਹਨ ਪਰ ਚੋਰ ਨਿੱਤ ਦਿਨ ਚੋਰੀ ਦੀਆਂ ਘਟਨਾ ਨੂੰ ਅੰਜਾਮ ਦੇ ਕੇ ਕਿਸਾਨਾਂ ਨੂੰ ਕੰਗਾਲ ਕਰੀ ਜਾ ਰਹੇ ਹਨ। ਉਹਨਾਂ ਦੱਸਿਆ ਕਿ ਇਨ੍ਹਾਂ ਚੋਰੀ ਦੀਆਂ ਘਟਨਾ ਕਾਰਨ ਕਿਸਾਨਾਂ ਨੂੰ ਦੋਹਰੀ ਮਾਰ ਪਈ ਹੈ ਕਿਉਂਕਿ ਆਉਣ ਵਾਲੇ ਕੁਝ ਹੀ ਦਿਨਾਂ ਵਿੱਚ ਝੋਨੇ ਦੀ ਫਸਲ ਲੱਗਣੀ ਸੁਰੂ ਹੋ ਜਾਣੀ ਹੈ ਪਰ ਇਹ ਚੋਰੀ ਹੋਣ ਕਾਰਨ ਦੁਬਾਰਾ ਸਾਰਾ ਸਮਾਨ ਨਵਾਂ ਲਾਉਣ ਨਾਲ ਕਿਸਾਨ ਨੂੰ ਦੋਹਰੀ ਮਾਰ ਹੇਠਾਂ ਆਉਣ ਲਈ ਮਜਬੂਰ ਹੋਣਾ ਪਵੇਗਾ। ਇਨ੍ਹਾਂ ਘਟਨਾਵਾਂ ਸਬੰਧੀ ਪੁਲਸ ਸਟੇਸਨ ਬਹਿਰਾਮਪੁਰ ਵਿਖੇ ਸੂਚਨਾ ਦੇ ਦਿੱਤੀ ਗਈ ਹੈ।

## ਜਲੰਧਰ ਵੈਸਟ ਹਲਕੇ ਦੀ ਜਿਮਨੀ ਚੋਣ ਲਈ ਅੱਜ ਤੋਂ ਭਰੇ ਜਾ ਸਕਣਗੇ ਨਾਮਜਦਗੀ ਪੱਤਰ

ਚੰਡੀਗੜ੍ਹ/ਜਲੰਧਰ 3 ਜਨਵਰੀ। ਭਾਰਤੀ ਚੋਣ ਕਮਿਸਨ ਨੇ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਤੋਂ ਜ਼ਿਮਨੀ ਚੋਣ ਕਰਵਾਉਣ ਦਾ ਪ੍ਰੋਗਰਾਮ ਜਾਰੀ ਕੀਤਾ ਹੈ। ਇਸ ਸਬੰਧੀ ਨਾਮਜਦਗੀ ਪੱਤਰ ਅਸਟੇਟ ਅਫਸਰ, ਜਲੰਧਰ ਵਿਕਾਸ ਅਥਾਰਟੀ (ਜੇ. ਡੀ. ਏ.), ਜਲੰਧਰ, ਜੋ ਹਲਕੇ ਦੇ ਰਿਟਰਨਿੰਗ ਅਫਸਰ ਹਨ, ਕੋਲ ਜਨਤਕ ਛੁੱਟੀ ਨੂੰ ਛੱਡ ਕੇ 14 ਜੂਨ ਤੋਂ 21 ਜੂਨ ਤੱਕ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਭਰੇ ਜਾ ਸਕਣਗੇ। ਬੁਲਾਰੇ ਨੇ ਦੱਸਿਆ ਕਿ ਨਾਮਜਦਗੀਆਂ ਦੀ ਪੜਤਾਲ 24 ਜੂਨ ਨੂੰ ਹੋਵੇਗੀ ਅਤੇ ਨਾਮਜਦਗੀਆਂ ਵਾਪਸ ਲੈਣ ਦੀ ਆਖਰੀ ਤਰੀਕ 26 ਜੂਨ ਹੈ। ਵੋਟਾਂ 10 ਜੁਲਾਈ ਬੁੱਧਵਾਰ ਨੂੰ ਪੈਣਗੀਆਂ ਤੇ ਵੋਟਾਂ ਦੀ ਗਿਣਤੀ 13 ਜੁਲਾਈ ਨੂੰ ਹੋਵੇਗੀ। ਵੋਟਾਂ ਪਾਉਣ ਦਾ ਸਮਾਂ ਸਵੇਰੇ 7 ਵਜੇ ਤੋਂ ਸਾਮ 6 ਵਜੇ ਤੱਕ ਹੋਵੇਗਾ। ਭਾਰਤੀ ਚੋਣ ਕਮਿਸਨ ਵੱਲੋਂ ਜ਼ਿਮਨੀ ਚੋਣਾਂ ਦੇ ਐਲਾਨ ਦੀ ਮਿਤੀ (10 ਜੂਨ) ਤੋਂ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ 'ਚ ਆਦਰਸ ਚੋਣ ਜਾਬਤਾ ਲਾਗੂ ਹੋ ਗਿਆ ਹੈ ਅਤੇ ਚੋਣ ਪ੍ਰਕਿਰਿਆ ਦੇ ਮੁਕੰਮਲ ਹੋਣ ਭਾਵ 15 ਜੁਲਾਈ ਤੱਕ ਲਾਗੂ ਰਹੇਗਾ।

## ਧਾਰਮਿਕ ਸਥਾਨ ਤੋਂ ਮੱਥਾ ਟੇਕ ਕੇ ਪਰਤ ਰਹੇ ਪਰਿਵਾਰ ਨਾਲ ਵਾਪਰਿਆ ਹਾਦਸਾ

ਗੁਰਦਾਸਪੁਰ 3 ਜਨਵਰੀ। ਹਿਮਾਚਲ ਪ੍ਰਦੇਸ ਤੋਂ ਧਾਰਮਿਕ ਸਥਾਨ ਤੋਂ ਮੱਥਾ ਟੇਕ ਕੇ ਵਾਪਸ ਆ ਰਹੇ ਅੰਮ੍ਰਿਤਸਰ ਦੇ ਇੱਕ ਪਰਿਵਾਰ ਦੀ ਕਾਰ ਗੁਰਦਾਸਪੁਰ ਨੇੜੇ ਹਾਦਸੇ ਦਾ ਸ਼ਿਕਾਰ ਹੋ ਜਾਣ ਦੀ ਸੂਚਨਾ ਪ੍ਰਾਪਤ ਹੋਈ ਹੈ, ਜਿਸ ਕਾਰਨ ਪਰਿਵਾਰ ਦੇ ਤਿੰਨ ਮੈਂਬਰ ਗੰਭੀਰ ਰੂਪ ਵਿੱਚ ਜਖਮੀ ਹੋ ਗਏ ਹਨ। ਮੌਕੇ 'ਤੇ ਪਹੁੰਚੀ ਸੜਕ ਸੁਰੱਖਿਆ ਫੋਰਸ ਦੀ ਟੀਮ ਵੱਲੋਂ ਜਖਮੀਆਂ ਨੂੰ ਸਿਵਲ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਜਖਮੀਆਂ ਦਾ ਇਲਾਜ ਚੱਲ ਰਿਹਾ ਹੈ। ਜਾਣਕਾਰੀ ਦਿੰਦਿਆਂ ਪਰਿਵਾਰ ਦੇ ਮੈਂਬਰ ਜਤਿੰਦਰ ਕੁਮਾਰ ਨੇ ਦੱਸਿਆ ਕਿ ਉਹ ਆਪਣੇ ਪਿਤਾ, ਮਾਤਾ, ਭੈਣ ਅਤੇ ਭਾਣਜਾ ਨਾਲ ਨੂਰਪੁਰ ਤੋਂ ਮੱਥਾ ਟੇਕ ਕੇ ਵਾਪਸ ਅੰਮ੍ਰਿਤਸਰ ਜਾ ਰਹੇ ਸੀ ਕਿ ਜਦੋਂ ਬਰਿਆਰ ਬਾਈਪਾਸ 'ਤੇ ਮੋੜ ਮੁੜਨ ਲੱਗੇ ਤਾਂ ਅਚਾਨਕ ਕਾਰ ਦਾ ਸੰਤੁਲਨ ਵਿਗੜ ਗਿਆ ਤੇ ਕਾਰ ਸੜਕ ਕਿਨਾਰੇ ਖੱਡੇ ਵਿੱਚ ਡਿੱਗ ਗਈ। ਇਸ ਕਾਰਨ ਕਾਰ ਦੇ ਏਅਰ ਬੈਗ ਖੁੱਲ੍ਹ ਗਏ। ਹਾਦਸੇ ਵਿੱਚ ਉਨ੍ਹਾਂ ਦੀ



ਮਾਤਾ ਮੰਜੂ ਦੇਵੀ, ਭੈਣ ਸੈਲੀ ਅਗਰਵਾਲ ਅਤੇ ਭਾਣਜਾ ਆਕਾਸ ਗੰਭੀਰ ਰੂਪ ਵਿੱਚ ਜਖਮੀ ਹੋਏ ਹਨ, ਜਦ ਕਿ ਉਹ ਅਤੇ ਉਸ ਦੇ ਪਿਤਾ ਪ੍ਰੇਮ ਪ੍ਰਕਾਸ ਦੇ ਮਾਮੂਲੀ ਸੱਟਾਂ ਲੱਗੀਆਂ ਹਨ। ਮੌਕੇ 'ਤੇ ਪਹੁੰਚੇ ਸੜਕ ਸੁਰੱਖਿਆ ਫੋਰਸ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਐਂਬੂਲੈਂਸ ਮੰਗਵਾ ਕੇ ਹਸਪਤਾਲ ਪਹੁੰਚਾਇਆ। ਦੂਜੇ ਪਾਸੇ ਸੜਕ ਸੁਰੱਖਿਆ ਫੋਰਸ ਦੇ ਏ.ਐੱਸ.ਆਈ. ਸੁਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਜਾਣਕਾਰੀ ਮਿਲੀ ਸੀ ਕਿ ਬਾਈਪਾਸ ਦੇ ਮੋੜ 'ਤੇ ਇੱਕ ਵੈਗਨਾਰ ਕਾਰ ਹਾਦਸਾਗ੍ਰਸਤ ਹੋ ਗਈ ਹੈ। ਮੌਕੇ 'ਤੇ ਪਹੁੰਚ ਕੇ ਘਰ ਵਿੱਚੋਂ ਸਵਾਰੀਆਂ ਨੂੰ ਬਾਹਰ ਕੱਢਿਆ ਗਿਆ ਅਤੇ ਹਸਪਤਾਲ ਪਹੁੰਚਾਇਆ ਗਿਆ।

## ਧਾਰਮਿਕ ਸਥਾਨ ਤੋਂ ਪਰਤਦੇ ਸਮੇਂ ਸ਼ਰਧਾਲੂਆਂ ਨਾਲ ਵਾਪਰਿਆ ਭਿਆਨਕ ਹਾਦਸਾ, 2 ਔਰਤਾਂ ਦੀ ਹੋਈ ਦਰਦਨਾਕ ਮੌਤ

ਟਾਂਡਾ ਉੜਮੁੜ 3 ਜਨਵਰੀ। ਪੰਜਾਬ ਦੇ ਕੁਰੇਸ਼ੀਆਂ ਪਿੰਡ 'ਚ ਭਿਆਨਕ ਹਾਦਸਾ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਧਾਰਮਿਕ ਸਥਾਨ ਤੋਂ ਸਕੂਟਰੀ 'ਤੇ ਪਰਤ ਰਿਹਾ ਇਕ ਪਰਿਵਾਰ ਟਿੱਪਰ ਦੀ ਚਪੇਟ 'ਚ ਆ ਗਿਆ। ਇਸ ਭਿਆਨਕ ਹਾਦਸੇ 'ਚ 2 ਔਰਤਾਂ ਦੀ ਮੌਤ ਹੋ ਗਈ, ਜਦਕਿ ਸਕੂਟਰੀ ਚਾਲਕ ਗੰਭੀਰ ਰੂਪ 'ਚ ਜਖਮੀ ਹੋ ਗਿਆ।



ਜਾਣਕਾਰੀ ਮੁਤਾਬਕ ਇਹ ਪਰਿਵਾਰ ਸੱਚਖੰਡ ਬੱਲਾਂ ਤੋਂ ਦਰਸ਼ਨ ਕਰ ਕੇ ਆਪਣੇ ਘਰ ਪਰਤ ਰਿਹਾ ਸੀ। ਇਸ ਦੌਰਾਨ ਜਦੋਂ ਉਹ ਹਾਈਵੇ ਸਥਿਤ ਕੁਰੇਸ਼ੀਆ ਰੋਡ 'ਤੇ ਜਾ ਰਹੇ ਸੀ ਤਾਂ ਉਨ੍ਹਾਂ ਦੀ ਸਕੂਟਰੀ ਟਿੱਪਰ ਦੀ ਲਪੇਟ 'ਚ ਆ ਗਈ ਤੇ 2 ਔਰਤਾਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਬਲਵੀਰ ਕੌਰ ਪਤਨੀ ਬਲਦੇਵ ਸਿੰਘ ਵਾਸੀ ਜੋਹਲਾਂ ਅਤੇ ਮਨਜੀਤ ਕੌਰ ਪਤਨੀ ਸੁਰਿੰਦਰ ਪਾਲ ਸਿੰਘ ਵਾਸੀ ਜਹੂਰਾ ਵਜੋਂ ਹੋਈ ਹੈ, ਜਦਕਿ ਹਾਦਸੇ ਵਿਚ ਸਕੂਟਰੀ ਚਲਾ ਰਿਹਾ ਪਰਮਜੀਤ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਜੋਹਲਾਂ ਗੰਭੀਰ ਜਖਮੀ ਹੋ ਗਿਆ। ਹਾਦਸੇ ਲਈ ਜ਼ਿੰਮੇਵਾਰ ਟਿੱਪਰ ਚਾਲਕ ਕਰਨ ਸਿੰਘ ਪੁੱਤਰ ਸੁੰਦਰ ਸਿੰਘ ਵਾਸੀ ਮਲੇਰਕੋਟਲਾ ਦੇ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਨਸ਼ੇ ਦੀ ਪੂਰਤੀ ਲਈ ਨਸ਼ੇੜੀਆਂ ਨੇ ਲੱਭਿਆ ਇਹ ਨਵਾਂ ਤਰੀਕਾ, ਪੂਰੀ ਖਬਰ ਪੜ੍ਹ ਉੱਡਣਗੇ ਹੋਸ਼

ਗੁਰਦਾਸਪੁਰ 3 ਜਨਵਰੀ। ਬੇਸ਼ੱਕ ਜ਼ਿਲ੍ਹਾ ਪ੍ਰਸਾਸਨ, ਸਰਕਾਰ, ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਹਰ ਸੰਭਵ ਯਤਨ ਕਰ ਰਹੀਆਂ ਹਨ। ਪਰ ਜੇਕਰ ਦੇਖਿਆ ਜਾਵੇ ਤਾਂ ਨੌਜਵਾਨ ਵੀ ਮਹਿੰਗੇ ਨਸ਼ਿਆਂ ਤੋਂ ਦੂਰ ਹੋ ਕੇ ਨਸੇ ਦੀ ਪੂਰਤੀ ਲਈ ਨਵੇਂ-ਨਵੇਂ ਤਰੀਕੇ ਅਪਣਾ ਰਹੇ ਹਨ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਹੈਰੋਇਨ ਵਰਗੇ ਮਹਿੰਗੇ ਨਸੇ ਦਾ ਸੇਵਨ ਕਰਨਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੈ। ਇਹੀ ਕਾਰਨ ਹੈ ਕਿ ਨੌਜਵਾਨ ਹੁਣ ਨਸ਼ਾ ਪੂਰਤੀ ਦੇ ਲਈ ਬਿੱਛੂ ਤੋਂ ਨਿਕਲਣ ਵਾਲੇ ਧੂੰਏ ਨੂੰ ਸੁੰਘ ਕੇ ਨਸ਼ੇੜੀ ਨਸ਼ਾ ਕਰਦੇ ਹਨ। ਇਸ ਨਸ਼ੇ ਦੇ ਲਈ ਖਾਸ ਤੌਰ ਨਾਲ ਬਿੱਛੂ ਦੀ ਪੂੰਛ ਦੀ ਡਿਮਾਂਡ ਸਭ ਤੋਂ ਜ਼ਿਆਦਾ ਹੁੰਦੀ ਹੈ ,ਕਿਉਂਕਿ ਇਸ 'ਚ ਜਹਿਰ ਜ਼ਿਆਦਾ ਹੁੰਦਾ ਹੈ। ਤੁਸੀਂ ਅਕਸਰ ਲੋਕਾਂ ਨੂੰ ਨਸਾ ਕਰਨ ਲਈ ਸਰਾਬ, ਗਾਂਜਾ, ਭੰਗ, ਹੈਰੋਇਨ, ਹਸੀਸ ਜਾਂ ਕਿਸੇ ਹੋਰ ਕਿਸਮ ਦੇ ਨਸੇ ਦਾ ਸਹਾਰਾ ਲੈਂਦੇ ਦੇਖਿਆ ਹੋਵੇਗਾ। ਪਰ ਹੁਣ ਅਜਿਹਾ ਨਹੀਂ ਹੈ। ਜਿਨ੍ਹਾਂ ਰਾਜਾਂ ਵਿਚ ਸਰਾਬ ਦੀ ਵਿਕਰੀ ਅਤੇ ਵਰਤੋਂ 'ਤੇ ਪਾਬੰਦੀ ਹੈ, ਉੱਥੇ ਲੋਕ ਨਸਾ ਕਰਨ ਲਈ ਵੱਖ-ਵੱਖ ਤਰੀਕੇ ਲੱਭ ਰਹੇ ਹਨ। ਇਨ੍ਹਾਂ ਵਿੱਚੋਂ ਇੱਕ, ਬਿੱਛੂ ਦਾ ਨਸਾ, ਹੁਣ ਸਾਹਮਣੇ ਆ ਰਿਹਾ ਹੈ। ਹੌਲੀ-ਹੌਲੀ ਇਹ ਨਸਾ ਪੰਜਾਬ ਦੇ ਕਈ ਇਲਾਕਿਆਂ ਵਿੱਚ ਤੇਜੀ ਨਾਲ ਫੈਲ ਰਿਹਾ ਹੈ। ਕੁਝ ਨਸਾ ਛੁਡਾਊ ਕੇਂਦਰਾਂ ਦੇ ਸੰਚਾਲਕਾਂ ਦਾ ਕਹਿਣਾ ਹੈ ਕਿ ਹੁਣ ਨੌਜਵਾਨਾਂ ਨੇ ਨਸ਼ਿਆਂ ਦਾ ਸੇਵਨ ਕਰਨ ਦਾ ਨਵਾਂ ਤਰੀਕਾ ਲੱਭ ਲਿਆ ਹੈ। ਇੱਥੇ ਲੋਕ ਇੱਕ ਖਾਸ ਕਿਸਮ ਦੇ ਮਰੇ ਹੋਏ ਬਿੱਛੂ ਨੂੰ ਸਾੜ ਕੇ ਸਿਗਰਟ ਪੀ ਰਹੇ ਹਨ। ਨਸਾ ਕਰਨ ਲਈ ਸਭ ਤੋਂ ਪਹਿਲਾਂ ਮਰੇ ਹੋਏ ਬਿੱਛੂ ਨੂੰ ਕੋਲੇ 'ਤੇ ਸੁਕਾ ਕੇ ਜਾਂ ਸਾੜ ਦਿੱਤਾ ਜਾਂਦਾ ਹੈ। ਇਸ ਤੋਂ



ਬਾਅਦ ਨਸ਼ੇੜੀ ਬਿੱਛੂ ਵਿੱਚੋਂ ਨਿਕਲਣ ਵਾਲੇ ਧੂੰਏਂ ਨੂੰ ਸੁੰਘ ਕੇ ਨਸਾ ਕਰ ਲੈਂਦੇ ਹਨ। ਖਾਸ ਕਰਕੇ ਬਿੱਛੂ ਦੀ ਪੂਛ ਇਸ ਨਸੇ ਦੀ ਸਭ ਤੋਂ ਵੱਧ ਮੰਗ ਹੈ। ਅਸਲ ਵਿੱਚ, ਇਸ ਵਿੱਚ ਜਹਿਰ ਹੁੰਦਾ ਹੈ, ਜਿਸ ਕਾਰਨ ਇਹ ਬਹੁਤ ਜ਼ਿਆਦਾ ਨਸੀਲਾ ਹੈ। ਜੇਕਰ ਇਸ ਦਵਾਈ ਨਾਲ ਸਬੰਧਤ ਮਾਹਿਰਾਂ ਦੀ ਮੰਨੀਏ ਤਾਂ ਇਹ ਦਵਾਈ ਕਈ ਗੰਭੀਰ ਬਿਮਾਰੀਆਂ ਦਾ ਕਾਰਨ ਬਣ ਸਕਦੀ ਹੈ। ਜੇਕਰ ਇਸ ਤਰ੍ਹਾਂ ਦਾ ਨਸਾ ਜ਼ਿਆਦਾ ਸੇਵਨ ਕੀਤਾ ਜਾਵੇ ਤਾਂ ਯਾਦਦਾਸਤ ਸੰਬੰਧੀ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਤੋਂ ਇਲਾਵਾ ਹਮੇਸਾ ਨੀਂਦ ਨਾ ਆਉਣਾ, ਭੁੱਖ ਨਾ ਲੱਗਣਾ ਅਤੇ ਘਬਰਾਹਟ ਵਰਗੀ ਸਥਿਤੀ ਵਿਚ ਰਹਿਣ ਦੀ ਸੰਭਾਵਨਾ ਵੱਧ ਜਾਂਦੀ ਹੈ। ਇਸ ਤੋਂ ਇਲਾਵਾ ਜੇਕਰ ਇਸ ਨਸੇ ਦਾ ਜ਼ਿਆਦਾ ਸੇਵਨ ਕੀਤਾ ਜਾਵੇ ਤਾਂ ਨਸਾ ਲੈਣ ਵਾਲੇ ਵਿਅਕਤੀ ਨੂੰ ਫੇਫੜਿਆਂ ਸਬੰਧੀ ਕਈ ਗੰਭੀਰ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਤੋਂ ਇਲਾਵਾ ਇਹ ਨਸਾ ਬਿੱਛੂਆਂ ਲਈ ਵੀ ਖਤਰਾ ਬਣ ਰਿਹਾ ਹੈ। ਦਰਅਸਲ, ਇਸ ਨਸੇ ਕਾਰਨ ਬਿੱਛੂਆਂ ਦਾ ਸ਼ਿਕਾਰ ਵੱਧ ਗਿਆ ਹੈ। ਪਸੂ ਪ੍ਰੇਮੀਆਂ ਦਾ ਕਹਿਣਾ ਹੈ ਕਿ ਜੇਕਰ ਸਮੇਂ ਸਿਰ ਇਸ 'ਤੇ ਕਾਬੂ ਨਾ ਪਾਇਆ ਗਿਆ ਤਾਂ ਆਉਣ ਵਾਲੇ ਸਮੇਂ 'ਚ ਇਲਾਕੇ 'ਚੋਂ ਬਿੱਛੂ ਅਲੋਪ ਹੋ ਜਾਣਗੇ । ਸੂਤਰਾਂ ਮੁਤਾਬਕ ਪਾਕਿਸਤਾਨ ਦੇ ਖੈਬਰ ਪਖਤੂਨਖਵਾ ਇਲਾਕੇ 'ਚ ਬਿੱਛੂਆਂ ਨੂੰ ਮਾਰ ਕੇ ਨਸੇ ਦਾ ਇਹ ਰੁਝਾਨ ਬਹੁਤ ਤੇਜੀ ਨਾਲ ਫੈਲ ਰਿਹਾ ਹੈ। ਨੌਜਵਾਨ ਬਿੱਛੂਆਂ ਨੂੰ ਭਾਲਦੇ ਫਿਰਦੇ ਹਨ। ਖੈਬਰ ਪਖਤੂਨਖਵਾ ਵਿੱਚ ਇੱਕ ਮਰੇ ਹੋਏ ਬਿੱਛੂ ਦੀ ਕੀਮਤ 1000 ਰੁਪਏ ਤੱਕ ਦੱਸੀ ਜਾਂਦੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਨਵੇਂ ਸਾਲ ‘ਤੇ ਦਰਦਨਾਕ ਹਾਦਸਾ: ਭੈਣ ਦਾ ਜਨਮ ਦਿਨ ਮਨਾ ਖੁਸ਼ੀ-ਖੁਸ਼ੀ ਆ ਰਹੇ ਸੀ 3 ਨੌਜਵਾਨ

ਸਾਸਾਰਾਮ 3 ਜਨਵਰੀ। ਬਿਹਾਰ ਵਿੱਚ ਰੋਹਤਾਸ ਜ਼ਿਲ੍ਹੇ ਦੇ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਸੂਰਿਆਪੁਰਾ ਥਾਣਾ ਖੇਤਰ ਵਿੱਚ ਇਕ ਬਾਈਕ ਨਹਿਰ ਵਿੱਚ ਡਿੱਗਣ ਕਾਰਨ ਤਿੰਨ ਨੌਜਵਾਨਾਂ ਦੀ ਮੌਤ ਹੋ ਜਾਣ ਦੀ ਸੂਚਨਾ ਮਿਲੀ। ਇਸ ਘਟਨਾ ਦੇ ਬਾਰੇ ਜਿਵੇਂ ਹੀ ਮ੍ਰਿਤਕਾਂ ਦੇ ਪਰਿਵਾਰਾਂ ਅਤੇ ਉਹਨਾਂ ਦੇ ਰਿਸਤੇਦਾਰਾਂ ਨੂੰ ਪਤਾ ਲੱਗਾ ਤਾਂ ਉਹਨਾਂ ਦਾ ਰੋ-ਰੋ ਕੇ ਬੁਰਾ ਹਾਲ ਹੋ ਗਿਆ। ਮ੍ਰਿਤਕਾਂ ਦੇ ਘਰ ਵਿਚ ਚੀਕ-ਚਿਹਾੜਾ ਪੈ ਗਿਆ। ਪੁਲਸ ਸੂਤਰਾਂ ਨੇ ਬੁੱਧਵਾਰ ਨੂੰ ਦੱਸਿਆ ਕਿ ਮੰਗਲਵਾਰ ਦੇਰ ਰਾਤ ਬਾਈਕ ‘ਤੇ ਸਵਾਰ ਹੋਏ ਤਿੰਨ ਲੋਕ ਜ਼ਿਲ੍ਹੇ ਦੇ ਦਿਨਾਰਾ ਥਾਣਾ ਖੇਤਰ ਦੇ ਗੁਨਸੇਜ ਪਿੰਡ ਪਰਤ ਰਹੇ ਸਨ। ਇਸ ਦੌਰਾਨ ਪਿੰਡ ਸੂਰਿਆਪੁਰਾ ਨੇੜੇ ਬਾਈਕ ਬੇਕਾਬੂ ਹੋ ਕੇ ਨਹਿਰ ਵਿੱਚ ਪਲਟ ਗਈ। ਇਸ ਘਟਨਾ ਵਿੱਚ ਬਾਈਕ ਸਵਾਰ ਤਿੰਨੋਂ ਨੌਜਵਾਨਾਂ ਦੀ ਮੌਤ ਹੋ ਗਈ। ਸੂਤਰਾਂ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਪ੍ਰਿਯਾਂਸ਼ੂ ਕੁਮਾਰ (25), ਉਸ ਦੇ ਚਚੇਰੇ ਭਰਾ ਅੰਕਿਤ ਕੁਮਾਰ (22) ਅਤੇ ਸਸੀਰੰਜਨ ਉਰਫ ਮਨੂ ਕੁਮਾਰ (23) ਵਜੋਂ ਹੋਈ ਹੈ। ਬਾਈਕ ‘ਤੇ ਸਵਾਰ ਤਿੰਨ ਨੌਜਵਾਨ ਜ਼ਿਲ੍ਹੇ ਦੇ ਨਟਵਰ ਥਾਣਾ ਖੇਤਰ ਦੇ ਪਿੰਡ ਨਟਵਰ ‘ਚ ਆਪਣੀ ਭੈਣ ਦੇ ਘਰ ਜਨਮ ਦਿਨ ਦੀ ਪਾਰਟੀ ਮਨਾਉਣ ਗਏ ਸਨ। ਪਾਰਟੀ ਦਾ ਜਸ਼ਨ ਮਨਾਉਣ ਤੋਂ ਬਾਅਦ ਦੇਰ ਰਾਤ ਸਾਰੇ ਘਰ ਪਰਤ ਰਹੇ ਸਨ, ਜਦੋਂ ਉਹਨਾਂ ਨਾਲ ਇਹ ਘਟਨਾ ਵਾਪਰੀ। ਘਟਨਾ ਦੀ ਸੂਚਨਾ ਮਿਲਣ ‘ਤੇ ਪਹੁੰਚੀ ਪੁਲਸ ਨੇ ਲਾਸ਼ਾਂ ਨੂੰ ਬਾਹਰ ਕੱਢ ਕੇ ਪੋਸਟਮਾਰਟਮ ਲਈ ਹਸਪਤਾਲ ਭੇਜ ਦਿੱਤਾ। ਪੁਲਸ ਵਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।



# ਕਾਰ ‘ਚ ਹੀਟਰ ਚਲਾਉਂਦੇ ਸਮੇਂ ਭੁੱਲ ਕੇ ਵੀ ਨਾ ਕਰੋ ਇਹ ਗਲਤੀ, ਨਹੀਂ ਤਾਂ ਹੋ ਸਕਦੈ ਵੱਡਾ ਨੁਕਸਾਨ

ਗੈਜੇਟ ਡੈਸਕ 3 ਜਨਵਰੀ। ਇਸ ਸਮੇਂ ਦੇਸ ਭਰ ‘ਚ ਕੜਾਕੇ ਦੀ ਠੰਡ ਪੈ ਰਹੀ ਹੈ, ਜਿਸ ਕਾਰਨ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਪਰੇਸਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਠੰਡ ਤੋਂ ਬਚਣ ਲਈ ਲੋਕ ਕਈ ਤਰ੍ਹਾਂ ਦੇ ਉਪਾਅ ਕਰ ਰਹੇ ਹਨ ਅਤੇ ਜਿਨ੍ਹਾਂ ਕੋਲ ਕਾਰ ਹੈ ਉਹ ਕਾਰ ਹੀਟਰ ਦੀ ਵਰਤੋਂ ਕਰ ਰਹੇ ਹਨ ਪਰ ਕੀ ਤੁਸੀਂ ਜਾਣਦੇ ਹੋ ਕਿ ਕਾਰ ਵਿਚ ਹੀਟਰ ਦੀ ਵਰਤੋਂ ਕਰਨ ਨਾਲ ਤੁਹਾਡੀ ਸਿਹਤ ‘ਤੇ ਮਾੜਾ ਅਸਰ ਪੈ ਸਕਦਾ ਹੈ। ਦਰਅਸਲ, ਇੱਕ ਛੋਟੀ ਜਿਹੀ ਗਲਤੀ ਤੁਹਾਡੀ ਕਾਰ ਨੂੰ ਗੈਸ ਚੈਂਬਰ ਵਿੱਚ ਬਦਲ ਸਕਦੀ ਹੈ। ਆਓ ਜਾਣਦੇ ਹਾਂ ਕਾਰ ‘ਚ ਹੀਟਰ ਚਲਾਉਂਦੇ ਸਮੇਂ ਕਿਹੜੀਆਂ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ। ਤੁਹਾਡੀ ਕਾਰ ਦੇ ਪੈਨਲ ‘ਤੇ ਇੱਕ ਬਟਨ ਹੈ ਜਿਸ ਨੂੰ “ਏਅਰ ਰੀਸਰਕੁਲੇਸਨ ਬਟਨ“ ਕਿਹਾ ਜਾਂਦਾ ਹੈ। ਇਸ ਬਟਨ ਨੂੰ ਚਾਲੂ ਕਰਨ ਨਾਲ ਵਾਹਨ ਦੇ ਕੈਬਿਨ ਵਿੱਚ ਹਵਾ ਅੰਦਰ ਘੁੰਮਦੀ ਰਹਿੰਦੀ ਹੈ ਅਤੇ ਬਾਹਰ ਦੀ ਹਵਾ ਅੰਦਰ ਖਿੱਚਣ ਦਾ ਕੰਮ ਘੱਟ ਜਾਂਦਾ ਹੈ। ਇਹ ਆਮ ਤੌਰ ‘ਤੇ ਬਾਹਰੋਂ ਠੰਡੀ ਹਵਾ ਦੀ ਬਜਾਏ, ਅੰਦਰੋਂ ਗਰਮ ਹਵਾ ਨਾਲ ਕੈਬਿਨ ਨੂੰ ਗਰਮ ਰੱਖਣ ਲਈ ਜਲਵਾਯੂ ਨਿਯੰਤਰਣ ਪ੍ਰਣਾਲੀ ਨੂੰ ਸੋਧਣ ਲਈ ਵਰਤਿਆ ਜਾਂਦਾ ਹੈ। ਹਾਲਾਂਕਿ ਗਰਮੀਆਂ ਦੇ ਮੌਸਮ ‘ਚ ਇਹ ਬਟਨ ਬਹੁਤ ਫਾਇਦੇਮੰਦ ਹੁੰਦਾ ਹੈ ਪਰ ਸਰਦੀਆਂ ‘ਚ ਇਸ ਦੀ ਜ਼ਿਆਦਾ ਵਰਤੋਂ ਕਰਨਾ ਤੁਹਾਡੀ ਸਿਹਤ ਲਈ ਹਾਨੀਕਾਰਕ ਹੋ ਸਕਦਾ ਹੈ। ਖਾਸ ਕਰਕੇ ਜਦੋਂ ਤੁਸੀਂ ਕਾਰ ਹੀਟਰ ਦੀ ਵਰਤੋਂ ਕਰ ਰਹੇ ਹੋਵੋ। ਬਾਹਰੋਂ ਆਉਣ ਵਾਲੀ ਠੰਡੀ ਹਵਾ ਨੂੰ ਰੋਕਣ ਅਤੇ ਕੈਬਿਨ ਨੂੰ ਜਲਦੀ ਗਰਮ ਕਰਨ ਲਈ ਲੋਕ ਇਸ ਬਟਨ ਦੀ ਵਰਤੋਂ ਕਰਦੇ



ਹਨ ਪਰ ਜੇਕਰ ਰੀਸਰਕੁਲੇਸਨ ਬਟਨ ਜ਼ਿਆਦਾ ਦੇਰ ਤੱਕ ਆਨ ਰਹਿੰਦਾ ਹੈ ਤਾਂ ਇਹ ਸਮੱਸਿਆ ਪੈਦਾ ਕਰ ਸਕਦਾ ਹੈ। ਜੇਕਰ ਏਅਰ ਰੀਸਰਕੁਲੇਸਨ ਬਟਨ ਨੂੰ ਲੰਬੇ ਸਮੇਂ ਤੱਕ ਚਾਲੂ ਰੱਖਿਆ ਜਾਂਦਾ ਹੈ ਤਾਂ ਬਾਹਰ ਦੀ ਤਾਜੀ ਹਵਾ ਕਾਰ ਦੇ ਕੈਬਿਨ ਵਿੱਚ ਦਾਖਲ ਨਹੀਂ ਹੁੰਦੀ ਅਤੇ ਅੰਦਰ ਆਕਸੀਜਨ ਦਾ ਪੱਧਰ ਘੱਟਣਾ ਸੁਰੂ ਹੋ ਜਾਂਦਾ ਹੈ। ਇਸ ਨਾਲ ਡਰਾਈਵਰ ਅਤੇ ਕਾਰ ਵਿੱਚ ਬੈਠੇ ਹੋਰ ਲੋਕ ਪ੍ਰਭਾਵਿਤ ਹੋ ਸਕਦੇ ਹਨ। ਇਸ ਨਾਲ ਚੱਕਰ ਆਉਣੇ, ਸਾਹ ਘੁੱਟਣਾ ਅਤੇ ਸਿਰ ਦਰਦ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਨਾਲ ਹੀ, ਇਸ ਬਟਨ ਨੂੰ ਚਾਲੂ ਰੱਖਣ ਨਾਲ ਕਾਰ ਦੀਆਂ ਖਿੜਕੀਆਂ ‘ਤੇ ਧੁੰਦ ਜਮ੍ਹਾ ਹੋਣ ਦੀ ਸਮੱਸਿਆ ਵੀ ਹੋ ਸਕਦੀ ਹੈ ਜਿਸ ਨਾਲ ਡਰਾਈਵਿੰਗ ਲਈ ਖਤਰਾ ਪੈਦਾ ਹੋ ਸਕਦਾ ਹੈ। ਰੀਸਰਕੁਲੇਸ਼ਨ ਬਟਨ ਦੀ ਵਰਤੋਂ ਘੱਟ ਕਰੋ : ਇਸ ਬਟਨ ਦੀ ਵਰਤੋਂ ਸਿਰਫ ਥੋੜੀ ਦੇਰ ਲਈ ਕਰੋ ਤਾਂ ਜੋ ਬਾਹਰ ਦੀ ਤਾਜਾ ਹਵਾ ਵੀ ਅੰਦਰ ਆ ਸਕੇ। ਕਾਰ ਦੀਆਂ ਬਾਰੀਆਂ ਖੋਲ੍ਹੋ : ਕਦੇ-ਕਦੇ ਕਾਰ ਦੀਆਂ ਬਾਰੀਆਂ ਦੇ ਸ਼ੀਸ਼ੇ ਨੂੰ ਥੋੜਾ ਖੋਲ੍ਹ ਕੇ ਤਾਜਗੀ ਦਾ ਅਹਿਸਾਸ ਕਰੋ ਅਤੇ ਅੰਦਰ ਤਾਜੀ ਹਵਾ ਨੂੰ ਆਉਣ ਦਿਓ। ਹੀਟਰ ਦਾ ਧਿਆਨ ਰੱਖੋ : ਜ਼ਿਆਦਾ ਸਮੇਂ ਤਕ ਹੀਟਰ ਦੀ ਵਰਤੋਂ ਕਰਨ ਤੋਂ ਬਚੋ ਕਿਉਂਕਿ ਇਸ ਨਾਲ ਕਾਰ ਦਾ ਵਾਤਾਵਰਣ ਖਰਾਬ ਹੋ ਸਕਦਾ ਹੈ। ਅਖੀਰ ‘ਚ ਦੱਸ ਦੇਈਏ ਕਿ ਠੰਡ ਦੇ ਮੌਸਮ ‘ਚ ਕਾਰ ‘ਚ ਹੀਟਰ ਦੀ ਵਰਤੋਂ ਕਰਨਾ ਆਮ ਹੈ ਪਰ ਇਸਨੂੰ ਸਹੀ ਤਰੀਕੇ ਨਾਲ ਕਰਨਾ ਜਰੂਰੀ ਹੈ। ਏਅਰ ਰੀਸਰਕੁਲੇਸ਼ਨ ਬਟਨ ਦੀ ਵਰਤੋਂ ਜੇਕਰ ਜ਼ਿਆਦਾ ਕੀਤੀ ਜਾਵੇ ਤਾਂ ਇਹ ਕਾਰ ਦੇ ਅੰਦਰ ਆਕਸੀਜਨ ਦੀ ਘਾਟ ਦਾ ਕਾਰਨ ਬਣ ਸਕਦਾ ਹੈ। ਇਸ ਲਈ ਇਸ ਬਟਨ ਦੀ ਵਰਤੋਂ ਘੱਟ ਕਰੋ ਅਤੇ ਆਪਣੇ ਤੇ ਬਾਕੀ ਯਾਤਰੀਆਂ ਦੀ ਸਿਹਤ ਦਾ ਧਿਆਨ ਰੱਖੋ।

## ਫਾਸਟ ਫੂਡ ਖਾਣ ਦੀ ਆਦਤ ਨਾਲ ਸਿਹਤ ਨੂੰ ਹੋ ਸਕਦੈ ਵੱਡਾ ਖਤਰਾ

ਭੁੱਚੋ ਮੰਡੀ 3 ਜਨਵਰੀ। ਸ਼ਹਿਰਾਂ ਦੇ ਨਾਲ-ਨਾਲ ਮੰਡੀਆਂ ਅਤੇ ਪਿੰਡਾਂ ’ਚ ਫਾਸਟ ਫੂਡ ਖਾਣ ਦਾ ਸ਼ੌਂਕ ਵੱਧਦਾ ਹੀ ਜਾ ਰਿਹਾ ਹੈ। ਰੈਸਟੋਰੈਂਟ ਜਾਂ ਫਾਸਟ ਫੂਡ ਕਾਰਨਰ ’ਚ ਹਰ ਉਮਰ ਦੇ ਲੋਕ ਭਾਰੀ ਗਿਣਤੀ ’ਚ ਦੇਖੇ ਜਾ ਸਕਦੇ ਹਨ। ਫਾਸਟ ਫੂਡ ਦੀ ਲੋਕਪ੍ਰਿਅਤਾ ਲਗਾਤਾਰ ਵੱਧ ਰਹੀ ਹੈ। ਬੱਚਿਆਂ ਤੋਂ ਲੈ ਕੇ ਵੱਡੀ ਉਮਰ ਦਾ ਹਰ ਵਿਅਕਤੀ ਫਾਸਟ ਫੂਡ ਖਾਣ ਲੱਗਾ ਹੈ। ਜੇਕਰ ਇਹ ਕਦੇ-ਕਦਾਈਂ ਖਾ ਲਿਆ ਜਾਵੇ ਤਾਂ ਇਸ ਨਾਲ ਸਿਹਤ ਨੂੰ ਕੋਈ ਨੁਕਸਾਨ ਨਹੀਂ ਹੁੰਦਾ ਪਰ ਹਰ ਰੋਜ ਇਸ ਨੂੰ ਖਾਣ ਨਾਲ ਸਿਹਤ ਲਈ ਵੱਡਾ ਖਤਰਾ ਹੋ ਸਕਦਾ ਹੈ। ਫਾਸਟ ਫੂਡ ਖਾਣ ਦੀ ਆਦਤ ਕਈ ਸਿਹਤ ਸਮੱਸਿਆਵਾਂ ਦਾ ਕਾਰਨ ਬਣਦੀ ਜਾ ਰਹੀ ਹੈ। ਸਮਾਜ ਸੇਵਕਾ ਸਿਵਾਲੀ ਦਾ ਕਹਿਣਾ ਹੈ ਕਿ ਚੰਗੀ ਸਿਹਤ ਲਈ ਵਧੀਆ ਪੌਸ਼ਟਿਕ ਭੋਜਨ ਜਰੂਰੀ ਹੁੰਦਾ ਹੈ ਪਰ ਬੱਚੇ ਘਰੇਲੂ ਖੁਰਾਕ ਜਿਵੇਂ ਦੇਸੀ ਘਿਓ, ਦੁੱਧ, ਦਹੀਂ, ਫਰੂਟ ਅਤੇ ਰੋਟੀ ਤੋਂ ਬਿਲਕੁਲ ਮੂੰਹ ਫੇਰ ਚੁੱਕੇ ਹਨ। ਮੌਜੂਦਾ ਸਮੇਂ ’ਚ ਫਾਸਟ ਫੂਡ ਦਾ ਚਲਣ ਬਹੁਤ ਤੇਜ਼ੀ ਨਾਲ ਵੱਧ ਰਿਹਾ ਹੈ। ਮਾਪੇ ਵੀ ਬੱਚਿਆਂ ਨੂੰ ਇਸ ਲਈ ਜ਼ਿਆਦਾ ਮਨ੍ਹਾਂ ਨਹੀਂ ਕਰਦੇ ਕਿਉਂਕਿ



ਉਨ੍ਹਾਂ ਨੂੰ ਲੱਗਦਾ ਹੈ, ਚਲੋ ਬੱਚਾ ਕੁੱਝ ਤਾਂ ਖਾ ਰਿਹਾ ਹੈ ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਪੌਸ਼ਟਿਕ ਤੱਤਾਂ ਤੋਂ ਰਹਿਤ ਫਾਸਟ ਫੂਡ ਦੀ ਵਰਤੋਂ ਦਾ ਪ੍ਰਭਾਵ ਬੱਚਿਆਂ ਦੇ ਵਿਕਾਸ ’ਤੇ ਉਲਟ ਪੈਂਦਾ ਹੈ। ਪ੍ਰਿੰਸੀਪਲ ਬਲਬੀਰ ਕੌਰ ਦਾ ਕਹਿਣਾ ਹੈ ਕਿ ਮਾਪੇ ਚਾਹੁੰਦੇ ਹਨ ਕਿ ਉਨ੍ਹਾਂ ਦਾ ਬੱਚਾ ਤੰਦਰੁਸਤ ਰਹੇ। ਇਸਦੇ ਲਈ ਉਹ ਆਪਣੇ ਬੱਚਿਆਂ ਨੂੰ ਹੈਲਦੀ ਫੂਡ ਖਵਾਉਣਾ ਚਾਹੁੰਦੇ ਹਨ ਪਰ ਅੱਜ-ਕੱਲ੍ਹ ਦੇ ਜ਼ਿਆਦਾਤਰ ਬੱਚੇ ਘਰ ਦੇ ਖਾਣੇ ਦੀ ਥਾਂ ਫਾਸਟ ਫੂਡ ਖਾਣਾ ਬੇਹੱਦ ਪਸੰਦ ਕਰਦੇ ਹਨ। ਫਾਸਟ ਫੂਡ ਬਾਜ਼ਾਰ ਵਿਚ ਹਰ ਜਗ੍ਹਾ ਸੌਖ ਨਾਲ ਉਪਲੱਬਧ ਹੈ, ਇਹ ਸਵਾਦਿਸ਼ਟ ਤਾਂ ਹੁੰਦਾ ਹੀ ਹੈ ਨਾਲ ਹੀ ਮੁੱਲ ਵਿਚ ਘੱਟ ਹੁੰਦਾ ਹੈ।

## ਕਾਰ ਨੂੰ ਬਚਾਉਂਦਾ ਫਲਾਈਓਵਰ ’ਤੇ ਕੰਟੇਨਰ ਨਾਲ ਲੋਡ ਟਰਾਲਾ ਪਲਟਿਆ

ਲੁਧਿਆਣਾ 3 ਜਨਵਰੀ। ਬਸਤੀ ਚੌਕ ਨੇੜੇ ਫਲਾਈਓਵਰ ’ਤੇ ਕਾਰ ਨੂੰ ਬਚਾਉਂਦੇ ਹੋਏ ਕੰਟੇਨਰ ਨਾਲ ਲੋਡ ਟਰਾਲਾ ਬੁਰੀ ਤਰ੍ਹਾਂ ਪਲਟ ਗਿਆ। ਹਾਦਸੇ ਵਾਲੀ ਥਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਹਾਦਸਾ ਓਸ ਸਮੇਂ ਵਾਪਰਿਆ, ਜਦੋਂ ਟਰਾਲਾ ਪੁਲ ਉੱਪਰੋਂ ਗੁਜਰ ਰਿਹਾ ਸੀ। ਇਸ ਦੌਰਾਨ ਟਰਾਲੇ ਦੇ ਅੱਗੇ ਅਚਾਨਕ ਕਾਰ ਆ ਗਈ, ਜਿਸ ਨੂੰ ਬਚਾਉਣ ਲਈ ਟਰਾਲਾ ਚਾਲਕ ਨੇ ਜਿਉਂ ਹੀ ਟਰਾਲੇ ਦਾ ਸਟੇਅਰਿੰਗ ਘੁੰਮਾਇਆ ਤਾਂ ਟਰਾਲੇ ਦਾ ਬੈਲੇਂਸ ਵਿਗੜ ਗਿਆ ਤੇ ਟਰਾਲੇ ਦਾ ਟਾਇਰ ਪੁਲ ਦੇ ਵਿਚਾਲੇ ਬਣੇ ਹੋਏ ਡਿਵਾਈਡਰ ’ਤੇ ਚੜ੍ਹ ਗਿਆ। ਟਰਾਲਾ ਲੋਹੇ ਦੀਆਂ ਗਰਿੱਲਾਂ ਨੂੰ ਤੋੜਦਾ ਹੋਇਆ ਪਲਟ ਗਿਆ। ਇਸ ਦੌਰਾਨ ਮਾਲ ਨਾਲ ਲੋਡ ਕੰਟੇਨਰ ਰੋਡ ’ਤੇ ਇਕ ਪਾਸੇ ਜਾ ਪਲਟਿਆ ਤੇ ਘੋੜਾ (ਟਰਾਲੇ ਦਾ ਇੰਜਣ ਵਾਲਾ ਹਿੱਸਾ) ਡਿਵਾਈਡਰ ਉੱਪਰ ਪਲਟ ਗਿਆ। ਹਾਦਸੇ ਦੀ ਸੂਚਨਾ ਮਿਲਣ ’ਤੇ ਜੋਨ ਇੰਚਾਰਜ ਟ੍ਰੈਫਿਕ ਏ. ਐੱਸ. ਆਈ. ਦੀਪਕ ਸਰਮਾ ਪੁਲਸ ਮੁਲਾਜਮਾਂ ਨਾਲ ਮੌਕੇ ’ਤੇ ਪਹੁੰਚ ਗਏ। ਉਨ੍ਹਾਂ ਕਿਹਾ ਜਿਸ ਸਮੇਂ ਹਾਦਸਾ ਵਾਪਰਿਆ ਟ੍ਰੈਫਿਕ ਘੱਟ ਹੋਣ ਕਾਰਨ ਬਚਾਅ ਹੋ ਗਿਆ। ਕੰਟੇਨਰ ਜੋ ਕਿ ਮਾਲ ਨਾਲ ਭਰਿਆ ਹੋਣ ਕਾਰਨ ਕਾਫੀ ਵਜਨਦਾਰ ਸੀ, ਨੂੰ ਰੋਡ ਵਿਚਾਲੋਂ ਹਟਾਉਣ ਲਈ 2-3 ਕ੍ਰੇਨਾਂ ਮੰਗਵਾਈਆਂ ਗਈਆਂ, ਤਾਂ ਕਿਤੇ ਜਾ ਕੇ ਕੰਟੇਨਰ ਸਾਈਡ ’ਤੇ ਕੀਤਾ ਜਾ ਸਕਿਆ, ਜਿਸ ਮਗਰੋਂ ਟ੍ਰੈਫਿਕ ਚਾਲੂ ਹੋਇਆ। ਟਰਾਲਾ ਚਾਲਕ ਜੋ ਕਿ ਜਖਮੀ ਦੱਸਿਆ ਜਾ ਰਿਹਾ, ਨੂੰ ਉਸ ਦੇ ਮਾਲਕ ਇਲਾਜ ਲਈ ਹਸਪਤਾਲ ਲੈ ਗਏ ਸਨ।

## ਕੁੜੀ ਨੂੰ ਇੰਸਟਾਗ੍ਰਾਮ ‘ਤੇ ਮੈਸੇਜ ਭੇਜਣ ‘ਤੇ ਗੁੱਸਾ ਹੋਇਆ ਮੰਗੇਤਰ

ਨੈਸਨਲ ਡੈਸਕ 3 ਜਨਵਰੀ। ਗੁਜਰਾਤ ਦੇ ਗਾਂਧੀਨਗਰ ਦੇ ਢੋਲਕੁਨਵਾ ਤੋਂ ਇੱਕ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ ਕਤਲ ਹੋਇਆ ਹੈ। ਇਸ ਕਤਲ ਦਾ ਕਾਰਨ ਇਕ ਵਿਅਕਤੀ ਵਲੋਂ ਇੰਸਟਾਗ੍ਰਾਮ ‘ਤੇ ਆਪਣੀ ਮੰਗੇਤਰ ਨੂੰ ਭੇਜਿਆ ਮੈਸੇਜ ਸੀ। ਕਤਲ ਦੀ ਵਾਰਦਾਤ ਨੂੰ ਸੁਲਝਾਉਂਦੇ ਹੋਏ ਪੁਲਸ ਨੇ ਮੰਗੇਤਰ ਅਤੇ ਉਸ ਦੇ ਦੋਸਤ ਨੂੰ ਗ੍ਰਿਫਤਾਰ ਕਰ ਲਿਆ। ਕਾਫੀ ਭਾਲ ਕਰਨ ਤੋਂ ਬਾਅਦ ਪਰਿਵਾਰਕ ਮੈਂਬਰਾਂ ਨੂੰ ਦਸਰਥ ਦੀ ਲਾਸ ਬਰਾਮਦ ਹੋਈ। ਇਸ ਤੋਂ ਬਾਅਦ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ। ਇਸ ਮਾਮਲੇ ਦੇ ਸਬੰਧ ਵਿਚ ਗਾਂਧੀਨਗਰ ਪੁਲਸ ਨੇ ਦੱਸਿਆ ਕਿ ਦਸਰਥ ਦੇ ਕਤਲ ਦੇ ਮਾਮਲੇ ‘ਚ ਰਾਹੁਲ ਅਤੇ ਉਸ ਦੇ ਨਾਬਾਲਗ ਦੋਸਤ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਸ ਘਟਨਾ ਦੇ ਮੁਤਾਬਕ ਦਸਰਥ ਨੇ ਰਾਹੁਲ ਦੀ ਮੰਗੇਤਰ ਨੂੰ ਇੰਸਟਾਗ੍ਰਾਮ ‘ਤੇ ਮੈਸੇਜ ਭੇਜਿਆ ਸੀ। ਰਾਹੁਲ ਕੋਲ ਆਪਣੀ ਮੰਗੇਤਰ ਦੇ ਖਾਤੇ ਦਾ ਪਾਸਵਰਡ ਵੀ ਸੀ। ਰਾਹੁਲ ਨੇ ਦਸਰਥ ਨੂੰ ਸੁਨੇਹਾ ਭੇਜਿਆ ਅਤੇ ਉਸ ਨੂੰ ਮਿਲਣ ਲਈ ਬੁਲਾਇਆ। ਇਸ ਮੁਲਾਕਾਤ ਦੌਰਾਨ ਉਸ ਨੇ ਦਸਰਥ ਨੂੰ ਸਮਝਾਇਆ ਕਿ ਉਹ ਉਸ ਦੀ ਮੰਗੇਤਰ ਨੂੰ ਮੈਸੇਜ ਨਾ ਭੇਜੇ। ਦਸਰਥ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਹ ਜੋ ਚਾਹੇ ਕਰ ਸਕਦਾ ਹੈ ਪਰ ਸੰਦੇਸ ਬੰਦ ਨਹੀਂ ਹੋਣਗੇ। ਦਸ਼ਰਥ ਦੀ ਇਹ ਗੱਲ ਸੁਣ ਕੇ ਰਾਹੁਲ ਨੂੰ ਗੁੱਸਾ ਆ ਗਿਆ ਅਤੇ ਉਸ ਨੇ ਗੁੱਸੇ ‘ਚ ਚਾਕੂ ਨਾਲ ਉਸ ‘ਤੇ ਹਮਲਾ ਕਰਕੇ ਕਤਲ ਕਰ ਦਿੱਤਾ। ਦੱਸ ਦੇਈਏ ਕਿ ਰਾਹੁਲ ਦੀ ਮੰਗੇਤਰ ਦਾ ਮਾਮਾ ਢੋਲਕੁਨਵਾ ‘ਚ ਰਹਿੰਦਾ ਸੀ, ਜਿਸ ਕਾਰਨ ਉਹ ਉੱਥੇ ਆਉਂਦੀ ਸੀ। ਉਦੋਂ ਤੋਂ ਦਸਰਥ ਉਸ ਦੇ ਪਿੱਛੇ ਪਿਆ ਸੀ। ਰਾਹੁਲ ਨੇ ਇਸ ਘਟਨਾ ਬਾਰੇ ਆਪਣੀ ਮੰਗੇਤਰ ਨੂੰ ਕੁਝ ਨਹੀਂ ਦੱਸਿਆ। ਜਦੋਂ ਉਹ ਨਾ ਮੰਨਿਆ ਤਾਂ ਉਸ ਨੇ ਆਪਣੇ ਦੋਸਤ ਨਾਲ ਮਿਲ ਕੇ ਦਸਰਥ ਦਾ ਕਤਲ ਕਰ ਦਿੱਤਾ।




## ਪੰਜਾਬੀਓ ਹੋ ਜਾਓ ਸਾਵਧਾਨ, ਕੜਾਕੇ ਦੀ ਠੰਡ ਵਿਚਾਲੇ ਮੌਸਮ ਵਿਭਾਗ ਦਾ ਵੱਡਾ ਅਲਰਟ

ਚੰਡੀਗੜ੍ਹ 3 ਜਨਵਰੀ। ਪੰਜਾਬ ਅਤੇ ਹਰਿਆਣਾ ਸਣੇ ਉੱਤਰੀ ਭਾਰਤ ਵਿਚ ਸੰਘਣੀ ਧੁੰਦ ਤੇ ਸੀਤ ਲਹਿਰ ਦਾ ਕਹਿਰ ਜਾਰੀ ਹੈ। ਅੱਜ ਪੰਜਾਬ ਦੇ ਇਕ ਦਰਜਨ ਦੇ ਕਰੀਬ ਸ਼ਹਿਰਾਂ ਵਿਚ ਸੰਘਣੀ ਧੁੰਦ ਕਾਰਨ ਵਿਜੀਬਿਲਟੀ ਘੱਟ ਗਈ ਹੈ। ਸੂਬੇ ਵਿਚ ਤਾਪਮਾਨ 8.5 ਡਿਗਰੀ ਸੈਲਸੀਅਸ ਤੱਕ ਆ ਗਿਆ ਹੈ। ਮੌਸਮ ਵਿਗਿਆਨੀਆਂ ਨੇ 2 ਜਨਵਰੀ ਨੂੰ ਸੂਬੇ ਵਿਚ ਸੰਘਣੀ ਧੁੰਦ ਤੇ ਠੰਡ ਪੈਣ ਸਬੰਧੀ ‘ਯੈਲੋ ਅਲਰਟ’ ਜਾਰੀ ਕੀਤਾ ਹੈ। ਮੌਸਮ ਵਿਭਾਗ ਅਨੁਸਾਰ ਅੱਜ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਅੰਮ੍ਰਿਤਸਰ ਤੇ ਹੋਰ ਕਈ ਸ਼ਹਿਰਾਂ ਵਿਚ ਸੰਘਣੀ ਧੁੰਦ ਪੈਣ ਕਾਰਨ ਵਿਜੀਬਿਲਟੀ 50 ਮੀਟਰ ਤੋਂ ਵੀ



ਘੱਟ ਦਰਜ ਕੀਤੀ ਗਈ। ਪਟਿਆਲਾ ਵਿਚ ਵਿਜੀਬਿਲਟੀ 250 ਮੀਟਰ ਤੇ ਲੁਧਿਆਣਾ ਵਿਚ ਇਹ 500 ਮੀਟਰ ਸੀ। ਵਿਜੀਬਿਲਟੀ ਘਟਣ ਕਾਰਨ ਲੋਕਾਂ ਨੂੰ ਵਾਹਨ ਚਲਾਉਣ ਸਮੇਂ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਠਾਨਕੋਟ ਸ਼ਹਿਰ ਦਿਨ ਵੇਲੇ ਸਭ ਤੋਂ ਠੰਡਾ ਰਿਹਾ ਹੈ, ਜਿੱਥੇ ਵੱਧ ਤੋਂ ਵੱਧ ਤਾਪਮਾਨ 11 ਡਿਗਰੀ ਸੈਲਸੀਅਸ ਅਤੇ ਘੱਟ ਤੋਂ ਘੱਟ ਤਾਪਮਾਨ 6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਸੇ ਤਰ੍ਹਾਂ ਚੰਡੀਗੜ੍ਹ ’ਚ ਵੱਧ ਤੋਂ ਵੱਧ ਤਾਪਮਾਨ 11.3 ਡਿਗਰੀ ਸੈਲਸੀਅਸ, ਅੰਮ੍ਰਿਤਸਰ ’ਚ 12.6, ਲੁਧਿਆਣਾ ’ਚ 13.8, ਪਟਿਆਲਾ ’ਚ 13, ਗੁਰਦਾਸਪੁਰ ’ਚ 17.5, ਫਰੀਦਕੋਟ ’ਚ 11.6, ਬਠਿੰਡਾ ’ਚ 14.4, ਬਰਨਾਲਾ ’ਚ 12.8, ਫਤਹਿਗੜ੍ਹ ਸਾਹਿਬ ’ਚ 12.7, ਫਿਰੋਜ਼ਪੁਰ ’ਚ 11.3 ਅਤੇ ਮੋਗਾ ’ਚ 11.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ। ਇਹ ਆਮ ਨਾਲੋਂ 4 ਤੋਂ 8 ਡਿਗਰੀ ਸੈਲਸੀਅਸ ਘੱਟ ਹੈ। ਇਸੇ ਤਰ੍ਹਾਂ ਹਰਿਆਣਾ ਦੇ ਅੰਬਾਲਾ ਵਿੱਚ ਵੱਧ ਤੋਂ ਵੱਧ ਤਾਪਮਾਨ 12 ਡਿਗਰੀ ਸੈਲਸੀਅਸ, ਹਿਸਾਰ ਵਿੱਚ 14.5 ਡਿਗਰੀ, ਕਰਨਾਲ ਵਿਚ 13.2 ਡਿਗਰੀ, ਰੋਹਤਕ ਵਿੱਚ 12.7 ਡਿਗਰੀ ਅਤੇ ਗੁਰੂਗ੍ਰਾਮ ਵਿਚ 13 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਭਾਗ ਮੁਤਾਬਕ ਆਉਂਦੇ ਦਿਨਾਂ ਵਿਚ ਠੰਡ ਹੋਰ ਜੋਰ ਫੜ ਸਕਦੀ ਹੈ।

## ਵਿਆਹ ਆਲੇ ਦਿਨ ਲਾੜੀ ਨੇ ਕਰ’ਤੀ ਅਜਿਹੀ ਡਿਮਾਂਡ ਕਿ ਲਾੜਾ ਹੋ ਗਿਆ ਕਰਜਾਈ

ਵੈੱਬ ਸੈਕਸ਼ਨ 3 ਜਨਵਰੀ। ਹਰ ਕੋਈ ਵਿਆਹ ‘ਚ ਕੁਝ ਖਾਸ ਕਰਨਾ ਚਾਹੁੰਦਾ ਹੈ। ਲਾੜਾ-ਲਾੜੀ ਦੀਆਂ ਮੰਗਾਂ ਪੂਰੀਆਂ ਕਰਨ ਦੇ ਯਤਨ ਕੀਤੇ ਜਾਂਦੇ ਹਨ। ਕਈ ਵਾਰ ਲਾੜੇ ਜਾਂ ਦੁਲਹਨ ਦੀਆਂ ਅਜੀਬ ਮੰਗਾਂ ਸੁਣ ਕੇ ਲੋਕ ਹੈਰਾਨ ਰਹਿ ਜਾਂਦੇ ਹਨ। ਫਿਲਹਾਲ ਸੋਸਲ ਮੀਡੀਆ ‘ਤੇ ਇਕ ਵੀਡੀਓ ਵਾਇਰਲ ਹੋ ਰਿਹਾ ਹੈ। ਇਸ ਵੀਡੀਓ ‘ਚ ਜਹਾਜ ਤੋਂ ਨੋਟਾਂ ਦੀ ਬਾਰਿਸ ਹੁੰਦੀ ਦਿਖਾਈ ਦੇ ਰਹੀ ਹੈ। ਸੋਸਲ ਮੀਡੀਆ ‘ਤੇ ਵਾਇਰਲ ਹੋ ਰਹੀ ਵੀਡੀਓ ‘ਚ ਦੇਖਿਆ ਜਾ ਸਕਦਾ ਹੈ ਕਿ ਇੱਕ ਜਹਾਜ ਦੁਲਹਨ ਦੇ ਘਰ ਦੇ ਉੱਪਰ ਉੱਡ ਰਿਹਾ ਹੈ ਅਤੇ ਲੱਖਾਂ ਰੁਪਏ ਦੇ ਨੋਟ ਸੁੱਟ ਰਿਹਾ ਹੈ। ਇਸ ਵੀਡੀਓ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਦੱਸਿਆ ਜਾ ਰਿਹਾ ਹੈ ਕਿ ਲਾੜੀ ਦੇ ਪਿਤਾ ਦੀ ਮੰਗ ‘ਤੇ ਲਾੜੇ ਦੇ ਪਿਤਾ ਨੇ ਜਹਾਜ ਕਿਰਾਏ ‘ਤੇ ਲਿਆ ਸੀ, ਜਿਸ ਨੂੰ ਦੇਖਣ ਲਈ ਵੱਡੀ ਗਿਣਤੀ ‘ਚ ਲੋਕ ਇਕੱਠੇ ਹੋ ਗਏ ਸਨ। ਇਸ ਵੀਡੀਓ ਨੂੰ ਸੋਸਲ ਮੀਡੀਆ ‘ਤੇ ਸੇਅਰ ਕੀਤਾ ਗਿਆ ਹੈ ਅਤੇ ਇਸ ‘ਚ ਲਿਖਿਆ ਗਿਆ ਹੈ ਕਿ ਲਾੜੇ ਦੇ ਪਿਤਾ ਨੇ ਆਪਣੇ ਬੇਟੇ ਦੇ ਵਿਆਹ ਲਈ ਜਹਾਜ ਕਿਰਾਏ ‘ਤੇ ਲਿਆ ਅਤੇ ਲੱਖਾਂ ਰੁਪਏ ਲਾੜੀ ਦੇ ਘਰ ਸੁੱਟ ਦਿੱਤੇ। ਹੁਣ ਲੱਗਦਾ ਹੈ ਕਿ ਲਾੜਾ ਸਾਰੀ ਉਮਰ ਆਪਣੇ ਪਿਤਾ ਦਾ ਕਰਜਾ ਮੋੜਦਾ ਰਹੇਗਾ। ਇਸ ਵੀਡੀਓ ਨੂੰ ਦੇਖ ਕੇ ਕਈ ਲੋਕ ਹੈਰਾਨ ਰਹਿ ਗਏ। ਇੱਕ ਸੋਸਲ ਮੀਡੀਆ ਯੂਜਰ ਨੇ ਲਿਖਿਆ ਕਿ ਇਹ ਸਿਰਫ ਪੈਸੇ ਦੀ ਬਰਬਾਦੀ ਹੈ ਹੋਰ ਕੁਝ ਨਹੀਂ। ਇਕ ਹੋਰ ਨੇ ਲਿਖਿਆ ਕਿ ਦੁਲਹਨ ਦੇ ਘਰ ‘ਤੇ ਤਾਕਤ ਦਿਖਾਉਣ ਲਈ ਲੋਕ ਕਰਜਾ ਵੀ ਲੈਂਦੇ ਹਨ। ਇੱਕ ਨੇ ਲਿਖਿਆ ਕਿ ਲਾੜਾ-ਲਾੜੀ ਨੂੰ ਛੱਡੋ, ਅੱਜ ਇਸ ਦੇ ਗੁਆਂਢੀ ਸਭ ਤੋਂ ਵੱਧ ਖੁਸ ਹੋਣਗੇ ਕਿਉਂਕਿ ਉਨ੍ਹਾਂ ਦੇ ਘਰ ਨੋਟਾਂ ਦੀ ਬਰਸਾਤ ਹੋਈ ਹੈ। ਹਾਲਾਂਕਿ ਇਹ ਪਹਿਲੀ ਵਾਰ ਨਹੀਂ ਹੈ ਕਿ ਇਸ ਤਰ੍ਹਾਂ ਦੀ ਅਜੀਬੋ-ਗਰੀਬ ਮੰਗ ਪੂਰੀ ਹੋਈ ਹੋਵੇ ਜਾਂ ਕਿਸੇ ਵਿਆਹ ‘ਚ ਜਹਾਜ ਦੀ ਵਰਤੋਂ ਕੀਤੀ ਗਈ ਹੋਵੇ। ਭਾਰਤ ‘ਚ ਦੁਲਹਨ ਦੀ ਵਿਦਾਈ ਲਈ ਕਈ ਵਾਰ ਹੈਲੀਕਾਪਟਰ ਕਿਰਾਏ ‘ਤੇ ਲਏ ਗਏ ਹਨ।

## ਫੇਲ ਹੋਣ ‘ਤੇ ਮੁੰਡੇ ਨੇ ਮਾਰ ‘ਤੇ ਮਾਪੇ, ਘਰ ‘ਚੋਂ ਆਈ ਬਦਬੂ ਤਾਂ ਹੋਇਆ ਖੁਲਾਸਾ

ਮਹਾਰਾਸਟਰ 3 ਜਨਵਰੀ। ਮਹਾਰਾਸਟਰ ਦੇ ਨਾਗਪੁਰ ‘ਚ ਇਕ ਇੰਜੀਨੀਅਰਿੰਗ ਵਿਦਿਆਰਥੀ ਨੇ ਪੜ੍ਹਾਈ ਅਤੇ ਕਰੀਅਰ ਨੂੰ ਲੈ ਕੇ ਵਾਰ-ਵਾਰ ਫੇਲ ਹੋਣ ‘ਤੇ ਸਵਾਲ ਕੀਤੇ ਜਾਣ ‘ਤੇ ਹੋਏ ਝਗੜੇ ਮਗਰੋਂ ਆਪਣੇ ਹੀ ਮਾਤਾ-ਪਿਤਾ ਦਾ ਬਹੁਤ ਬੇਰਹਿਮੀ ਨਾਲ ਕਤਲ ਕਰ ਦਿੱਤਾ। ਕਤਲ ਦੀ ਇਸ ਵਾਰਦਾਤ ਨਾਲ ਇਲਾਕੇ ਵਿਚ ਸਨਸਨੀ ਫੈਲ ਗਈ। 25 ਸਾਲਾ ਦੋਸੀ ਉਤਕਰਸ ਢਕੋਲੇ ਨੇ ਸਹਿਰ ਦੇ ਕਪਿਲ ਨਗਰ ਇਲਾਕੇ ‘ਚ ਸਥਿਤ ਆਪਣੇ ਘਰ ‘ਚ ਇਸ ਵਾਰਦਾਤ ਨੂੰ ਅੰਜਾਮ ਦਿੱਤਾ। ਦੱਸ ਦੇਈਏ ਕਿ ਕਤਲ ਦਾ ਇਹ ਮਾਮਲਾ ਮਹਾਰਾਸਟਰ ਦੇ ਨਾਗਪੁਰ ਦਾ ਹੈ। ਇਸ ਵਾਰਦਾਤ ਦੇ ਬਾਰੇ ਉਸ ਸਮੇਂ ਪਤਾ ਲੱਗਾ, ਜਦੋਂ ਬੁੱਧਵਾਰ ਸਵੇਰੇ ਉਕਤ ਘਰ ਵਿਚੋਂ ਬਦਬੂ ਆਉਣ ਲੱਗੀ, ਜਿਸ ਤੋਂ ਬਾਅਦ ਗੁਆਂਢੀਆਂ ਨੇ ਪੁਲਸ ਨਾਲ ਸੰਪਰਕ ਕੀਤਾ। ਸੁਰੂਆਤੀ ਜਾਂਚ ‘ਚ ਸਾਹਮਣੇ ਆਇਆ ਹੈ ਕਿ ਦੋਸੀ ਉਤਕਰਸ ਢਕੋਲੇ (25) ਇੰਜੀਨੀਅਰਿੰਗ ਦੇ ਤੀਜੇ ਸਾਲ ‘ਚ ਹੈ। ਉਹ ਪਿਛਲੇ ਦੋ ਸਾਲਾਂ ਤੋਂ ਲਗਾਤਾਰ ਫੇਲ ਹੋ ਰਿਹਾ ਸੀ। ਉਤਕਰਸ ਦੇ ਮਾਤਾ-ਪਿਤਾ ਚਾਹੁੰਦੇ ਸਨ ਕਿ ਉਹ ਇੰਜੀਨੀਅਰਿੰਗ ਦੀ ਪੜ੍ਹਾਈ ਛੱਡ ਕੇ ਕੁਝ ਹੋਰ ਕਰ ਲਵੇ। ਇਸੇ ਗੱਲ ਤੋਂ ਨਾਰਾਜ ਹੋ ਕੇ ਮੁਲਜਮ ਨੇ 26 ਦਸੰਬਰ ਨੂੰ ਆਪਣੀ ਮਾਂ ਦਾ ਗਲਾ ਘੁੱਟ ਕੇ ਉਸ ਦਾ ਕਤਲ ਕਰ ਦਿੱਤਾ। ਸਾਮ ਦੇ ਸਮੇਂ ਜਦੋਂ ਉਸ ਦੇ ਪਿਤਾ ਘਰ ਆਏ ਤਾਂ ਉਸ ਨੇ ਪਿਤਾ ‘ਤੇ ਚਾਕੂ ਨਾਲ ਹਮਲਾ ਕਰਕੇ ਉਹਨਾਂ ਦਾ ਕਤਲ ਕਰ ਦਿੱਤਾ। ਮਾਤਾ-ਪਿਤਾ ਦਾ ਕਤਲ ਕਰਨ ਤੋਂ ਬਾਅਦ ਦੋਸੀ ਲਾਸ਼ਾਂ ਨੂੰ ਘਰ ਵਿਚ ਛੱਡ ਕੇ ਆਪਣੀ ਭੈਣ ਨਾਲ ਆਪਣੇ ਚਾਚੇ ਦੇ ਘਰ ਚੱਲਾ ਗਿਆ। ਉਤਕਰਸ ਨੇ ਦੱਸਿਆ ਕਿ ਉਸ ਦੇ ਮਾਤਾ-ਪਿਤਾ ਮੈਡੀਟੇਸਨ ਪ੍ਰੋਗਰਾਮ ਲਈ ਬੈਂਗਲੁਰੂ ਗਏ ਹੋਏ ਹਨ। ਭੈਣ ਨੂੰ ਮਾਤਾ-ਪਿਤਾ ਦੇ ਕਤਲ ਬਾਰੇ ਕੋਈ ਜਾਣਕਾਰੀ ਨਹੀਂ ਸੀ। ਘਰ ਬੰਦ ਹੋਣ ਕਰਕੇ ਅੰਦਰੋ ਬਦਬੂ ਆ ਰਹੀ ਸੀ। ਬਦਬੂ ਆਉਣ ਕਰ ਦਿੱਤਾ। ਸਾਮ ਦੇ ਸਮੇਂ ਜਦੋਂ ਉਸ ਦੇ ਪਿਤਾ ਘਰ ਆਏ ਤਾਂ ਉਸ ਨੇ ਪਿਤਾ ‘ਤੇ ਚਾਕੂ ਨਾਲ ਹਮਲਾ ਕਰਕੇ ਉਹਨਾਂ ਦਾ ਕਤਲ ਕਰ ਦਿੱਤਾ। ਮਾਤਾ-ਪਿਤਾ ਦਾ ਕਤਲ ਕਰਨ ਤੋਂ ਬਾਅਦ ਦੋਸੀ ਲਾਸ਼ਾਂ ਨੂੰ ਘਰ ਵਿਚ ਛੱਡ ਕੇ ਆਪਣੀ ਭੈਣ ਨਾਲ ਆਪਣੇ ਚਾਚੇ ਦੇ ਘਰ ‘ਤੇ ਗੁਆਂਢੀਆਂ ਨੇ 1 ਜਨਵਰੀ ਨੂੰ ਪੁਲਸ ਨੂੰ ਇਸ ਦੀ ਸੂਚਨਾ ਦਿੱਤੀ, ਜਿਸ ਤੋਂ ਬਾਅਦ ਸਾਰਾ ਮਾਮਲਾ ਸਾਹਮਣੇ ਆਇਆ। ਪੁਲਸ ਨੇ ਲੜਕੇ ਨੂੰ ਗ੍ਰਿਫਤਾਰ ਕਰਕੇ ਇਸ ਮਾਮਲੇ ਦੀ ਜਾਂਚ ਕੀਤੀ, ਜਿਸ ਤੋਂ ਬਾਅਦ ਸਾਰੀ ਘਟਨਾ ਸਾਹਮਣੇ ਆ ਗਈ। ਮੁਲਜਮ ਦਾ ਪਿਤਾ ਲੀਲਾਧਰ ਢਕੋਲੇ ਕੋਰੜੀ ਪਾਵਰ ਸਟੇਸਨ ਵਿੱਚ ਟੈਕਨੀਸੀਅਨ ਸੀ, ਜਦੋਂ ਕਿ ਮਾਂ ਅਰੁਣਾ ਢਕੋਲੇ ਸੰਗੀਤਾ ਵਿਦਿਆਲਿਆ ਵਿੱਚ ਅਧਿਆਪਕ ਸੀ।


**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.



**☛ ਰੇਲਯਾਤਰੀ ਕਿਰਪਾ ਧਿਆਨ ਦੇਣ ! ☚**

**ਕੁੰਭ ਮੇਲਾ ਵਿਸ਼ੇਸ਼ ਰੇਲਗੱਡੀਆਂ**

ਆਉਂਦੇ ਕੁੰਭ ਮੇਲਾ-2025 ਦੇ ਮੱਦੇਨਜਰ, ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ ਜਾਣ ਲਈ ਰੇਲਵੇ ਦੁਆਰਾ ਹੇਠਾਂ ਲਿਖਤ ਵਿਸ਼ੇਸ਼ ਰੇਲਗੱਡੀਆਂ ਹੇਠਾਂ ਦਿਤੇ ਗਏ ਟਾਈਮ-ਟੇਬਲ ਦੇ ਅਨੁਸਾਰ ਚਲਾਈਆਂ ਜਾਣਗੀਆਂ:-

**04526/04525 ਬਠਿੰਡਾ ਜੰ. - ਫਾਫਾਮਊ ਜੰ. - ਬਠਿੰਡਾ ਜੰ. ਕੁੰਭ ਵਿਸ਼ੇਸ਼ ਰੇਲਗੱਡੀ** 12 ਫੇਰੇ

| ਗੱਡੀ ਨੰ. 04526 | | ↓ ਸਟੇਸ਼ਨ ↑ | ਗੱਡੀ ਨੰ. 04525 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 04:30 | ਬਠਿੰਡਾ ਜੰ. | 01:10 | ---- |
| 23:55 | ---- | ਫਾਫਾਮਊ ਜੰ. | ---- | 06:30 |

ਚਲਣ ਦੇ ਦਿਨ: 04526 ਬਠਿੰਡਾ ਜੰ. ਤੋਂ ਮਿਤੀ 19.01.2025, 22.01.2025, 25.01.2025, 08.02.2025, 18.02.2025 ਅਤੇ 22.02.2025 ਅਤੇ 04525 ਫਾਫਾਮਊ ਜੰ. ਤੋਂ ਮਿਤੀ 20.01.2025, 23.01.2025, 26.01.2025, 09.02.2025, 19.02.2025 ਅਤੇ 23.02.2025 ਨੂੰ।
ਸਥਾਨ : 3 ਟੀਯਰ ਏਸੀ., ਸਲੀਪਰ ਅਤੇ ਜਨਰਲ ਸ਼੍ਰੇਣੀ।
ਠਹਿਰਾਓ: ਰਾਮਪੁਰਾ ਫੂਲ, ਬਰਨਾਲਾ, ਧੂਰੀ, ਪਟਿਆਲਾ, ਰਾਜਪੁਰਾ, ਅੰਬਾਲਾ ਛਾਉਣੀ, ਯਮੁਨਾਨਗਰ ਜਗਾਧਰੀ, ਸਹਾਰਨਪੁਰ, ਰੁੜਕੀ, ਲਕਸਰ, ਨਜੀਬਾਬਾਦ, ਮੁਰਾਦਾਬਾਦ, ਬਰੇਲੀ ਜੰ., ਸ਼ਾਹਜਹਾਂਪੁਰ, ਹਰਦੋਈ, ਲਖਨਊ ਅਤੇ ਰਾਯਬਰੇਲੀ ਜੰ. ਸਟੇਸ਼ਨ।

**04528/04527 ਅੰਬ ਅੰਦੌਰਾ - ਫਾਫਾਮਊ ਜੰ. - ਅੰਬ ਅੰਦੌਰਾ ਕੁੰਭ ਵਿਸ਼ੇਸ਼ ਰੇਲਗੱਡੀ** 12 ਫੇਰੇ

| ਗੱਡੀ ਨੰ. 04528 | | ↓ ਸਟੇਸ਼ਨ ↑ | ਗੱਡੀ ਨੰ. 04527 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 22:05 | ਅੰਬ ਅੰਦੌਰਾ | 17:50 | ---- |
| 12:45 | 12:55 | ਲਖਨਊ | 02:00 | 02:10 |
| 18:00 | ---- | ਫਾਫਾਮਊ ਜੰ. | ---- | 22:30 |

ਚਲਣ ਦੇ ਦਿਨ: 04528 ਅੰਬ ਅੰਦੌਰਾ ਤੋਂ ਮਿਤੀ 17.01.2025, 20.01.2025, 25.01.2025, 09.02.2025, 15.02.2025 ਅਤੇ 23.02.2025 ਅਤੇ 04527 ਫਾਫਾਮਊ ਜੰ. ਤੋਂ ਮਿਤੀ 18.01.2025, 21.01.2025, 26.01.2025, 10.02.2025, 16.02.2025 ਅਤੇ 24.02.2025 ਨੂੰ।
ਸਥਾਨ : 3 ਟੀਯਰ ਏਸੀ., ਸਲੀਪਰ ਅਤੇ ਜਨਰਲ ਸ਼੍ਰੇਣੀ।
ਠਹਿਰਾਓ: ਊਨਾ ਹਿਮਾਚਲ, ਨੰਗਲ ਡੈਮ, ਆਨੰਦਪੁਰ ਸਾਹਿਬ, ਰੂਪ ਨਗਰ, ਮੋਰਿੰਡਾ, ਚੰਡੀਗੜ੍ਹ, ਅੰਬਾਲਾ ਛਾਉਣੀ, ਯਮੁਨਾਨਗਰ ਜਗਾਧਰੀ, ਸਹਾਰਨਪੁਰ, ਰੁੜਕੀ, ਨਜੀਬਾਬਾਦ, ਮੁਰਾਦਾਬਾਦ, ਬਰੇਲੀ ਜੰ., ਸ਼ਾਹਜਹਾਂਪੁਰ, ਲਖਨਊ ਅਤੇ ਰਾਯਬਰੇਲੀ ਜੰ. ਸਟੇਸ਼ਨ।

**04316/04315 ਦੇਹਰਾਦੂਨ - ਫਾਫਾਮਊ ਜੰ. - ਦੇਹਰਾਦੂਨ ਕੁੰਭ ਵਿਸ਼ੇਸ਼ ਰੇਲਗੱਡੀ** 12 ਫੇਰੇ

| ਗੱਡੀ ਨੰ. 04316 | | ↓ ਸਟੇਸ਼ਨ ↑ | ਗੱਡੀ ਨੰ. 04315 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 08:10 | ਦੇਹਰਾਦੂਨ | 21:30 | ---- |
| 18:30 | 18:35 | ਲਖਨਊ | 10:40 | 10:50 |
| 23:50 | ---- | ਫਾਫਾਮਊ ਜੰ. | ---- | 06:30 |

ਚਲਣ ਦੇ ਦਿਨ: 04316 ਦੇਹਰਾਦੂਨ ਤੋਂ ਮਿਤੀ 18.01.2025, 21.01.2025, 24.01.2025, 09.02.2025, 16.02.2025 ਅਤੇ 23.02.2025 ਅਤੇ 04315 ਫਾਫਾਮਊ ਜੰ. ਤੋਂ ਮਿਤੀ 19.01.2025, 22.01.2025, 25.01.2025, 10.02.2025, 17.02.2025 ਅਤੇ 24.02.2025 ਨੂੰ।
ਸਥਾਨ : 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ ਸ਼੍ਰੇਣੀ।
ਠਹਿਰਾਓ: ਹਰਿਦੁਆਰ, ਨਜੀਬਾਬਾਦ, ਮੁਰਾਦਾਬਾਦ, ਬਰੇਲੀ ਜੰ., ਲਖਨਊ ਅਤੇ ਰਾਯਬਰੇਲੀ ਜੰ. ਸਟੇਸ਼ਨ।

**04066/04065 ਦਿੱਲੀ ਜੰ. - ਫਾਫਾਮਊ ਜੰ. -ਦਿੱਲੀ ਜੰ. ਕੁੰਭ ਵਿਸ਼ੇਸ਼ ਰੇਲਗੱਡੀ** 14 ਫੇਰੇ

| ਗੱਡੀ ਨੰ. 04066 | | ↓ ਸਟੇਸ਼ਨ ↑ | ਗੱਡੀ ਨੰ. 04065 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 23:25 | ਦਿੱਲੀ ਜੰ. | 13:40 | ---- |
| 14:15 | ---- | ਫਾਫਾਮਊ ਜੰ. | ---- | 23:30 |

ਚਲਣ ਦੇ ਦਿਨ: 04066 ਦਿੱਲੀ ਜੰ. ਤੋਂ ਮਿਤੀ 10.01.2025, 18.01.2025, 22.01.2025, 31.01.2025, 08.02.2025, 16.02.2025 ਅਤੇ 27.02.2025 ਅਤੇ 04065 ਫਾਫਾਮਊ ਜੰ. ਤੋਂ ਮਿਤੀ 11.01.2025, 19.01.2025, 23.01.2025, 01.02.2025, 09.02.2025, 17.01.2025 ਅਤੇ 28.02.2025 ਨੂੰ।
ਸਥਾਨ : 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ ਸ਼੍ਰੇਣੀ।
ਠਹਿਰਾਓ: ਗਾਜੀਆਬਾਦ, ਹਾਪੁੜ, ਗੜ੍ਹਮੁਕਤੇਸ਼ਵਰ, ਗਜਰੌਲਾ, ਅਮਰੋਹਾ, ਮੁਰਾਦਾਬਾਦ, ਰਾਮਪੁਰ, ਬਰੇਲੀ ਜੰ., ਸ਼ਾਹਜਹਾਂਪੁਰ, ਹਰਦੋਈ, ਲਖਨਊ ਅਤੇ ਰਾਯਬਰੇਲੀ ਜੰ. ਸਟੇਸ਼ਨ।

**04662/04661 ਅੰਮ੍ਰਿਤਸਰ - ਫਾਫਾਮਊ ਜੰ. - ਅੰਮ੍ਰਿਤਸਰ ਕੁੰਭ ਵਿਸ਼ੇਸ਼ ਰੇਲਗੱਡੀ** 06 ਫੇਰੇ

| ਗੱਡੀ ਨੰ. 04662 | | ↓ ਸਟੇਸ਼ਨ ↑ | ਗੱਡੀ ਨੰ. 04661 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 20:10 | ਅੰਮ੍ਰਿਤਸਰ | 04:15 | ---- |
| 19:00 | ---- | ਫਾਫਾਮਊ ਜੰ. | ---- | 06:30 |

ਚਲਣ ਦੇ ਦਿਨ: 04662 ਅੰਮ੍ਰਿਤਸਰ ਤੋਂ ਮਿਤੀ 09.01.2025, 19.01.2025, ਅਤੇ 06.02.2025 ਅਤੇ 04661 ਫਾਫਾਮਊ ਜੰ. ਤੋਂ ਮਿਤੀ 11.01.2025, 21.01.2025, ਅਤੇ 08.02.2025 ਨੂੰ।
ਸਥਾਨ : 2 ਟੀਯਰ ਏਸੀ., ਸਹਿ 3 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ ਸ਼੍ਰੇਣੀ।
ਠਹਿਰਾਓ: ਬਿਆਸ, ਜਲੰਧਰ ਸਿਟੀ, ਢੰਡਾਰੀ ਕਲਾਂ, ਸਰਹਿੰਦ, ਰਾਜਪੁਰਾ, ਅੰਬਾਲਾ ਛਾਉਣੀ, ਯਮੁਨਾਨਗਰ ਜਗਾਧਰੀ, ਸਹਾਰਨਪੁਰ, ਦੇਵਬੰਦ, ਮੁਜਫਰਨਗਰ, ਮੇਰਠ ਸਿਟੀ, ਹਾਪੁੜ, ਗੜ੍ਹਮੁਕਤੇਸ਼ਵਰ, ਗਜਰੌਲਾ, ਅਮਰੋਹਾ, ਮੁਰਾਦਾਬਾਦ, ਰਾਮਪੁਰ ਬਰੇਲੀ ਜੰ., ਸ਼ਾਹਜਹਾਂਪੁਰ, ਲਖਨਊ ਅਤੇ ਰਾਯਬਰੇਲ ਜੰ. ਸਟੇਸ਼ਨ।

**04664/04663 ਫਿਰੋਜਪੁਰ-ਫਾਫਾਮਊ ਜੰ. - ਫਿਰੋਜਪੁਰ ਕੁੰਭ ਵਿਸ਼ੇਸ਼ ਰੇਲਗੱਡੀ** 02 ਫੇਰੇ

| ਗੱਡੀ ਨੰ. 04664 | | ↓ ਸਟੇਸ਼ਨ ↑ | ਗੱਡੀ ਨੰ. 04663 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 13:25 | ਫਿਰੋਜਪੁਰ | 16:45 | ---- |
| 11:30 | ---- | ਫਾਫਾਮਊ ਜੰ. | ---- | 19:30 |

ਚਲਣ ਦੇ ਦਿਨ: 04664 ਫਿਰੋਜਪੁਰ ਤੋਂ ਮਿਤੀ 25.01.2025, ਅਤੇ 04663 ਫਾਫਾਮਊ ਜੰ. ਤੋਂ ਮਿਤੀ 26.01.2025 ਨੂੰ।
ਸਥਾਨ : 2 ਟੀਯਰ ਏਸੀ., ਸਹਿ 3 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ ਸ਼੍ਰੇਣੀ।
ਠਹਿਰਾਓ: ਫਰੀਦਕੋਟ, ਕੋਟਕਪੁਰਾ, ਬਠਿੰਡਾ ਜੰ., ਧੂਰੀ ਜੰ., ਪਟਿਆਲਾ, ਰਾਜਪੁਰਾ, ਅੰਬਾਲਾ ਛਾਉਣੀ, ਸਹਾਰਨਪੁਰ, ਮੁਰਾਦਾਬਾਦ, ਬਰੇਲੀ ਜੰ., ਸ਼ਾਹਜਹਾਂਪੁਰ, ਲਖਨਊ ਅਤੇ ਰਾਯਬਰੇਲੀ ਜੰ. ਸਟੇਸ਼ਨ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿਸੇ ਵੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ. 139 ’ਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਜਾਂ NTES ਐਪ ਵੇਖੋ

’ਤੇ ਸਾਨੂੰ ਫਾਲੋ ਕਰੋ

ਉੱਤਰ ਰੇਲਵੇ
ਤੁਹਾਡੀ ਸੁਵਿਧਾ - ਸਾਡਾ ਲਕਸ਼
ਸਾਨੂੰ www.nr.indianrailways.gov.in ’ਤੇ ਮਿਲੋ
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਟੀਬੀ ਰੋਗ ਹੋਵੇ ਜੜ੍ਹ ਤੋਂ ਖ਼ਤਮ



ਮਾਏਕ੍ਰੋਇਕਟੀਰਿਅਮ ਕਲੋਸਿਸ ਬੈਕਟੀਰੀਆ ਦੇ ਕਾਰਨ ਫੈਲਣ ਵਾਲਾ ਇਕ ਛੂਤ ਰੋਗ ਹੈ। ਪੇਟ, ਕਿਡਨੀ, ਰੀੜ੍ਹ ਦੀ ਹੱਡੀ ਜਾਂ ਬਰੇਨ 'ਚ ਟੀਵੀ ਹੋਣੀ ਬਹੁਤ ਆਮ ਜਿਹੀ ਗੱਲ ਹੋ ਗਈ ਹੈ। ਇਸ ਰੋਗ ਦਾ ਸ਼ੁਰੂਆਤੀ ਇਲਾਜ ਨਾ ਹੋਣ 'ਤੇ ਇਹ ਜਾਨਲੇਵਾ ਵੀ ਸਾਬਤ ਹੋ ਸਕਦਾ ਹੈ। ਪਰਿਵਾਰ 'ਚ ਜੇ ਕਿਸੇ ਇਕ ਨੂੰ ਹੁੰਦੀ ਹੈ ਤਾਂ ਬਾਕੀ ਮੈਂਬਰਾਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਖ਼ਾਸ ਤੌਰ 'ਤੇ ਬੱਚਿਆਂ ਨੂੰ ਇਸ ਤੋਂ ਦੂਰ ਰੱਖਣਾ ਚਾਹੀਦਾ ਹੈ ਕਿਉਂਕਿ ਸਿਰਫ਼ ਖਾਂਸੀ ਤੇ ਛਿਕਣ ਨਾਲ ਜੀਵਾਣੂ ਇਕ ਵਿਅਕਤੀ ਤੋਂ ਦੂਸਰੇ ਵਿਅਕਤੀ ਤਕ ਪਹੁੰਚ ਜਾਂਦੇ ਹਨ। ਇਕ ਜਾਂਚ ਦੇ ਅਨੁਸਾਰ ਹਰ ਸਾਲ 4,00,000 ਲੋਕ ਲਾਪ੍ਰਵਾਹੀ ਦੇ ਕਾਰਨ ਇਸ ਬਿਮਾਰੀ ਦੀ ਲਪੇਟ 'ਚ ਆ ਜਾਂਦੇ ਹਨ। ਇਸ ਰੋਗ ਦੇ ਹੋਣ 'ਤੇ ਦਵਾਈਆਂ ਦੇ ਨਾਲ ਘਰੇਲੂ ਉਪਾਅ ਵੀ ਕਰ ਸਕਦੇ ਹਾਂ। ਆਓ ਜਾਣਦੇ ਹਾਂ ਟੀਬੀ ਦੇ ਘਰੇਲੂ ਨੁਸਖੇ, ਲੱਛਣ ਤੇ ਇਲਾਜ।

### ਲੱਛਣ

- ਤਿੰਨ ਹਫ਼ਤੇ ਤਕ ਲਗਾਤਾਰ ਖਾਂਸੀ
- ਭੁੱਖ ਨਾ ਲੱਗਣਾ
- ਭਾਰ ਘੱਟ ਹੋ ਜਾਣਾ
- ਬੁਖ਼ਾਰ ਤੇ ਠੰਢ ਲੱਗਣਾ
- ਖਾਂਸੀ ਦੇ ਨਾਲ ਰੇਸ਼ਾ ਆਉਣਾ ਤੇ ਖ਼ੂਨ ਨਿਕਲਣਾ
- ਸਾਹ ਲੈਣ 'ਚ ਪਰੇਸ਼ਾਨੀ
- ਗਲ਼ੇ ਦੀਆਂ ਗ੍ਰੰਥੀਆਂ 'ਚ ਸੋਜ
- ਸਰੀਰ 'ਚ ਦਰਦ
- ਥਕਾਵਟ ਤੇ ਕਮਜ਼ੋਰੀ।

### ਘਰੇਲੂ ਉਪਾਅ

**ਲਸਣ**

ਲਸਣ ਟੀਬੀ ਦੇ ਕੀਟਾਣੂਆਂ ਨੂੰ ਖ਼ਤਮ ਕਰਨ 'ਚ ਮਦਦ ਕਰਦਾ ਹੈ। ਇਸ ਦੇ ਲਈ ਅੱਧਾ ਚਮਚ ਲਸਣ, ਇਕ ਕੱਪ ਦੁੱਧ ਤੇ 4 ਕੱਪ ਪਾਣੀ ਨੂੰ ਇਕਠੇ ਹੀ ਉਬਾਲੋ। ਇਸ ਨੂੰ ਤਿੰਨ ਵਾਰ ਪੀਣ ਨਾਲ ਟੀਬੀ ਰੋਗ ਖ਼ਤਮ ਹੋ ਜਾਂਦਾ ਹੈ।

### ਸ਼ਹਿਦ

200 ਗ੍ਰਾਮ ਸ਼ਹਿਦ, 200 ਗ੍ਰਾਮ ਮਿਸ਼ਰੀ, 100 ਗ੍ਰਾਮ ਘਿਓ ਨੂੰ ਚੰਗੀ ਤਰ੍ਹਾਂ ਮਿਲਾ ਲਓ। ਦਿਨ 'ਚ 2-3 ਵਾਰ ਟੀਬੀ ਮਰੀਜ਼ ਨੂੰ ਖਵਾਓ ਤੇ ਇਸ ਤੋਂ ਬਾਅਦ ਗਾਂ ਜਾਂ ਬੱਕਰੀ ਦਾ ਦੁੱਧ ਪਲਾਓ। ਇਸ ਨਾਲ ਟੀਬੀ ਜੜ੍ਹ ਤੋਂ ਖ਼ਤਮ ਹੋ ਜਾਵੇਗੀ।

### ਪਿੱਪਲ ਦੇ ਪੱਤੇ

ਪਿੱਪਲ ਦੇ ਪੱਤਿਆਂ ਨੂੰ ਸਾੜ ਕੇ ਇਸ ਦੀ 10 ਗ੍ਰਾਮ ਰਾਖ ਨੂੰ 20 ਗ੍ਰਾਮ ਤਕ ਬੱਕਰੀ ਦੇ ਗਰਮ ਦੁੱਧ 'ਚ ਮਿਲਾਓ। ਇਸ 'ਚ ਥੋੜ੍ਹਾ ਜਿਹਾ ਸ਼ਹਿਦ ਮਿਲਾ ਕੇ ਰੋਜ਼ ਪੀਓ। ਇਹ ਸਿਹਤ ਲਈ ਬਹੁਤ ਹੀ ਵਧੀਆ ਹੈ।

### ਕਾਲੀ ਮਿਰਚ

ਫੇਫੜਿਆਂ 'ਚ ਜੰਮਿਆ ਰੇਸ਼ਾ ਤੇ ਖਾਂਸੀ ਨੂੰ ਦੂਰ ਕਰਨ ਲਈ ਥੋੜ੍ਹੇ ਜਿਹੇ ਮੱਖਣ 'ਚ 8-10 ਕਾਲੀਆਂ ਮਿਰਚਾਂ ਫਰਾਈ ਕਰਕੇ ਇਸ 'ਚ 1 ਚੁਟਕੀ ਹਿੰਗ ਮਿਲਾ ਕੇ ਪੀਸ ਲਓ।

## ਗੁਣਕਾਰੀ ਅਦਰਕ

ਗਲਾ ਖ਼ਰਾਬ, ਬਲਗਮ, ਕਬਜ਼, ਗਠੀਆ ਆਦਿ ਰੋਗਾਂ ਲਈ ਅਦਰਕ ਬਹੁਤ ਗੁਣਕਾਰੀ ਹੈ। ਅਦਰਕ ਇਕ ਪੌਦੇ ਦੀ ਜੜ੍ਹ ਹੈ।ਇਹ ਪੌਦਾ ਦੋ ਕੁ ਫੁੱਟ ਉਚਾ ਹੁੰਦਾ ਹੈ। ਅਦਰਕ ਨੂੰ ਜੇ ਸੁਕਾਅ ਕੇ ਰੱਖੀਏ ਤਾਂ ਇਹ ਸੌਂਠ ਕਹਾਉਂਦਾ ਹੈ।ਅਦਰਕ ਭੋਜਨ ਨੂੰ ਪਚਾਉਂਦਾ, ਬਲਗਮ ਨੂੰ ਦੂਰ ਕਰਦਾ ਹੈ ਅਤੇ ਭੁੱਖ ਵਧਾਉਂਦਾ ਹੈ। ਦਾਲ- ਸਬਜ਼ੀ ਤੋਂ ਇਲਾਵਾ ਇਸ ਨੂੰ ਚਾਹ ਆਦਿ ਵਿਚ ਵੀ ਪਾ ਕੇ ਪੀਤਾ ਜਾ ਸਕਦਾ ਹੈ। ਇਸ ਦਾ ਆਚਾਰ ਪੇਟ ਲਈ ਬਹੁਤ ਗੁਣਕਾਰੀ ਹੈ।

### ਦਵਾਈਆਂ ਵਾਲੇ ਗੁਣ

- ਜੇ ਗਲ਼ਾ ਖ਼ਰਾਬ ਹੋਵੇ ਤਾਂ ਨਮਕ ਲਗਾ ਕੇ ਅਦਰਕ ਖਾਣ ਨਾਲ ਗਲ਼ਾ ਠੀਕ ਹੋ ਜਾਂਦਾ ਹੈ।
- ਬਲਗਮ, ਖਾਂਸੀ ਅਤੇ ਸਾਹ ਦੇ ਰੋਗੀ ਨੂੰ ਜੇ 10 ਗ੍ਰਾਮ ਅਦਰਕ ਦਾ ਰਸ, ਦੋ ਤੋਲੇ ਸ਼ਹਿਦ ਆਦਿ ਵਿਚ ਮਿਲਾ ਕੇ ਦਿਨ ਵਿਚ ਦੋ ਤੋਂ ਤਿੰਨ ਵਾਰ ਖਾਣ ਨਾਲ ਰੋਗੀ ਠੀਕ ਮਹਿਸੂਸ ਕਰਦਾ ਹੈ।
- ਕਬਜ਼ ਲਈ ਅਦਰਕ ਦੇ ਛੋਟੇ-ਛੋਟੇ ਟੁਕੜੇ ਕੱਟ ਕੇ ਇਨ੍ਹਾਂ ਉੱਪਰ ਨਮਕ ਆਦਿ ਪਾ ਕੇ ਕੁੱਝ ਦਿਨ ਲਈ ਸੁਕਣ ਵਾਸਤੇ ਰੱਖ ਦਿਓ।ਫਿਰ ਨਿਯਮਿਤ ਸੇਵਨ ਕਰਨ ਨਾਲ ਕਬਜ਼ ਦੂਰ ਹੋਵੇਗੀ ਅਤੇ ਭੁੱਖ ਖੁੱਲ੍ਹ ਜਾਵੇਗੀ।
- ਕੰਨ ਆਦਿ ਵਿਚ ਕਿਸੇ ਤਰ੍ਹਾਂ ਦਾ ਵੀ ਦਰਦ ਹੋਵੇ ਤਾਂ ਅਦਰਕ ਅਤੇ ਲਸਣ ਦੇ ਰਸ ਨੂੰ ਬਰਾਬਰ ਮਾਤਰਾ ਵਿਚ ਲੈ ਕੇ ਤੇਲ ਵਿਚ ਤਲ ਕੇ ਕੰਨ ਵਿਚ ਪਾਉਣ ਨਾਲ ਦਰਦ ਤੋਂ ਰਾਹਤ ਮਿਲੇਗੀ।

• ਸੁਖਮੰਦਰ ਸਿੰਘ ਤੂਰ

# ਖ਼ੂਨਦਾਨ ਹੈ ਮਹਾਂਦਾਨ

ਰਾਸ਼ਟਰੀ ਖ਼ੂਨਦਾਨ ਮਹੀਨੇ 'ਤੇ ਵਿਸ਼ੇਸ਼



1970 ਤੋਂ ਹਰ ਸਾਲ ਜਨਵਰੀ ਨੂੰ 'ਰਾਸ਼ਟਰੀ ਖ਼ੂਨਦਾਨ ਮਹੀਨੇ ਦੇ ਰੂਪ 'ਚ ਮਨਾਇਆ ਜਾਂਦਾ ਹੈ। ਇਸ ਮਹੀਨੇ ਰੈੱਡ ਕਰਾਸ' ਵਰਗੇ ਸੰਗਠਨ ਉਨ੍ਹਾਂ ਸਾਰੇ ਲੋਕਾਂ ਨੂੰ ਹੱਲਾਸ਼ੇਰੀ ਦਿੰਦੇ ਹਨ, ਜੋ ਹਰ ਸਾਲ ਖ਼ੂਨਦਾਨ ਕਰਦੇ ਹਨ ਅਤੇ ਜ਼ਰੂਰਤਮੰਦਾਂ ਨੂੰ ਜੀਵਨ ਦਾ ਤੋਹਫ਼ਾ ਦੇਣ ਲਈ ਦੂਜਿਆਂ ਨੂੰ ਵੀ ਉਤਸ਼ਾਹਿਤ ਕਰਦੇ ਹਨ। ਖ਼ੂਨ ਸਾਡੇ ਸਰੀਰ ਦਾ ਤਰਲ ਪਦਾਰਥ ਹੈ ਜੋ ਸਰੀਰ ਦੀਆਂ ਕੋਸ਼ਿਕਾਵਾਂ ਨੂੰ ਜ਼ਰੂਰੀ ਤੱਤ ਤੇ ਆਕਸੀਜਨ ਪਹੁੰਚਾਉਣ ਦਾ ਕੰਮ ਕਰਦਾ ਹੈ। ਖ਼ੂਨ ਦੀ ਕਮੀ ਕਾਰਨ ਦੇਸ਼ 'ਚ ਲੱਖਾਂ ਲੋਕ ਆਪਣੀ ਜਾਨ ਗਵਾ ਦਿੰਦੇ ਹਨ।

- ਇਕ ਔਸਤ ਵਿਅਕਤੀ ਦੇ ਸਰੀਰ 'ਚ 10 ਯੂਨਿਟ ਭਾਵ 5-6 ਲੀਟਰ ਖ਼ੂਨ ਹੁੰਦਾ ਹੈ।
- ਖ਼ੂਨਦਾਨ 'ਚ ਸਿਰਫ਼ 1 ਯੂਨਿਟ ਖ਼ੂਨ ਹੀ ਲਿਆ ਜਾਂਦਾ ਹੈ।
- ਕਈ ਵਾਰ ਸਿਰਫ਼ ਇਕ ਕਾਰ ਐਕਸੀਡੈਂਟ 'ਚ ਹੀ 100 ਯੂਨਿਟ ਖ਼ੂਨ ਦੀ ਜ਼ਰੂਰਤ ਪੈ ਜਾਂਦੀ ਹੈ।
- ਇਕ ਵਾਰ ਖ਼ੂਨਦਾਨ ਨਾਲ ਤੁਸੀਂ 3 ਲੋਕਾਂ ਦੀ ਜ਼ਿੰਦਗੀ ਬਚਾ ਸਕਦੇ ਹੋ।
- ਭਾਰਤ 'ਚ ਸਿਰਫ਼ ਸੱਤ ਫ਼ੀਸਦੀ ਲੋਕਾਂ ਦਾ ਬਲੱਡ ਗਰੁੱਪ 'ਓ' ਨੈਗੇਟਿਵ ਹੈ।
- 'ਓ' ਨੈਗੇਟਿਵ ਬਲੱਡ ਗਰੁੱਪ ਯੂਨੀਵਰਸਲ ਡੋਨਰ ਕਹਿਲਾਉਂਦਾ ਹੈ, ਇਸ ਨੂੰ ਕਿਸੇ ਵੀ ਬਲੱਡ ਗਰੁੱਪ ਦੇ ਵਿਅਕਤੀ ਨੂੰ ਦਿੱਤਾ ਜਾ ਸਕਦਾ ਹੈ।
- ਐਮਰਜੈਂਸੀ ਦੇ ਸਮੇਂ ਜਿਵੇਂ ਜਦੋਂ ਕਿਸੇ ਨਵਜੰਮੇ ਬੱਚੇ ਜਾਂ ਹੋਰ ਨੂੰ ਖ਼ੂਨ ਦੀ ਜ਼ਰੂਰਤ ਹੋਵੇ ਅਤੇ ਉਸ ਦੇ ਬਲੱਡ ਗਰੁੱਪ ਨਾ ਵੀ ਪਤਾ ਹੋਣ 'ਤੇ ਉਸ ਨੂੰ 'ਓ' ਨੈਗੇਟਿਵ ਬਲੱਡ ਦਿੱਤਾ ਜਾ ਸਕਦਾ ਹੈ।
- ਬਲੱਡ ਡੋਨੇਸ਼ਨ ਦੀ ਪ੍ਰਕਿਰਿਆ ਕਾਫ਼ੀ ਆਸਾਨ ਹੁੰਦੀ ਹੈ ਅਤੇ ਰਕਤ ਦਾਤਾ ਨੂੰ ਇਸ 'ਚ ਕੋਈ ਮੁਸ਼ਕਲ ਨਹੀਂ ਆਉਂਦੀ।
- ਤੁਸੀ 18 ਤੋਂ 60 ਸਾਲ ਦੀ ਉਮਰ ਤਕ ਖ਼ੂਨਦਾਨ ਕਰ ਸਕਦੇ ਹੋ।
- ਖ਼ੂਨਦਾਤਾ ਦਾ ਭਾਰ, ਪਲੱਸ ਰੇਟ, ਬਲੱਡ ਪ੍ਰੈਸ਼ਰ, ਸਰੀਰ ਦਾ ਤਾਪਮਾਨ ਆਦਿ ਚੀਜ਼ਾਂ ਸਹੀ ਹੋਣ 'ਤੇ ਹੀ ਡੋਨੇਸ਼ਨ ਟੀਮ ਦੇ ਮੈਂਬਰ ਖ਼ੂਨ ਲੈਂਦੇ ਹਨ।

**ਖੋਜ 'ਚ ਇਹ ਸਾਹਮਣੇ ਆਇਆ ਕਿ ਖ਼ੂਨਦਾਨ ਦੇ ਕਈ ਫ਼ਾਇਦੇ ਵੀ ਹੁੰਦੇ ਹਨ। ਜਿਵੇਂ ਹਾਰਟ ਅਟੈਕ, ਕੈਂਸਰ ਆਦਿ ਦਾ ਸ਼ੱਕ ਘੱਟ ਹੋਣਾ। ਖ਼ੂਨਦਾਨ ਨਾਲ ਕਿਸੇ ਦੀ ਜ਼ਿੰਦਗੀ ਨੂੰ ਬਚਾਉਣ ਲਈ ਤੁਸੀਂ ਸਹਿਯੋਗ ਕਰ ਸਕਦੇ ਹੋ...**

- ਪੁਰਸ਼ ਤਿੰਨ ਮਹੀਨੇ ਅਤੇ ਔਰਤਾਂ ਚਾਰ ਮਹੀਨੇ ਦੇ ਅੰਤਰਾਲ 'ਚ ਨਿਯਮਿਤ ਖ਼ੂਨਦਾਨ ਕਰ ਸਕਦੀਆਂ ਹਨ।
- ਹਰ ਕੋਈ ਖ਼ੂਨਦਾਨ ਨਹੀਂ ਕਰ ਸਕਦਾ। ਜੇ ਤੁਸੀ ਸਿਹਤਮੰਦ ਹੋ, ਤੁਹਾਨੂੰ ਕਿਸੇ ਤਰ੍ਹਾਂ ਦਾ ਬੁਖ਼ਾਰ ਜਾਂ ਬਿਮਾਰੀ ਨਹੀਂ ਹੈ, ਤਾਂ ਤੁਸੀਂ ਖ਼ੂਨਦਾਨ ਕਰ ਸਕਦੇ ਹੋ।
- ਜੇ ਤੁਹਾਨੂੰ ਖ਼ੂਨਦਾਨ ਕਰਨ ਤੋਂ ਬਾਅਦ ਚੱਕਰ ਆਉਣੇ, ਪਸੀਨਾ ਆਉਣਾ, ਭਾਰ ਘੱਟ ਹੋਣਾ ਜਾਂ ਕਿਸੇ ਵੀ ਹੋਰ ਤਰ੍ਹਾਂ ਦੀ ਮੁਸ਼ਕਲ ਆਵੇ ਤਾਂ ਤੁਸੀਂ ਖ਼ੂਨਦਾਨ ਨਾ ਕਰੋ।

ਇਕ ਖੋਜ 'ਚ ਇਹ ਸਾਹਮਣੇ ਆਇਆ ਕਿ ਖ਼ੂਨਦਾਨ ਦੇ ਕਈ ਫ਼ਾਇਦੇ ਵੀ ਹੁੰਦੇ ਹਨ। ਜਿਵੇਂ ਹਾਰਟ ਅਟੈਕ, ਮਧੂਮੇਹ, ਕੈਂਸਰ ਆਦਿ ਦਾ ਸ਼ੱਕ ਘੱਟ ਹੋਣਾ। ਸਰੀਰ 'ਚ ਕੋਲੈਸਟ੍ਰੋਲ ਦੀ ਮਾਤਰਾ ਘਟਣਾ। ਸਰੀਰ 'ਚ ਜ਼ਿਆਦਾ ਆਇਰਨ ਹੋਣਾ ਵੀ ਸਰੀਰ ਲਈ ਹਾਨੀਕਾਰਕ ਹੋ ਜਾਂਦਾ ਹੈ। ਖ਼ੂਨਦਾਨ ਕਰਨ ਨਾਲ ਆਇਰਨ ਦੀ ਮਾਤਰਾ ਸਰੀਰ 'ਚ ਨਿਯੰਤਰਿਤ ਰਹਿੰਦੀ ਹੈ। ਖ਼ੂਨਦਾਨ ਮਹਾਂਦਾਨ ਹੈ। ਇਸ ਨਾਲ ਕਿਸੇ ਦੀ ਨਿੱਜੀ ਜ਼ਿੰਦਗੀ ਨੂੰ ਬਚਾਉਣ 'ਚ ਤੁਸੀਂ ਸਹਿਯੋਗ ਕਰਦੇ ਹੋ।

### ਖ਼ੂਨਦਾਨ ਕਰਨ ਤੋਂ ਪਹਿਲਾਂ ਟੈਸਟ ਜ਼ਰੂਰੀ ...

*ਜੇ ਕਦੀ ਸਾਨੂੰ ਖ਼ੂਨ ਦੀ ਲੋੜ ਪੈਂਦੀ ਹੈ ਜਾਂ ਖ਼ੂਨ ਦਾਨ ਕਰਨਾ ਹੈ ਉਸ ਤੋਂ ਪਹਿਲਾਂ ਕਈ ਟੈਸਟ ਕਰਵਾਉਣੇ ਚਾਹੀਦੇ ਹਨ ਤਾਂਕਿ ਜੇ ਸਾਨੂੰ ਕੋਈ ਬਿਮਾਰੀ ਹੈ ਤਾਂ ਉਸ ਦਾ ਪਤਾ ਪਹਿਲਾਂ ਹੀ ਚੱਲ ਸਕੇ ਤੇ ਉਸ ਦਾ ਸਮਾਂ ਰਹਿੰਦਿਆਂ ਇਲਾਜ ਕਰਵਾਇਆ ਜਾ ਸਕੇ...*

- ਬਲੱਡ ਡੋਨੇਸ਼ਨ ਦੇ ਸਮੇਂ ਜਿੰਨਾ ਖ਼ੂਨ ਲਿਆ ਜਾਂਦਾ ਹੈ, ਉਹ 21 ਦਿਨਾਂ 'ਚ ਸਰੀਰ ਫਿਰ ਨਿਰਮਾਣ ਕਰ ਲੈਂਦਾ ਹੈ।
- ਖ਼ੂਨਦਾਨ ਕਰਨ ਦਾ ਸਭ ਤੋਂ ਵੱਡਾ ਫ਼ਾਇਦਾ ਇਹ ਹੈ ਕਿ ਇਸ ਨਾਲ ਡੋਨਰ ਅੰਦਰ ਲੁਕੀਆਂ ਸਾਰੀਆਂ ਬਿਮਾਰੀਆਂ ਬਾਰੇ ਪਤਾ ਲੱਗ ਜਾਂਦਾ ਹੈ ਕਿਉਂਕਿ ਖ਼ੂਨਦਾਨ ਕਰਦੇ ਸਮੇਂ 7 ਤਰ੍ਹਾਂ ਦੇ ਟੈਸਟ ਕੀਤੇ ਜਾਂਦੇ ਹਨ ਜੇ ਵਿਅਕਤੀ ਨੂੰ ਕੋਈ ਬਿਮਾਰੀ ਹੈ ਤਾਂ ਉਸ ਦਾ ਵੀ ਪਤਾ ਲੱਗ ਜਾਂਦਾ ਹੈ।
- ਨਾਈਜੀਰੀਆ 'ਚ ਕੀਤੀ ਇਕ ਖੋਜ 'ਚ ਇਹ ਦੇਖਿਆ ਗਿਆ ਹੈ ਕਿ ਖ਼ੂਨਦਾਨ ਕਰਨ ਨਾਲ ਜੋ ਖ਼ੁਸ਼ੀ ਅਤੇ ਤੰਦਰੁਸਤੀ ਮਿਲਦੀ ਹੈ। ਉਹ ਕੋਈ ਹੋਰ ਤਰੀਕਿਆਂ ਨਾਲ ਨਹੀ ਮਿਲਦੀ। ਖ਼ੁਦ ਨੂੰ ਸਿਹਤਮੰਦ ਰੱਖਣ ਦਾ ਸਭ ਤੋਂ ਵਧੀਆ ਤਰੀਕਾ ਖ਼ੂਨਦਾਨ ਹੈ।
- ਖ਼ੂਨਦਾਨ ਨਾਲ ਕੈਂਸਰ ਹੋਣ ਦਾ ਖ਼ਤਰਾ 95 ਫ਼ੀਸਦੀ ਘੱਟ ਹੋ ਜਾਂਦਾ ਹੈ। ਨੈਸ਼ਨਲ ਕੈਂਸਰ ਇੰਸਟੀਟਿਊਟ ਨੇ ਇਹ ਦੱਸਿਆ ਕਿ ਸਰੀਰ 'ਚ ਆਇਰਨ ਦੀ ਜ਼ਿਆਦਾ ਮਾਤਰਾ ਹੋ ਜਾਣ 'ਤੇ ਕੈਂਸਰ ਹੋਣ ਦਾ ਖ਼ਤਰਾ ਬਣ ਜਾਂਦਾ ਹੈ। ਇਸ ਲਈ 1200 ਲੋਕਾਂ 'ਤੇ ਇਕ ਖੋਜ ਕੀਤੀ ਗਈ ਅਤੇ ਇਹ ਨਤੀਜਾ ਆਇਆ ਕਿ ਜਿਨ੍ਹਾਂ ਲੋਕਾਂ ਨੇ ਹਰ 5 ਮਹੀਨੇ ਦੇ ਅੰਤਰਾਲ ਨਾਲ ਖ਼ੂਨਦਾਨ ਕੀਤਾ, ਉਨ੍ਹਾਂ 'ਚ ਆਇਰਨ ਦੀ ਕਮੀ ਆਈ। ਇਸ ਨਾਲ ਕੈਂਸਰ ਹੋਣ ਦਾ ਖ਼ਤਰਾ ਘੱਟ ਹੋ ਜਾਂਦਾ ਹੈ।



# ਕੀ ਹੈ ਇੰਗਜ਼ਾਇਟੀ

ਡਾ ਅਮਰੀਕ ਸਿੰਘ ਕੰਡਾ

ਇੰਗਜਾਇਟੀ ਇਕ ਇਹੋ ਜਿਹਾ ਮਨ ਤੇ ਦਿਮਾਗ਼ ਦਾ ਰੋਗ ਹੈ ਜਿਸ ਨੂੰ ਹਰ ਵਿਅਕਤੀ ਸਮੇਂ-ਸਮੇਂ 'ਤੇ ਅਨੁਭਵ ਕਰਦਾ ਹੈ ਜਿਵੇਂ ਕਿਸੇ ਸਟੇਜ 'ਤੇ ਬੋਲਣ ਸਮੇਂ, ਜ਼ਿਆਦਾ ਤੇਜ਼ੀ ਉਤੇਜਨਾ 'ਚ ਤਣਾਅ ਅਨੁਭਵ ਕਰਨਾ ਸੁਭਾਵਿਕ ਹੈ। ਇਹ ਬਿਮਾਰੀ ਇਹੋ ਜਿਹੀ ਹੈ ਜਿੱਥੇ ਤਣਾਅ ਖ਼ਤਮ ਹੁੰਦਾ ਹੈ ਉੱਥੇ ਇਹ ਸ਼ੁਰੂ ਹੁੰਦੀ ਹੈ। ਇਹ ਤਣਾਅ ਤੋਂ ਬਹੁਤ ਅੱਗੇ ਦੀ ਅਵਸਥਾ ਹੈ ਜੇ ਤੁਸੀਂ ਲੰਬੇ ਸਮੇਂ ਤੋਂ ਇੰਗਜਾਇਟੀ ਅਨੁਭਵ ਕਰ ਰਹੇ ਹੋ ਤੇ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਇਸ ਨੂੰ ਦੂਰ ਨਹੀਂ ਕਰ ਸਕਦੇ ਤਾਂ ਇਕ ਨਜ਼ਦੀਕੀ ਨਰੀਖਣ ਫ਼ਾਇਦੇਮੰਦ ਹੋ ਸਕਦਾ ਹੈ।

### ਲੱਛਣ

ਵੈਸੇ ਤਾਂ ਇੰਜਾਇਟੀ ਦੇ ਲੱਛਣ ਵੱਖਰੇ ਹੁੰਦੇ ਹਨ ਪਰ ਕੁੱਝ ਲੱਛਣ ਘਬਰਾਹਟ, ਡਰ, ਪਿਛਲੀਆਂ ਯਾਦਾਂ ਦਾ ਵਾਰ-ਵਾਰ ਯਾਦ ਆਉਣਾ, ਬੁਰੇ ਸੁਪਨੇ ਆਉਣਾ, ਵਾਰ ਵਾਰ ਹੱਥ ਧੋਣਾ, ਹੱਥ ਪੈਰ ਠੰਢੇ ਹੋਣਾ, ਨੀਂਦ ਨਾ ਆਉਣਾ, ਦਿਲ ਦੀ ਧੜਕਨ ਵਧਣੀ, ਮੂੰਹ ਸੁਕਣਾ, ।ਹੱਥਾਂ ਪੈਰਾਂ 'ਚ ਝਨਝਨਾਹਟ ਹੋਣਾ, ਉਲਟੀ ਆਉਣਾ, ਮਾਸਪੇਸ਼ੀਆਂ 'ਚ ਖਿਚਾਅ ਆਉਣਾ, ਚੱਕਰ ਆਉਣਾ ਆਦਿ।

### ਕਾਰਨ

ਖਾਨਦਾਨੀ ਰੋਗ ਹੋਣਾ, ਤਣਾਅ ਜਾਂ ਕਿਸੇ ਤਰ੍ਹਾਂ ਦਾ ਵੀ ਤਣਾਅ ਜੋ ਤੁਹਾਡੀ ਮਾਨਸਿਕ ਹਾਲਤ ਨੂੰ ਬਿਗਾੜ ਦੇਵੇ, ਇਹ ਆਮ ਤੌਰ 'ਤੇ ਜ਼ਿਆਦਾ ਦਵਾਈਆਂ ਦੀ ਖ਼ੁਸ਼ਕੀ ਕਾਰਨ ਵੀ ਹੁੰਦਾ ਹੈ।।

### ਘਰੇਲੂ ਨੁਸਖ਼ੇ

ਸਾਬਤ ਅਨਾਜ ਆਹਾਰ ਖਾਉ- ਬਾਦਾਮ, ਚੌਕਲੇਟ,

ਮੈਗਨੀਸ਼ੀਅਮ ਯੁਕਤ ਆਹਾਰ ਜਿਵੇਂ-ਜੌਅ, ਸੋਇਆਬੀਨ, ਫਲ, ਸਬਜ਼ੀਆਂ।

### ਪਰਹੇਜ਼

ਤਲੀਆਂ ਚੀਜ਼ਾਂ, ਸ਼ਰਾਬ, ਕੌਫੀ, ਡੇਰੀ ਦੇ ਪ੍ਰੋਡਕਟ, ਮਠਿਆਈਆਂ, ਐਸਿਡ ਬਣਾਉਣ ਵਾਲੀਆਂ ਚੀਜ਼ਾਂ (ਫਾਸਟ ਫੂਡ)।

### ਯੋਗਾ ਤੇ ਕਸਰਤ

- ਤੈਰਨਾ, ਸਾਈਕਲ ਚਲਾਉਣਾ, ਭੱਜਣਾ ਕਸਰਤ ਕਰਨ ਨਾਲ ਘੱਟ ਹੋਵੇਗਾ ਤਣਾਅ, ਲੰਬੇ ਸਾਹ ਲੈਣਾ ਖੱਬੇ ਨੱਕ ਰਾਹੀ ਸਾਹ ਲੈ ਕੇ ਸੱਜੇ ਨੱਕ ਨਾਲ ਛੱਡਣਾ। ਇਸ ਨਾਲ ਬਹੁਤ ਵਧੀਆ ਨੀਂਦ ਆਵੇਗੀ ਤੇ ਤਣਾਅ ਦੂਰ ਹੋਵੇਗਾ।

### ਆਯੁਰਵੈਦਿਕ ਇਲਾਜ

ਸੰਖਪੁਸ਼ਪੀ 50 ਮਿਲੀ ਗ੍ਰਾਮ, ਬ੍ਰਹਮੀ 50 ਮਿਲੀ, ਗਲੋਅ 50 ਮਿਲੀ, ਸ਼ਤਾਵਰੀ 50 ਮਿਲੀ ਵੱਚ 50 ਮਿਲੀ, ਸਵਮਾਖਿਸ਼ਿਕ ਭਸਮ ਸ਼ੁੱਧ ਕੀਤੀ 25 ਮਿਲੀ, ਯਿਸ਼ਟੀਮਧੂ 50 ਮਿਲੀ, ਅਸ਼ਵਗੰਧਾ 100 ਮਿਲੀ, ਭ੍ਰਿੰਗਰਾਜ 50 ਮਿਲੀ, ਸਿਮਰਤੀ ਸਾਗਰ 25 ਮਿਲੀ ਨੋਟ ਇਹ ਸਾਰੀਆਂ ਚੀਜ਼ਾਂ ਸ਼ੁੱਧ ਕੀਤੀਆਂ ਹੋਈਆਂ ਹੀ ਲਓ।

# ਕੋਸਾ ਪਾਣੀ ਪੀਣ ਦੇ ਫ਼ਾਇਦੇ

ਹਰਮਿੰਦਰ ਸਿੰਘ ਭੱਟ

ਪਾਣੀ ਸਾਡੇ ਸਰੀਰ ਲਈ ਬਹੁਤ ਜ਼ਰੂਰੀ ਹੁੰਦਾ ਹੈ। ਦਿਨ 'ਚ ਉਂਜ ਤਾਂ 8 ਤੋਂ 10 ਗਲਾਸ ਪਾਣੀ ਕਾਫ਼ੀ ਜ਼ਰੂਰੀ ਹੁੰਦਾ ਹੈ ਪਰ ਜੇ ਇਸ ਦੇ ਨਾਲ ਦਿਨ 'ਚ 3 ਤੋਂ 4 ਵਾਰ ਗਰਮ ਪਾਣੀ ਪੀਣ ਦੀ ਆਦਤ ਪਾ ਲਈ ਜਾਵੇ

*ਬੇਮੌਸਮ ਤੁਹਾਡੀ ਛਾਤੀ 'ਚ ਜਕੜਨ ਅਤੇ ਜ਼ੁਕਾਮ ਦੀ ਸ਼ਿਕਾਇਤ ਰਹਿੰਦੀ ਹੈ ਤਾਂ ਗਰਮ ਪਾਣੀ ਪੀਣਾ ਤੁਹਾਡੇ ਲਈ ਰਾਮ ਬਾਣ ਇਲਾਜ ਸਾਬਤ ਹੁੰਦਾ ਹੈ। ਗਰਮ ਪਾਣੀ ਪੀਣ ਨਾਲ ਗਲ਼ਾ ਵੀ ਠੀਕ ਰਹਿੰਦਾ ਹੈ...*

ਤਾਂ ਤੁਸੀਂ ਖ਼ੁਦ ਨੂੰ ਕਈ ਬਿਮਾਰੀਆਂ ਤੋਂ ਬਚਾ ਸਕਦੇ ਹੋ। ਇਹ ਸਰੀਰ 'ਚੋਂ ਅਨੇਕਾਂ ਰੋਗਾਂ ਨੂੰ ਬਾਹਰ ਕੱਢਣ ਦੀ ਸਮਰੱਥਾ ਰੱਖਦਾ ਹੈ। ਗਰਮ ਪਾਣੀ ਪੀਣ ਦਾ ਸਭ ਤੋਂ ਵੱਡਾ ਫ਼ਾਇਦਾ ਇਹ ਹੈ ਕਿ ਇਹ ਭਾਰ ਘਟਾਉਣ 'ਚ ਕਾਫ਼ੀ ਮਦਦਗਾਰ ਸਾਬਤ ਹੁੰਦਾ ਹੈ। ਇਸ ਨਾਲ ਪਾਚਨ ਕਿਰਿਆ ਠੀਕ ਰਹਿੰਦੀ ਹੈ। ਆਓ ਜਾਣਦੇ ਹਾ ਗਰਮ ਪਾਣੀ ਦੇ ਅਣਗਿਣਤ ਫ਼ਾਇਦਿਆਂ ਬਾਰੇ।

### ਕਬਜ਼ ਤੋਂ ਰਾਹਤ

ਕਬਜ਼ ਦੀ ਸਮੱਸਿਆ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਦਾ ਕਾਰਨ ਬਣਦੀ ਹੈ। ਕਬਜ਼ ਦੀ ਪਰੇਸ਼ਾਨੀ ਨੂੰ ਜੜ੍ਹ ਤੋਂ ਖ਼ਤਮ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ ਕਿ ਰੋਜ਼ਾਨਾ ਖ਼ਾਲੀ ਪੇਟ ਕੋਸਾ ਪਾਣੀ ਪੀਤਾ ਜਾਵੇ।

### ਖ਼ੂਨ ਸਾਫ਼ ਕਰੇ

ਗਰਮ ਪਾਣੀ ਪੀਣ ਨਾਲ ਸਰੀਰ ਦੇ ਸਾਰੇ ਗੰਦੇ ਪਦਾਰਥ ਵੀ ਪਿਸ਼ਾਬ ਅਤੇ ਪਸੀਨੇ ਰਾਹੀ ਬਾਹਰ ਨਿਕਲਦੇ ਹਨ। ਇਹ ਖ਼ੂਨ ਦੀ ਸ਼ੁੱਧੀ ਵੀ ਕਰਦਾ ਹੈ।



### ਮੋਟਾਪਾ ਕਰੇ ਕੰਟਰੋਲ

*ਜੇ ਤੁਸੀਂ ਮੋਟਾਪੇ ਤੋਂ ਪਰੇਸ਼ਾਨ ਹੋ ਅਤੇ ਡਾਈਟਿੰਗ ਅਤੇ ਕਸਰਤ ਨਾਲ ਕੋਈ ਫ਼ਰਕ ਨਹੀਂ ਪੈ ਰਿਹਾ ਤਾਂ ਸਵੇਰੇ ਖ਼ਾਲੀ ਪੇਟ ਕੋਸਾ ਪਾਣੀ ਪੀਣਾ ਸ਼ੁਰੂ ਕਰ ਦਿਓ। ਇਸ ਤੋਂ ਇਲਾਵਾ ਜੇ ਤੁਸੀਂ ਗਰਮ ਪਾਣੀ 'ਚ ਨਿੰਬੂ ਅਤੇ ਸ਼ਹਿਦ ਮਿਲਾ ਕੇ ਪੀਓਗੇ ਤਾਂ ਭਾਰ ਘੱਟ ਹੋਣਾ ਸ਼ੁਰੂ ਹੋ ਜਾਵੇਗਾ। ਜੇ ਤੁਹਾਨੂੰ ਨਿੰਬੂ-ਸ਼ਹਿਦ ਚੰਗਾ ਨਹੀਂ ਲੱਗਦਾ ਤਾਂ ਤੁਸੀਂ 1 ਗਲਾਸ ਸਾਦਾ ਪਾਣੀ ਪੀ ਸਕਦੇ ਹੋ।*

### ਸਰਦੀ-ਜ਼ੁਕਾਮ ਤੋਂ ਰਾਹਤ

ਜੇ ਬੇਮੌਸਮ ਤੁਹਾਡੀ ਛਾਤੀ 'ਚ ਜਕੜਨ ਅਤੇ ਜ਼ੁਕਾਮ ਦੀ ਸ਼ਿਕਾਇਤ ਰਹਿੰਦੀ ਹੈ ਤਾਂ ਗਰਮ ਪਾਣੀ ਪੀਣਾ ਤੁਹਾਡੇ ਲਈ ਰਾਮ ਬਾਣ ਇਲਾਜ ਸਾਬਤ ਹੁੰਦਾ ਹੈ।

ਗਰਮ ਪਾਣੀ ਪੀਣ ਨਾਲ ਗਲ਼ਾ ਵੀ ਠੀਕ ਰਹਿੰਦਾ ਹੈ। ਇਸ ਦੀ ਵਰਤੋਂ ਨਾਲ ਆਰਾਮ ਮਿਲਦਾ ਹੈ।

### ਹਰ ਵੇਲੇ ਨਜ਼ਰ ਆਓ ਜਵਾਨ

ਸਿਰਫ਼ ਸਿਹਤ ਨਾਲ ਜੁੜੇ ਹੀ ਨਹੀਂ ਸਗੋਂ ਸੁੰਦਰਤਾ ਨਾਲ ਜੁੜੇ ਕਈ ਫ਼ਾਇਦੇ ਵੀ ਹਨ। ਇਸ ਨਾਲ ਚਮੜੀ 'ਚ ਤਬਦੀਲੀ ਆਉਣ ਲੱਗਦੀ ਹੈ ਅਤੇ ਚਮੜੀ ਚਮਕਦਾਰ ਹੋਣ ਲੱਗਦੀ ਹੈ। ਚਿਹਰੇ ਦੀਆਂ ਝੁਰੜੀਆਂ ਹੌਲੀ-ਹੌਲੀ ਖ਼ਤਮ ਹੋ ਜਾਂਦੀਆਂ ਹਨ।

### ਸਰੀਰ ਕਰੇ ਡਿਟਾਕਸ

*ਗਰਮ ਪਾਣੀ ਪੀਣ ਨਾਲ ਸਰੀਰ ਨੂੰ ਡਿਟਾਕਸ ਕਰਨ 'ਚ ਵੀ ਮਦਦ ਮਿਲਦੀ ਹੈ ਅਤੇ ਇਹ ਸਰੀਰ ਦੀਆਂ ਸਾਰੀਆਂ ਅਸ਼ੁੱਧੀਆਂ ਨੂੰ ਬਹੁਤ ਆਸਾਨੀ ਨਾਲ ਸਾਫ਼ ਕਰ ਦਿੰਦਾ। ਗਰਮ ਪਾਣੀ ਪੀਣ ਨਾਲ ਸਰੀਰ ਦਾ ਤਾਪਮਾਨ ਵਧਣ, ਜਿਸ ਨਾਲ ਪਸੀਨਾ ਆਉਂਦਾ ਹੈ ਅਤੇ ਇਸ ਦੇ ਮਾਧਿਅਮ ਨਾਲ ਸਰੀਰ ਦੀਆਂ ਅਸ਼ੁੱਧੀਆਂ ਦੂਰ ਹੋ ਜਾਂਦੀਆਂ ਹਨ।*

### ਵਾਲ਼ਾਂ ਲਈ ਫ਼ਾਇਦੇਮੰਦ

ਇਸ ਤੋਂ ਇਲਾਵਾ ਗਰਮ ਪਾਣੀ ਦੀ ਵਰਤੋਂ ਵਾਲ਼ਾਂ ਲਈ ਬਹੁਤ ਫ਼ਾਇਦੇਮੰਦ ਹੈ। ਇਸ ਨਾਲ ਵਾਲ਼ ਚਮਕਦਾਰ ਹੁੰਦੇ ਹਨ ਅਤੇ ਇਨ੍ਹਾਂ ਦੀ ਗ੍ਰੋਥ ਵੀ ਤੇਜ਼ੀ ਨਾਲ ਹੁੰਦੀ ਹੈ।

### ਐਨਰਜੀ ਵਧਾਓ

ਜੇ ਤੁਸੀਂ ਕੋਸਾ ਪਾਣੀ ਜਾਂ ਨਿੰਬੂ ਪਾਣੀ ਪੀਓਗੇ ਤਾਂ ਤੁਹਾਡਾ ਐਨਰਜੀ ਲੈਵਲ ਵਧੇਗਾ ਅਤੇ ਪਾਚਨ ਸ਼ਕਤੀ ਵੀ ਸਹੀ ਰਹੇਗੀ।

09914062205



# ਮੁੱਢਲੀ ਖ਼ੁਰਾਕ- ਜੀਵਨ ਦਾ ਆਧਾਰ

ਕਿਰਨ ਗਰੇਵਾਲ

ਬੱਚੇ ਦੀ ਤੰਦਰੁਸਤੀ ਸਿਹਤ ਲਈ ਮਾਂ ਦੇ ਗਰਭ ਧਾਰਨ ਤੋਂ ਲੈ ਕੇ ਪਹਿਲੇ ਦੋ ਸਾਲ ਤਕ ਦੇ ਹਜ਼ਾਰ ਦਿਨ ਸਭ ਤੋਂ ਮਹੱਤਵਪੂਰਨ ਹੁੰਦੇ ਹਨ। ਜੇ ਇਸ ਸਮੇਂ ਦੌਰਾਨ ਬੱਚੇ ਦੀ ਸਿਹਤ ਮਾੜੀ ਰਹਿ ਜਾਵੇ ਤਾਂ ਇਸ ਦਾ ਅਸਰ ਉਸਦੇ ਜੀਵਨ ਕਾਲ ਵਿਚ ਲੰਬੇ ਸਮੇਂ ਤਕ ਰਹਿੰਦਾ ਹੈ। ਬਚਪਨ ਵਿਚ ਕੁਪੋਸ਼ਣ ਕਾਰਨ ਬੱਚੇ ਦਾ ਕੱਦ ਉਮਰ ਦੇ ਹਿਸਾਬ ਨਾਲ ਘੱਟ ਰਹਿ ਸਕਦਾ ਹੈ ਅਤੇ ਉਸ ਦੇ ਸਰਵਪੱਖੀ ਵਿਕਾਸ ਵਿਚ ਵੀ ਰੁਕਾਵਟ ਆਉਂਦੀ ਹੈ। ਬਚਪਨ ਵਿਚ ਮਾੜੀ ਸਿਹਤ, ਬੱਚੇ ਦੇ ਸਰੀਰਕ, ਦਿਮਾਗ਼ੀ, ਬੋਲਚਾਲ, ਸੰਵੇਦਨਸ਼ੀਲਤਾ ਅਤੇ ਸਮਾਜਿਕਤਾ ਸੰਬੰਧੀ ਤੱਥਾਂ 'ਤੇ ਵੀ ਮਾੜਾ ਪ੍ਰਭਾਵ ਪਾਉਂਦੀ ਹੈ। ਖੋਜਾਂ ਮੁਤਾਬਿਕ ਵੀ ਇਹ ਸਾਬਿਤ ਹੋ ਚੁੱਕਾ ਹੈ ਕਿ ਜਿਹੜੇ ਬੱਚੇ ਬਚਪਨ ਦੇ ਮੁੱਢਲੇ ਸਮੇਂ ਵਿਚ ਕਮਜ਼ੋਰ ਹੁੰਦੇ ਹਨ ਉਨ੍ਹਾਂ ਦੀ ਬੌਧਿਕ ਅਤੇ ਸਰੀਰਕ ਕਾਰਜਸ਼ੀਲਤਾ ਮਾੜੀ ਹੁੰਦੀ ਹੈ। ਇਸ ਲਈ ਨਵਜਾਤ ਅਤੇ ਛੋਟੇ ਬੱਚਿਆਂ ਲਈ ਅਨੁਕੂਲ ਅਤੇ ਸਹੀ ਖ਼ੁਰਾਕ ਬਹੁਤ ਹੀ ਜ਼ਰੂਰੀ ਹੈ।

### ਮੁੱਖ ਹਦਾਇਤਾਂ

- ਜਨਮ ਦੇ ਇਕ ਘੰਟੇ ਦੇ ਅੰਦਰ ਨਵ ਜੰਮੇ ਬੱਚੇ ਨੂੰ ਮਾਂ ਦਾ ਦੁੱਧ ਪਿਲਾਉਣਾ ਬਹੁਤ ਹੀ ਜ਼ਰੂਰੀ ਹੈ।
- ਛੇ ਮਹੀਨਿਆਂ ਤਕ ਬੱਚੇ ਨੂੰ ਸਿਰਫ਼ ਮਾਂ ਦਾ ਦੁੱਧ ਹੀ ਪਿਲਾਉਣਾ, ਦੁੱਧ ਪਿਲਾਉਣ ਦੇ ਨਾਲ- ਨਾਲ ਠੀਕ ਸਮੇਂ 'ਤੇ ਬੱਚੇ ਨੂੰ ਉਚਿਤ ਭੋਜਨ ਖਿਲਾਉਣ ਦੀ ਸ਼ੁਰੂਆਤ ਕਰਨਾ।
- ਇਕ ਰਾਸ਼ਟਰੀ ਸੰਸਥਾ ਦੀ ਕੀਤੀ ਖੋਜ ਮੁਤਾਬਿਕ ਭਾਰਤ ਵਿਚ ਬੱਚੇ ਨੂੰ ਮਾਂ ਦਾ ਪਹਿਲਾ ਗਾੜ੍ਹਾ ਦੁੱਧ ਪਿਲਾਉਣ ਦੀ ਦਰ ਸਿਰਫ਼ 42 ਫ਼ੀਸਦੀ ਹੈ। ਆਂਕੜਿਆਂ ਮੁਤਾਬਿਕ 55 ਫ਼ੀਸਦੀ ਛੋਟੇ ਬੱਚੇ ਪਹਿਲੇ ਛੇ ਮਹੀਨੇ ਤਕ ਲਗਾਤਾਰ ਮਾਂ ਦਾ ਦੁੱਧ ਪੀਂਦੇ ਹਨ। 43 ਫ਼ੀਸਦੀ ਭਾਰਤੀ ਬੱਚੇ 6 ਤੋਂ 8 ਮਹੀਨੇ ਦੀ ਉਮਰ ਵਿਚ ਮਾਂ ਦੇ ਦੁੱਧ ਤੋਂ ਇਲਾਵਾ ਭੋਜਨ ਖਾਂਦੇ ਹਨ। ਬਦਕਿਸਮਤੀ ਨਾਲ ਭਾਰਤ ਵਿਚ ਸਿਰਫ਼ 9 ਫ਼ੀਸਦੀ ਮਾਂ ਦਾ ਦੁੱਧ ਪੀਣ ਵਾਲੇ ਬੱਚੇ (6-24 ਮਹੀਨੇ ਦੀ ਉਮਰ) ਢੁੱਕਵੀਂ ਖ਼ੁਰਾਕ ਖਾਂਦੇ ਹਨ।
- ਨਵ ਜੰਮੇ ਅਤੇ ਛੋਟੇ ਬੱਚਿਆਂ ਦੀ ਮੌਤ ਦਰ ਕਿਸੇ ਵੀ ਦੇਸ਼ ਜਾਂ ਸੂਬੇ ਦੀ ਜੀਵਨ ਸ਼ੈਲੀ, ਸਮਾਜਿਕ ਵਿਕਾਸ ਅਤੇ ਆਰਥਿਕ ਹਾਲਾਤਾਂ ਨੂੰ ਦਰਸਾਉਣ ਲਈ ਬਹੁਤ ਭਰੋਸੇਮੰਦ ਸੂਚਕ ਹਨ।
- ਪੰਜਾਬ ਵਿਚ ਇਨ੍ਹਾਂ ਦੋਵੇਂ ਸੂਚਕਾਂ ਦੀ ਦਰ ਵਿਚ ਪਿਛਲੇ ਵਰ੍ਹਿਆਂ ਦੇ ਮੁਕਾਬਲੇ ਸੁਧਾਰ ਨਜ਼ਰ ਆਇਆ ਹੈ। 2015-16 ਵਿਚ ਪੰਜਾਬ ਦੇ ਨਵ ਜੰਮੇ ਅਤੇ ਪੰਜ ਸਾਲ ਦੀ ਉਮਰ ਤੋਂ ਘੱਟ ਬੱਚਿਆਂ ਦੀ ਮੌਤ ਦਰ ਕ੍ਰਮਵਾਰ 29 ਅਤੇ 33/1000 ਬੱਚਿਆਂ ਪਿੱਛੇ ਰਿਕਾਰਡ ਕੀਤੀ ਗਈ ਹੈ।
- ਇਸ ਤੋਂ ਇਲਾਵਾ ਮਾਂ ਦੇ ਦੁੱਧ ਪੀਣ ਵਾਲੇ ਛੋਟੇ ਬੱਚਿਆਂ ਦੀ ਦਰ (53 ਫ਼ੀਸਦੀ) ਵਿਚ ਵੀ ਵਾਧਾ ਹੋਇਆ ਹੈ ਪਰ ਭੋਜਨ ਖਾਣ ਵਾਲੇ ਬੱਚਿਆਂ ਦੀ ਦਰ ਵਿਚ ਕਮੀ ਆਈ ਹੈ। 2005-06 ਵਿਚ ਇਹ ਆਂਕੜੇ 50.9 ਫ਼ੀਸਦੀ ਸਨ ਜਿਹੜੇ ਕਿ 2015-16 ਵਿਚ ਘੱਟ ਕੇ 41.9 ਫ਼ੀਸਦੀ ਹੀ ਰਹਿ ਗਏ ਹਨ।
- ਛੋਟੇ ਬੱਚਿਆਂ ਨੂੰ ਕੁਪੋਸ਼ਣ ਤੋਂ ਬਚਾਉਣ ਲਈ ਜਨਮ ਤੋਂ 6 ਮਹੀਨੇ ਬਾਅਦ (ਸੱਤਵੇਂ ਮਹੀਨੇ ਤੋਂ) ਭੋਜਨ ਖਵਾਉਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਜੇ ਉਨ੍ਹਾਂ ਨੂੰ ਢੁਕਵਾਂ ਪੋਸ਼ਣ ਮਿਲਦਾ ਰਹੇ ਤਾਂ ਉਹ ਜੀਵਨ ਭਰ ਤੰਦਰੁਸਤ ਰਹਿਣਗੇ।
- ਭੋਜਨ ਦੀ ਲੋੜ ਅਤੇ ਮਾਤਰਾ ਬੱਚੇ ਦੇ ਵਿਕਾਸ ਨਾਲ-ਨਾਲ ਵਧਦੀ ਜਾਂਦੀ ਹੈ। ਉਦਾਹਰਨ ਦੇ ਤੌਰ 'ਤੇ ਛੇ ਤੋਂ ਅੱਠ ਮਹੀਨੇ ਦੇ ਦੁੱਧ ਪੀਂਦੇ ਬੱਚੇ ਨੂੰ ਦਿਨ ਵਿਚ 2-3 ਵਾਰ ਅਤੇ 9-11, 12-24 ਮਹੀਨਿਆਂ ਦੀ ਉਮਰ ਦੇ ਬੱਚਿਆਂ ਨੂੰ ਦਿਨ ਵਿਚ 3-4 ਵਾਰ ਭੋਜਨ ਖਵਾਉਣਾ ਚਾਹੀਦਾ ਹੈ।
- ਸ਼ੁਰੂਆਤੀ ਸਮੇਂ ਵਿਚ ਬੱਚੇ (6-8 ਮਹੀਨੇ ਦੀ ਉਮਰ) ਨੂੰ 2-3 ਵੱਡੇ ਚਮਚ ਗਾੜ੍ਹਾ ਦਲੀਆ ਅਤੇ ਭੋਜਨ ਚੰਗੀ ਤਰ੍ਹਾਂ ਫੇਹ ਕੇ ਦਿੱਤਾ ਜਾ ਸਕਦਾ ਹੈ। ਇਸ ਦੇ ਨਾਲ-ਨਾਲ 9-11 ਮਹੀਨੇ ਦੀ ਉਮਰ ਵਿਚ ਬੱਚੇ ਨੂੰ ਬਾਰੀਕ ਕੱਟੇ ਹੋਏ ਭੋਜਨ ਪਦਾਰਥ (ਫਲ, ਸਬਜ਼ੀਆਂ ਆਦਿ) ਦੇਣੇ ਚਾਹੀਦੇ ਹਨ ਤਾਂ ਜੋ ਬੱਚਾ ਆਸਾਨੀ ਨਾਲ ਇਸ ਨੂੰ ਪਕੜ ਸਕੇ। ਇਸ ਤੋਂ ਬਾਅਦ 12-24 ਮਹੀਨੇ ਦੇ ਬੱਚੇ ਨੂੰ ਘਰ ਵਿਚ ਸਭ ਪਰਿਵਾਰ ਦੇ ਮੈਂਬਰਾਂ ਲਈ ਪਕਾਇਆ ਹੋਇਆ ਭੋਜਨ ਹੀ ਫੇਹ ਕੇ ਦਿੱਤਾ ਜਾ ਸਕਦਾ ਹੈ। - ਜਿਹੜੇ ਬੱਚੇ ਕਿਸੇ ਕਾਰਨ ਵਜੋਂ ਮਾਂ ਦਾ ਦੁੱਧ ਨਹੀਂ ਪੀਂਦੇ ਉਨ੍ਹਾਂ ਨੂੰ ਭੋਜਨ ਦਿਨ ਵਿਚ 4-5 ਵਾਰੀ ਖਵਾਉਣਾ ਚਾਹੀਦਾ ਹੈ।



### ਕਣਕ ਅਤੇ ਦਾਲ ਦਾ ਮਿਸ਼ਰਣ

ਸਮੱਗਰੀ- ਕਣਕ ਦਾ ਆਟਾ-100 ਗ੍ਰਾਮ, ਛੋਲੇ (ਭੁੰਜੇ ਅਤੇ ਛਿਲਕਾ ਰਹਿਤ) -30 ਗ੍ਰਾਮ, ਮੂੰਗਫਲੀ (ਭੁੰਜੀ)-20 ਗ੍ਰਾਮ

**ਤਰੀਕਾ**

ਕਣਕ ਦੇ ਆਟੇ ਨੂੰ ਭੁੰਨ ਲਉ। ਮੂੰਗਫਲੀ ਦਾ ਛਿਲਕਾ ਉਤਾਰ ਦਿਉ। ਭੁੰਜੇ ਹੋਏ ਛੋਲੇ ਅਤੇ ਮੂੰਗਫਲੀ ਨੂੰ ਪੀਸ ਲਉ ਅਤੇ ਕਣਕ ਦੇ ਆਟੇ ਨਾਲ ਰਲਾ ਲਉ। ਇਸ ਮਿਸ਼ਰਣ ਨੂੰ ਹਵਾਬੰਦ ਡੱਬੇ ਵਿਚ ਬੰਦ ਕਰ ਕੇ ਰੱਖੋ। ਬੱਚੇ ਨੂੰ ਇਹ ਮਿਸ਼ਰਣ ਖਵਾਉਣ ਵੇਲੇ ਇਸ ਵਿਚ ਲੋੜ ਅਨੁਸਾਰ ਘਿਓ, ਸ਼ੱਕਰ ਅਤੇ ਦੁੱਧ ਮਿਲਾ ਲਉ।

### ਅਮਾਈਲੇਜ਼ ਭਰਪੂਰ ਭੋਜਨ

ਸਮੱਗਰੀ- ਪੁੰਗਰਾ ਕੇ ਸੁਕਾਈ ਕਣਕ- 100 ਗ੍ਰਾਮ, ਪੁੰਗਰਾ ਕੇ ਸੁਕਾਈ ਹੋਈ ਸਾਬਤ ਮੂੰਗੀ ਦਾਲ - 50 ਗ੍ਰਾਮ।

ਤਰੀਕਾ - ਕਣਕ ਅਤੇ ਮੂੰਗੀ ਦੀ ਦਾਲ ਨੂੰ ਵੱਖ-ਵੱਖ ਪੁੰਗਰਣ ਲਈ ਰੱਖ ਦਿਉ। ਪੁੰਗਰੀ ਹੋਈ ਕਣਕ ਅਤੇ ਦਾਲ ਨੂੰ ਹਲਕੇ ਸੇਕ ਤੇ ਭੁੰਨ ਲਉ। ਇਨ੍ਹਾਂ ਦੋਵਾਂ ਨੂੰ ਚੰਗੀ ਤਰ੍ਹਾਂ ਪੀਸ ਲਉ। ਚੰਗੀ ਤਰ੍ਹਾਂ ਪੀਸਣ ਤੋਂ ਬਾਅਦ ਇਨ੍ਹਾਂ ਨੂੰ ਆਪਸ 'ਚ ਮਿਲਾਓ ਅਤੇ ਹਵਾਬੰਦ ਡੱਬੇ ਵਿਚ ਸੰਭਾਲ ਲਉ। ਮਿਸ਼ਰਣਾਂ ਨੂੰ ਉਬਲੇ ਹੋਏ ਪਾਣੀ, ਦੁੱਧ ਜਾਂ ਦਾਲ ਦੇ ਪਾਣੀ ਵਿਚ ਰਲਾ ਕੇ ਬੱਚਿਆਂ ਨੂੰ ਖਵਾਇਆ ਜਾ ਸਕਦਾ ਹੈ। 50 ਗ੍ਰਾਮ ਮਿਸ਼ਰਣ ਨੂੰ 100 ਮਿ.ਲੀ ਉਬਲਦੇ ਹੋਏ ਗਰਮ ਪਾਣੀ ਵਿਚ ਮਿਲਾਓ। ਇਸ ਵਿਚ 1 ਚਮਚ ਘਿਓ ਤੇ ਸ਼ੱਕਰ ਰਲਾਓ। ਇਸ ਮਿਸ਼ਰਣ ਨੂੰ ਚਮਚ ਨਾਲ ਬੱਚੇ ਨੂੰ ਖਵਾਉ। ਇਸ ਵਿਚ ਫਲ ਜਿਵੇਂ ਕੇਲਾ, ਚੀਕੂ, ਪਪੀਤਾ, ਅੰਬ ਆਦਿ ਵੀ ਮਿਲਾਇਆ ਜਾ ਸਕਦਾ ਹੈ।

### ਪੱਕਿਆ ਹੋਇਆ ਭੋਜਨ

**ਸੂਜੀ ਦਲੀਆ**

**ਸਮੱਗਰੀ-ਸੂਜੀ** - 40 ਗ੍ਰਾਮ, ਮੂੰਗੀ ਦੀ ਦਾਲ -10 ਗ੍ਰਾਮ, ਸ਼ੱਕਰ -20 ਗ੍ਰਾਮ, ਘਿਓ-10 ਗ੍ਰਾਮ, ਇਲਾਇਚੀ ਪਾਊਡਰ- 1 ਚਮਚ, ਪਾਣੀ -200 ਮਿ.ਲੀ

**ਤਰੀਕਾ**- ਸੂਜੀ ਅਤੇ ਮੂੰਗੀ ਦੀ ਦਾਲ ਨੂੰ ਸਾਫ਼ ਕਰੋ। ਦੋਵਾਂ ਨੂੰ ਵੱਖ-ਵੱਖ ਭੁੰਨੋ ਅਤੇ ਆਪਸ ਵਿਚ ਰਲਾ ਲਉ। ਪਾਣੀ ਨੂੰ ਉਬਾਲੋ ਅਤੇ ਇਸ ਵਿਚ ਮਿਸ਼ਰਣ ਨੂੰ ਪਕਾਉ। ਹੁਣ ਇਸ ਵਿਚ ਸ਼ੱਕਰ ਨੂੰ ਪੂਰੀ ਤਰ੍ਹਾਂ ਘੁੱਲਣ ਤਕ ਪਕਾਉ। ਅੰਤ ਵਿਚ ਘਿਓ ਅਤੇ ਇਲਾਇਚੀ ਪਾਊਡਰ ਪਾ ਕੇ ਬੱਚੇ ਨੂੰ ਖਿਲਾਉ।

### ਨਮਕੀਨ ਦਲੀਆ

**ਸਮੱਗਰੀ- ਦਲੀਆ**- 100 ਗ੍ਰਾਮ, ਮੂੰਗੀ ਦਾਲ - 50 ਗ੍ਰਾਮ, ਆਲੂ -50 ਗ੍ਰਾਮ, ਕੱਦੂ ਜਾਂ ਪੇਠਾ -50 ਗ੍ਰਾਮ, ਪਾਲਕ - 50 ਗ੍ਰਾਮ, ਪਿਆਜ਼ -10 ਗ੍ਰਾਮ, ਤੇਲ, ਘਿਓ- 2 ਛੋਟੇ ਚਮਚ, ਪਾਣੀ -500-600 ਮਿ.ਲੀ, ਨਮਕ ਅਤੇ ਹਲਦੀ ਸੁਆਦ ਅਨੁਸਾਰ।

**ਤਰੀਕਾ**- ਸਬਜ਼ੀਆਂ ਨੂੰ ਧੋ ਕੇ ਛਿਲ ਲਓ ਅਤੇ ਮੱਧ ਆਕਾਰ ਦੇ ਟੁਕੜਿਆਂ ਵਿਚ ਕੱਟ ਲਉ। ਪਾਲਕ ਨੂੰ ਧੋ ਕੇ ਬਾਰੀਕ-ਬਾਰੀਕ ਕੱਟ ਲਉ। ਦਲੀਆ ਅਤੇ ਮੂੰਗੀ ਦਾਲ ਨੂੰ ਧੋ ਲਉ। ਇਕ ਬਰਤਨ ਵਿਚ ਤੇਲ ਗਰਮ ਕਰੋ ਅਤੇ ਇਸ ਵਿਚ ਪਿਆਜ਼ ਅਤੇ ਸਬਜ਼ੀਆਂ ਨੂੰ ਪਾਉ। ਥੋੜ੍ਹੀ ਦੇਰ ਹਿਲਾਉਂਦੇ ਰਹੋ। ਹੁਣ ਇਸ ਵਿਚ ਦਲੀਆ ਅਤੇ ਦਾਲ ਮਿਲਾ ਲਉ। ਇਸ ਵਿਚ ਨਮਕ, ਹਲਦੀ ਅਤੇ ਗਰਮ ਪਾਣੀ ਮਿਲਾਉ ਅਤੇ ਪੂਰੀ ਤਰ੍ਹਾਂ ਪੱਕਣ ਤਕ ਪਕਾਓ। ਇਸ ਸਾਰੇ ਪੇਸਟ ਨੂੰ ਆਪਸ 'ਚ ਰਲਾ ਕੇ ਰੱਖੋ ਤੇ ਸਮੇਂ-ਸਮੇਂ 'ਤੇ ਬੱਚੇ ਨੂੰ ਦਿੰਦੇ ਰਹੋ।

### ਸਬਜ਼ੀਆਂ ਦਾ ਚਿੱਲਾ

**ਸਮੱਗਰੀ**- ਕਣਕ ਦਾ ਆਟਾ-100 ਗ੍ਰਾਮ, ਬੇਸਣ -50 ਗ੍ਰਾਮ, ਟਮਾਟਰ-100 ਗ੍ਰਾਮ, ਪਾਲਕ - 100 ਗ੍ਰਾਮ, ਧਨੀਏ ਦੇ ਪੱਤੇ-50 ਗ੍ਰਾਮ, ਪਿਆਜ਼ -100 ਗ੍ਰਾਮ, ਤੇਲ- 50 ਗ੍ਰਾਮ, ਮਸਾਲੇ - ਸੁਆਦ ਅਨੁਸਾਰ।

**ਤਰੀਕਾ** - ਸਬਜ਼ੀਆਂ ਨੂੰ ਧੋ ਕੇ ਬਾਰੀਕ ਕੱਟ ਲਉ। ਆਟੇ ਅਤੇ ਬੇਸਣ ਨੂੰ ਆਪਸ ਵਿਚ ਰਲਾ ਲਉ। ਇਸ ਵਿਚ ਬਾਰੀਕ ਕੱਟੀਆਂ ਸਬਜ਼ੀਆਂ ਪਾਉ। ਹੁਣ ਇਸ ਵਿਚ ਮਸਾਲੇ ਪਾਉ ਅਤੇ ਪਾਣੀ ਮਿਲਾ ਕੇ ਇਕ ਪਤਲਾ ਮਿਸ਼ਰਣ ਤਿਆਰ ਕਰੋ। ਤਵੇ ਨੂੰ ਗਰਮ ਕਰੋ ਅਤੇ ਇਸ ਉੱਤੇ ਥੋੜ੍ਹਾ ਜਿਹਾ ਤੇਲ ਲਗਾਉ। ਕੜਾਹੀ 'ਤੇ ਤੇਲ ਪਾ ਕੇ ਇਸ ਸਾਰੀ ਸਮੱਗਰੀ ਨੂੰ ਹਲਕਾ ਭੂਰਾ ਹੋਣ ਤਕ ਪਕਾਓ।

### ਕੇਲਾ-ਗਾਜਰ ਹਲਵਾ

**ਸਮੱਗਰੀ**- ਕੱਚਾ ਕੇਲਾ - 75 ਗ੍ਰਾਮ, ਗਾਜਰ-50 ਗ੍ਰਾਮ, ਖੰਡ -20 ਗ੍ਰਾਮ, ਘਿਓ, ਤੇਲ - 1 ਚਮਚ, ਪਾਣੀ- 200 ਮਿਲੀ

**ਤਰੀਕਾ** - ਕੇਲਿਆਂ ਨੂੰ ਛਿਲਕੇ ਸਮੇਤ ਉਬਾਲ ਲਉ ਤੇ ਠੰਢਾ ਕਰਕੇ ਛਿਲਕਾ ਉਤਾਰੋ। ਗਾਜਰਾਂ ਨੂੰ ਛਿੱਲ ਕੇ ਕੱਦੂਕਸ ਕਰੋ ਅਤੇ ਨਰਮ ਹੋਣ ਤਕ ਪਕਾਉ। ਹੁਣ ਪੱਕੇ ਹੋਏ ਕੇਲੇ ਅਤੇ ਗਾਜਰਾਂ ਨੂੰ ਆਪਸ ਵਿਚ ਰਲਾਉ। ਇਸ ਵਿਚ ਹਲਵੇ ਨੂੰ ਥੋੜ੍ਹੀ ਦੇਰ ਪਕਾਉ। 94173-76488

### ਊਰਜਾ ਭਰਪੂਰ ਭੋਜਨ

- ਭੋਜਨ ਬਣਾਉਣ ਲਈ ਖੰਡ, ਸ਼ੱਕਰ, ਘਿਓ, ਮੱਖਣ, ਨਮਕ ਆਦਿ ਖ਼ੁਰਾਕ ਵਿਚ ਮਿਲਾਇਆ ਜਾ ਸਕਦਾ ਹੈ। ਜ਼ਿਆਦਾ ਊਰਜਾ ਪ੍ਰਾਪਤੀ ਲਈ ਭੋਜਨ ਨੂੰ ਗਾੜ੍ਹਾ ਬਣਾਉਣਾ ਚਾਹੀਦਾ ਹੈ। ਤਿੰਨ ਵੇਲਿਆਂ ਦੇ ਭੋਜਨ ਖਾਣ ਦੇ ਵਿਚਕਾਰਲੇ ਸਮੇਂ ਵਿਚ ਬੱਚਿਆਂ ਨੂੰ ਇਕ ਤੋਂ ਦੋ ਪੌਸ਼ਟਿਕ ਸਨੈਕਸ ਜਿਵੇਂ ਕਿ ਸਬਜ਼ੀਆਂ ਵਾਲਾ ਸੈਂਡਵਿਚ ਅਤੇ ਫਲਾਂ ਦੀ ਚਾਟ ਆਦਿ ਖਾਣ ਲਈ ਦਿੱਤੀ ਜਾ ਸਕਦੀ ਹੈ ਤਾਂ ਜੋ ਬੱਚਿਆਂ ਦੀ ਖ਼ੁਰਾਕੀ ਊਰਜਾ ਨੂੰ ਪੂਰਾ ਕੀਤਾ ਜਾ ਸਕੇ।
- ਬੱਚੇ ਨੂੰ ਘਰ ਵਿਚ ਉਪਲਬਧ ਭੋਜਨ ਪਦਾਰਥ ਜਿਨ੍ਹਾਂ ਵਿਚ ਅਨਾਜ ਦੇ ਦੋ ਹਿੱਸੇ ਅਤੇ ਦਾਲਾਂ ਦਾ ਇਕ ਹਿੱਸਾ ਹੋਵੇ, ਬਣਾ ਕੇ ਖਵਾਉਣੇ ਚਾਹੀਦੇ ਹਨ ਤਾਂ ਜੋ ਬੱਚੇ ਨੂੰ ਇਕ ਸੰਤੁਲਿਤ ਖ਼ੁਰਾਕ ਖਾਣ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ। ਹੌਲੀ-ਹੌਲੀ ਭੋਜਨ ਵਿਚ ਵਿਭਿੰਨਤਾ ਲਿਆਉਣ ਲਈ ਵੱਖ-ਵੱਖ ਭੋਜਨ ਸਮੂਹਾਂ ਜਿਵੇਂ ਕਿ ਮੌਸਮੀ ਅਤੇ ਸਸਤੇ ਫਲ ਅਤੇ ਸਬਜ਼ੀਆਂ, ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ, ਦਾਲਾਂ, ਮੀਟ ਤੇ ਮੱਛੀ, ਘਿਓ, ਖੰਡ ਜਾਂ ਸ਼ੱਕਰ ਆਦਿ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ।
- ਵਿਭਿੰਨਤਾ ਚੰਗੀ ਸਿਹਤ ਦੀ ਕੁੰਜੀ ਹੁੰਦੀ ਹੈ। ਇਸ ਤੋਂ ਇਲਾਵਾ ਬੱਚੇ ਲਈ ਕੋਈ ਵੀ ਭੋਜਨ ਪਦਾਰਥ ਬਣਾਉਣ ਸਮੇਂ ਆਪਣੀ ਅਤੇ ਆਪਣੇ ਆਲੇ ਦੁਆਲੇ ਦੀ ਸਫ਼ਾਈ ਰੱਖਣੀ ਬਹੁਤ ਜ਼ਰੂਰੀ ਹੈ।
- ਬੱਚੇ ਦਾ ਖਾਣਾ ਬਣਾਉਣ ਅਤੇ ਖਾਣਾ ਬਣਾਉਣ ਤੋਂ ਪਹਿਲਾਂ ਹੱਥ ਸਾਬਣ ਨਾਲ ਚੰਗੀ ਤਰ੍ਹਾਂ ਧੋ ਲਵੋ। ਬੱਚੇ ਨੂੰ ਆਪਣੇ-ਆਪ ਖਾਣ ਦੀ ਆਦਤ ਬਣਾਉਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।
- ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਖਾਣਾ ਖਾਣ ਸਮੇਂ ਮਨੋਵਿਗਿਆਨਕ ਪ੍ਰੇਰਨਾ ਵੀ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਭੋਜਨ ਬੱਚੇ ਦੇ ਖ਼ੁਰਾਕੀ ਤਬਦੀਲੀਆਂ ਵਿਚ ਇਕ ਪੁੱਲ ਦਾ ਕੰਮ ਕਰਦੇ ਹਨ।
- ਭੋਜਨ ਵਿਚ ਮੁਲ-ਵਰਧਕ ਮਿਸ਼ਰਣ ਬਹੁਤ ਜ਼ਰੂਰੀ ਹਨ ਜਿਹੜੇ ਕਿ ਬੱਚੇ ਨੂੰ ਦਿਨ ਵਿਚ 5-6 ਵਾਰੀ ਦਿੱਤੇ ਜਾ ਸਕਦੇ ਹਨ। ਇਹ ਬਹੁਤ ਫ਼ਾਇਦੇਮੰਦ ਹੈ।

**ਬਚਪਨ ਵਿਚ ਕੁਪੋਸ਼ਣ ਕਾਰਨ ਬੱਚੇ ਦਾ ਕੱਦ ਉਮਰ ਦੇ ਹਿਸਾਬ ਨਾਲ ਘੱਟ ਰਹਿ ਸਕਦਾ ਹੈ ਅਤੇ ਉਸ ਦੇ ਸਰਵਪੱਖੀ ਵਿਕਾਸ ਵਿਚ ਵੀ ਰੁਕਾਵਟ ਆਉਂਦੀ ਹੈ। ਬਚਪਨ ਵਿਚ ਮਾੜੀ ਸਿਹਤ, ਬੱਚੇ ਦੇ ਸਰੀਰਕ, ਦਿਮਾਗ਼ੀ, ਬੋਲਚਾਲ, ਸੰਵੇਦਨਸ਼ੀਲਤਾ ਅਤੇ ਸਮਾਜਿਕਤਾ ਸੰਬੰਧੀ ਤੱਥਾਂ 'ਤੇ ਵੀ ਮਾੜਾ ਪ੍ਰਭਾਵ ਪਾਉਂਦੀ ਹੈ...**

# ਸ੍ਰੀਮਦਭਗਵਦ ਗੀਤਾ ਵਿੱਚ ਜੀਵਨ ਦੇ ਹਰ ਸੁਆਲ ਦਾ ਹੱਲ: ਅਨਿਲ ਵਿੱਜ

**ਚੰਡੀਗੜ੍ਹ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਉਰਜਾ, ਟ੍ਰਾਂਸਪੋਰਟ ਅਤੇ ਕਿਰਤ ਮੰਤਰੀ ਸ੍ਰੀ ਅਨਿਲ ਵਿੱਜ ਨੇ ਕਿਹਾ ਕਿ ਸ੍ਰੀਮਦਭਗਵਦ ਗੀਤਾ ਸਾਡਾ ਅਨਮੋਲ ਗ੍ਰੰਥ ਹੈ, ਜੋ ਜੀਵਨ ਦੇ ਕਿਸੇ ਵੀ ਪੜਾਅ ’ਤੇ ਇਹ ਦਸੱਦਾ ਹੈ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ। ਇਸ ਦੇ ਅਧਿਆਏ ਅਤੇ ਸ਼ਲੋਕਾਂ ਵਿੱਚ ਹਰ ਸਥਿਤੀ ਦਾ ਹੱਲ ਵਿਸਥਾਰ ਨਾਲ ਦੱਸਿਆ ਗਿਆ ਹੈ।

ਗੀਤਾ ਦੇ ਗਿਆਨ ਨੂੰ ਜੀਵਨ ਵਿੱਚ ਲਾਗੂ ਕਰਕੇ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਗੀਤਾ ਮੁਕਤੀ ਦੀ ਰਾਹ ਦਿਖਾਉਂਦੀ ਹੈ ਅਤੇ ਸਵਾਮੀ ਗਿਆਨਾਨੰਦ ਮਹਾਰਾਜ ਇਸ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਸ਼ਲਾਘਾਯੋਗ ਭੂਮਿਕਾ ਨਿਭਾ ਰਹੇ ਹਨ।

ਸ੍ਰੀ ਅਨਿਲ ਵਿੱਜ ਸ੍ਰੀ ਕ੍ਰਿਸ਼ਨ ਕ੍ਰਿਪਾ ਜੀਓ ਗੀਤਾ ਪਰਿਵਾਰ ਦੀ ਤੱਤਾਵਾਧਾਨ ਵਿਚ ਪ੍ਰਬੰਧਿਤ ਪੰਜ ਦਿਨਾਂ ਦੇ ਬ੍ਰਹਮ ਗੀਤਾ ਸਤਿਸੰਗ ਦੇ ਤੀਜੇ ਦਿਨ ’ਤੇ ਅੰਬਾਲਾ ਵਿੱਚ ਸ਼ਰਧਾਲੂਆਂ ਨੂੰ ਸੰਬੋਧਿਤ ਕਰ ਰਹੇ ਸਨ। ਇਸ ਮੌਕੇ ’ਤੇ ਹਰਿਆਣਾ ਵਿਧਾਨਸਭਾ ਦੇ ਡਿਪਟੀ ਸਪੀਕਰ ਡਾ. ਕ੍ਰਿਸ਼ਣ ਮਿੱਡਾ ਵੀ ਵਿਸ਼ੇਸ਼ ਮਹਿਮਾਨ ਵੱਜੋਂ ਹਾਜ਼ਰ ਸਨ।

ਡਾ. ਕ੍ਰਿਸ਼ਣ ਮਿੱਡਾ ਨੇ ਨੌਜੁਵਾਨਾਂ ਨੂੰ ਅਪੀਲ ਕੀਤੀ ਕਿ ਉਹ ਗੀਤਾ ਨੂੰ ਪੜ੍ਹਨ ਅਤੇ ਇਸ ਨੂੰ ਆਪਣੇ ਜੀਵਨ ਵਿੱਚ ਧਾਰਣ ਕਰਨ। ਉਨ੍ਹਾਂ ਨੇ ਗੀਤਾ ਨੂੰ ਮਨੁੱਖਤਾ ਲਈ ਭਗਵਾਨ ਸ੍ਰੀ ਕ੍ਰਿਸ਼ਨ ਦਾ ਵਿਲੱਖਣ ਵਰਦਾਨ ਦੱਸਿਆ।

ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਮਹਾਰਾਜ ਨੇ ਸ਼ਰਧਾਲੂਆਂ ਨੂੰ ਕਰਮ, ਭਗਤੀ ਅਤੇ ਗਿਆਨ ਦੇ ਆਦਰਸ਼ਾਂ ਨੂੰ ਅਪਨਾਉਣ ਦਾ ਸੰਦੇਸ਼ ਦਿੱਤਾ।

ਉਨ੍ਹਾਂ ਨੇ ਕਿਹਾ ਕਿ ਗੀਤਾ ਦਾ ਅਧਿਐਨ ਜੀਵਨ ਦੇ ਸਾਰੇ ਦੁਖਾਂ ਦਾ ਹੱਲ ਹੈ ਅਤੇ ਇਸ ਨਾਲ ਸੱਚੀ ਸ਼ਾਂਤੀ ਅਤੇ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਸ਼ਰਧਾਲੂ ਅਤੇ ਮਨ੍ਹੇ- ਪ੍ਰਮੰਨ੍ਹੇ ਲੋਕ ਮੌਜੂਦ ਰਹੇ।

# ਹਰ ਸਮਸਿਆ ਦਾ ਹੱਲ ਸਰਕਾਰ ਦੀ ਪ੍ਰਾਥਮਿਕਤਾ - ਕ੍ਰਿਸ਼ਣ ਕੁਮਾਰ

**ਚੰਡੀਗੜ੍ਹ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿਚ ਸਮਾਜਿਕ ਨਿਆਂ, ਸ਼ਸ਼ਕਤੀਕਰਣ, ਅਨੁਸੂਚਿਤ ਜਾਤੀ ਅਤੇ ਪਿਛੜਾ ਵਰਗ ਭਲਾਈ ਅਤੇ ਅੰਤੋਂਦੇਯ (ਸੇਵਾ) ਮੰਤਰੀ ਸ੍ਰੀ ਕ੍ਰਿਸ਼ਣ ਕੁਮਾਰ ਬੇਦੀ ਨੇ ਸੋਮਵਾਰ ਨੂੰ ਪਾਣੀਪਤ ਵਿਚ ਜਿਲ੍ਹਾ ਸ਼ਿਕਾਇਤ ਹੱਲ ਕਮੇਟੀ ਦੀ ਮੀਟਿੰਗ ਦੀ ਅਗਵਾਈ ਕਰਦੇ ਹੋਏ ਕਿਹਾ ਕਿ ਆਮ ਵਿਅਕਤੀ ਦੇ ਨਾਲ ਨਿਆਂ ਕਰਨਾ ਸੂਬਾ ਸਰਕਾਰ ਦੀ ਪ੍ਰਾਥਮਿਕਤਾ ਹੈ।

ਜਿਲ੍ਹਾ ਸ਼ਿਕਾਇਤ ਹੱਲ ਕਮੇਟੀ ਦੀ ਮੀਟਿੰਗ ਵਿਚ ਜੋ ਸ਼ਿਕਾਇਤਾਂ ਪਹੁੰਚਦੀਆਂ ਹਨ ਉਨ੍ਹਾਂ ਦੇ ਹੱਲ ਦਾ ਪ੍ਰਸਾਸ਼ਨ ਦੇ ਸਹਿਯੋਗ ਨਾਲ ਯਤਨ ਕੀਤਾ ਜਾਂਦਾ ਹੈ।

ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਆਪਣੇ ਕੰਮ ਵਿਚ ਪਾਰਦਰਸ਼ਿਤਾ ਵਰਤਣ ਤੇ ਜਨ ਸਮਸਿਆਵਾਂ ਦਾ ਜਲਦੀ ਤੋਂ ਜਲਦੀ ਹੱਲ ਕਰਨ ਦਾ ਸਤਨ ਕਰਨ। ਕਮੇਟੀ ਦੀ ਮੀਟਿੰਗ ਵਿਚ 15 ਕੌਮੀ ਏਜੰਡੇ ਦੇ ਤਹਿਤ ਸਮਸਿਆਵਾਂ ਦੀ ਸੁਣਵਾਈ ਹੋਈ। ਇੰਨ੍ਹਾਂ ਵਿੱਚੋਂ 8 ਸਮਸਿਆਵਾਂ ਦਾ ਮੌਕੇ ’ਤੇ ਹੱਲ ਕੀਤਾ ਗਿਆ ਤੇ 6 ਸਮਸਿਆਵਾਂ ਨੂੰ ਅਗਲੀ ਸੁਣਵਾਈ ਲਈ ਰੱਖਿਆ ਗਿਆ ਤੇ 1 ਸਮਸਿਆ ਨੂੰ ਰੱਦ ਕਰ ਦਿੱਤਾ ਗਿਆ।

# ਸ੍ਰੀ ਵਿਪੁਲ ਗੋਇਲ ਨੇ ਮਾਲ ਅਤੇ ਆਪਦਾ ਪ੍ਰਬੰਧਨ ਵਿਭਾਗ ਦੀ ਪ੍ਰਗਤੀ ਦੀ ਸਮੀਖਿਆ ਕੀਤੀ

**ਚੰਡੀਗੜ੍ਹ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮਾਲ ਅਤੇ ਆਪਦਾ ਪ੍ਰਬੰਧਨ ਮੰਤਰੀ ਸ੍ਰੀ ਵਿਪੁਲ ਗੋਇਲ ਨੇ ਅੱਜ ਮਾਲ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਕਿ ਉਹ ਗਿਰਦਾਵਰੀ (ਪਿੰਡ ਭੂਮੀ ਰਿਕਾਰਡ) ਦੇ ਕੰਮ ਵਿਚ ਤੇਜੀ ਲਿਆਉਣ ਅਤੇ ਸੂਬੇ ਦੇ ਵੱਖ-ਵੱਖ ਜਿਲ੍ਹਿਆਂ ਵਿਚ ਹਾਲ ਹੀ ਵਿਚ ਹੋਈ ਗੜ੍ਹੇਮਾਰੀ ਨਾਲ ਹੋਈ ਫਸਲ ਨੁਕਸਾਨ ਦਾ ਮੁਲਾਂਕਨ ਕਰਨ। ਇਸ ਸਬੰਧ ਵਿਚ ਕਿਸੇ ਵੀ ਤਰ੍ਹਾ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸ੍ਰੀ ਵਿਪੁਲ ਗੋਇਲ ਨੇ ਸੂਬੇ ਵਿਚ ਫਾਇਬ ਅਤੇ ਐਮਰਜੈਂਸੀ ਸੇਵਾ ਪ੍ਰਣਾਲੀ ਨੂੰ ਤੁਰੰਤ ਉਨੱਤ ਕਰਨ ਅਤੇ ਉਸ ਨੂੰ ਬਿਹਤਰ ਬਨਾਉਣ ਦੀ ਵੀ ਅਪੀਲ ਕੀਤੀ।

ਮਾਲ ਅਤੇ ਆਪਦਾ ਪ੍ਰਬੰਧਨ ਵਿਭਾਗ ਦੇ ਕੰਮ ਦੀ ਸਮੀਖਿਆ ਕਰਦੇ ਹੋਏ ਸ੍ਰੀ ਗੋਇਲ ਨੇ ਹਾਲ ਹੀ ਵਿਚ ਹੋਈ ਗੜ੍ਹੇਮਾਰੀ ਨਾਲ ਫਸਲਾਂ ਨੂੰ ਹੋਏ ਨੁਕਸਾਨ ਦਾ ਸਮੇਂ ’ਤੇ ਅਤੇ ਸਟੀਕ ਮੁਲਾਂਕਨ ਕਰਨ ’ਤੇ ਜੋਰ ਦਿੱਤਾ। ਉਨ੍ਹਾਂ ਨੇ ਨਿਰਦੇਸ਼ ਦਿੱਤਾ ਕਿ ਗਿਰਦਾਵਰੀ ਪ੍ਰਕ੍ਰਿਆ ਤੇਜੀ ਨਾਲ ਪੂਰੀ ਕੀਤੀ ਜਾਵੇ ਅਤੇ ਮਾਲ ਅਧਿਕਾਰੀ ਪ੍ਰਭਾਵਿਤ ਜਿਲ੍ਹਿਆਂ ਵਿਚ ਫਸਲ ਨੁਕਸਾਨ ਦੀ ਸੀਮਾ ਦਾ ਤੁਰੰਤ ਮੁਲਾਂਕਨ ਕਰਨਾ ਸ਼ੁਰੂ ਕਰਨ।

ਸ੍ਰੀ ਗੋਇਲ ਨੇ ਕਿਹਾ ਕਿ ਇੰਨ੍ਹਾਂ ਮਹਤੱਵਪੂਰਨ ਕੰਮਾਂ ਵਿਚ ਕਿਸੇ ਵੀ ਤਰ੍ਹਾ ਦੀ ਦੇਰੀ ਜਾਂ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੇ ਗੜ੍ਹੇਮਾਰੀ ਕਾਰਨ ਨੁਕਸਾਨ ਝੇਲਣ ਵਾਲੇ ਕਿਸਾਨਾਂ ਨੂੰ ਸੂਬਾ ਸਰਕਾਰ ਤੋਂ ਸਮੇਂ ’ਤੇ ਮੁਆਵਜਾ ਅਤੇ ਸਹਾਇਤਾ ਮਿਲਣਾ ਯਕੀਨੀ ਕਰਨ ਦੇ ਮਹਤੱਵ ’ਤੇ ਜੋਰ ਦਿੱਤਾ।

ਮੀਟਿੰਗ ਵਿਚ ਸ੍ਰੀ ਗੋਇਲ ਨੇ ਸੂਬੇ ਦੀ ਫਾਇਰ ਅਤੇ ਐਮਰਜੈਂਸੀ ਸੇਵਾ ਪ੍ਰਣਾਲੀ ਨੂੰ ਆਧੁਨਿਕ ਮਾਨਕਾਂ ਅਨੁਰੂਪ ਉਨੱਤ ਕਰਨ ਦੀ ਤੁਰੰਤ ਜਰੂਰਤ ’ਤੇ ਜੋਰ ਦਿੱਤਾ। ਉਨ੍ਹਾਂ ਨੇ ਇੰਨ੍ਹਾਂ ਸੇਵਾਵਾਂ ਨੂੰ ਨਵੀਨਤਮ ਤਕਨੀਕ, ਉਨੱਤ ਸਿਖਲਾਈ ਅਤੇ ਕਾਫੀ ਸਰੋਤਾਂ ਨਾਲ ਲੈਸ ਕਰਨ ਦੀ ਜਰੂਰਤ ’ਤੇ ਜੋਰ ਦਿੱਤਾ।

ਉਨ੍ਹਾਂ ਨੇ ਦਸਿਆ ਕਿ ਫਾਇਰ ਅਤੇ ਐਮਰਜੈਂਸੀ ਸੇਵਾਵਾਂ ਦੇ ਆਧੁਨੀਕੀਕਰਣ ਨਾਲ ਉਨ੍ਹਾਂ ਦੀ ਕੁਸ਼ਲਤਾ, ਸੁਰੱਖਿਆ ਅਤੇ ਐਮਰਜੈਂਸੀ ਦੌਰਾਨ ਸਮੇਂ ’ਤੇ ਪ੍ਰਤੀਕ੍ਰਿਆ ਵਿਚ ਮਹਤੱਵਪੂਰਨ ਸੁਧਾਰ ਹੋਵੇਗਾ। ਇਸ ਨਾਲ ਆਖੀਰ ਵਿਚ ਜਾਨ ਬਚਾਉਣ, ਸਪੰਤੀ ਨੁਕਸਾਨ ਨੂੰ ਘੱਟ ਕਰਨ ਅਤੇ ਜਨਤਾ ਦੀ ਸਮੂਚੀ ਸੁਰੱਖਿਆ ਵਧਾਉਣ ਵਿਚ ਮਦਦ ਮਿਲੇਗੀ।

ਸ੍ਰੀ ਗੋਇਲ ਨੇ ਅਧਿਕਾਰੀਆਂ ਨੂੰ ਫਾਇਰ ਅਤੇ ਐਮਰਜੈਂਸੀ ਸੇਵਾਵਾਂ ਦੇ ਮੌਜੂਦਾ ਬੁਨਿਆਦੀ ਢਾਂਚੇ ਦਾ ਗੰਭੀਰ ਮੁਲਾਂਕਨ ਕਰਨ ਅਤੇ ਪ੍ਰਣਾਲੀ ਵਿਚ ਮੌਜੂਦਾ ਖਾਮੀਆਂ ਨੂੰ ਦੂਰ ਕਰਨ ਲਈ ਇਕ ਵਿਆਪਕ ਯੋਜਨਾ ਤਿਆਰ ਕਰਨਾ ਦਾ ਨਿਰਦੇਸ਼ ਦਿੱਤਾ। ਉਨ੍ਹਾਂ ਨੇ ਆਪਦਾ ਪ੍ਰਬੰਧਨ ਅਤੇ ਐਮਰਜੈਂਸੀ ਪ੍ਰਤੀਕ੍ਰਿਆ ਵਿਚ ਸ਼ਾਮਿਲ ਵੱਖ-ਵੱਖ ਵਿਭਾਗਾਂ ਦੇ ਵਿਚ ਤਾਲਮੇਲ ਵਿਚ ਸੁਧਾਰ ਦੇ ਮਹਤੱਵ ’ਤੇ ਜੋਰ ਦਿੱਤਾ ਤਾਂ ਜੋ ਸੰਕਟਾਂ ਨਾਲ ਨਜਿਠਣ ਲਈ ਵੱਧ ਏਕੀਕ੍ਰਿਤ ਅਤੇ ਸਹੀ ਵਿਵਸਥਾ ਦ੍ਰਿਸ਼ਟੀਕੋਣ ਯਕੀਨੀ ਕੀਤਾ ਜਾ ਸਕੇ।

ਮੰਤਰੀ ਨੇ ਦੋਹਰਾਇਆ ਕਿ ਹਰਿਆਣਾ ਸਰਕਾਰ ਜਨਤਾ ਨੂੰ ਸਰਵੋਤਮ ਸੰਭਵ ਸੇਵਾਵਾਂ ਪ੍ਰਦਾਨ ਕਰਨ ਲਈ ਪ੍ਰਤੀਬੱਧ ਹੈ ਅਤੇ ਸੂਬੇ ਦੇ ਆਪਦਾ ਪ੍ਰਬੰਧਨ ਅਤੇ ਐਮਰਜੈਂਸੀ ਸੇਵਾਵਾਂ ਦੇ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨ ਲਈ ਜਰੂਰੀ ਕਦਮ ਚੁੱਕੇ ਜਾਣਗੇ।

ਇਸ ਮੌਕੇ ’ਤੇ ਮੀਟਿੰਗ ਵਿਚ ਮਾਲ ਅਤੇ ਆਪਦਾ ਪ੍ਰਬੰਧਨ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਤੇ ਵਿੱਤ ਕਮਿਸ਼ਨਰ ਅਨੁਰਾਗ ਰਸਤੋਗੀ ਅਤੇ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਕਮਿਸ਼ਨ ਨੇ 107 ਦਿਨਾਂ ਵਿਚ ਉਮੀਦਵਾਰਾਂ ਦੇ ਹਿੱਤ ਵਿਚ ਕੀਤੇ ਕੰਮ - ਚੇਅਰਮੈਨ ਹਿੰਮਤ ਸਿੰਘ

**ਚੰਡੀਗੜ੍ਹ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਕਰਮਚਾਰੀ ਚੋਣ ਕਮਿਸ਼ਨ ਦੇ ਚੇਅਰਮੈਨ ਹਿੰਮਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ 8 ਜੂਨ, 2024 ਨੂੰ ਕਮਿਸ਼ਨ ਦਾ ਅਹੁਦਾ ਗ੍ਰਹਿਣ ਕੀਤਾ, ਜਿਸ ਦੇ ਬਾਅਦ 185 ਜੁਲਾਈ, 2024 ਨੂ ਕਮਿਸ਼ਨ ਦਾ ਮੁੜਗਠਨ ਹੋਇਆ।

ਕਮਿਸ਼ਨ ਨੇ ਇਸ ਸਾਲ ਕੁੱਲ 56830 ਉਮੀਦਵਾਰਾਂ ਦੇ ਨਤੀਜੇ ਜਾਰੀ ਕੀਤੇ ਜਿਸਵਿਚ ਮੌਜੂਦ ਕਮਿਸ਼ਨ ਵੱਲੋਂ ਲਗਭਗ 36000 ਨਤੀਜੇ ਐਲਾਨ ਕੀਤੇ ਗਏ। ਇਹ ਉਪਲਬਧਤੀ ਕਮਿਸ਼ਨ ਨੇ ਸਿਰਫ 56 ਕਾਰਜਦਿਨਾਂ ਵਿਚ ਪ੍ਰਾਪਤ ਕੀਤੀ।

ਚੇਅਰਮੈਨ ਨੇ ਕਮਿਸ਼ਨ ਵੱਲੋਂ ਕੀਤੇ ਜਾ ਰਹੇ ਕੰਮਾਂ ਦੇ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸੋਸ਼ਲ ਮੀਡੀਆ ਦੀ ਵਰਤੋ ਕਰ ਉਮੀਦਵਾਰਾਂ ਨੂੰ ਜਾਗਰੁਕ ਕੀਤਾ ਅਤੇ ਉਮੀਦਵਾਰਾਂ ਨੂੰ ਕਮਿਸ਼ਨ ਦੀ ਅਥੋਰਾਇਜਡ ਵੈਬਸਾਇਟ ਨਾਲ ਜੋੜਿਆ ਗਿਆ। ਉਨ੍ਹਾਂ ਨੇ ਕਿਹਾ ਕਮਿਸ਼ਨ ਵਿਚ ਪਹਿਲੀ ਵਾਰ ਅਜਿਹਾ ਹੋਇਆ ਹੈ ਕਿ ਕਮਿਸ਼ਨ ਦੇ ਕਿਸੇ ਵੀ ਅਧਿਕਾਰੀ ਤੋਂ ਕੋਈ ਵੀ ਉਮੀਦਵਾਰ ਆਪਣੀ ਸ਼ਿਕਾਇਤ ਨੂੰ ਲੈ ਕੇ ਫੋਨ ਅਤੇ ਮੈਸੇਜ ਰਾਹੀਂ ਗੱਲ ਕਰ ਸਕਦਾ ਹੈ।

ਉਨ੍ਹਾਂ ਨੇ ਕਿਹਾ ਕਿ ਕਮਿਸ਼ਨ ਨੇ ਕੋਰਟ ਵਿਚ ਅਟਕੀ ਹੋਈ ਭਰਤੀਆਂ ’ਤੇ ਉਮੀਦਵਾਰਾਂ ਦੇ ਹਿੱਤ ਵਿਚ ਮਜਬੂਤੀ ਨਾਲ ਆਪਣਾ ਪੱਖ ਰੱਖਿਆ। ਕਮਿਸ਼ਨ ਵੱਲੋਂ ਕੱਢੀ ਗਈ 24000 ਭਰਤੀਆਂ ਦੇ ਨਤੀਜੇ ’ਤੇ 266 ਕੇਸ ਅਤੇ ਟੀਜੀਟੀ ਪ੍ਰੀਖਿਆ ਨਤੀਜੇ ’ਤੇ 418 ਕੇਸ ਦਰਜ ਹੋਏ , ਜਿਨ੍ਹਾਂ ’ਤੇ ਕਮਿਸ਼ਨ ਜਲਦੀ ਤੋਂ ਜਲਦੀ ਕਾਰਵਾਈ ਕਰ ਸਕਦਾ ਹੈ। ਕਮਿਸ਼ਨ ਨੇ ਸਿਰਫ 56 ਦਿਨ ਵਿਚ 28 ਪ੍ਰੀਖਿਆਵਾਂ ਨੂੰ ਸਪੰਨ ਕਰਾਇਆ। ਕਮਿਸ਼ਨ ਵੱਲੋਂ ਹੁਣ ਬਚੀ ਹੋਈ ਪ੍ਰੀਖਿਆਵਾਂ ਵੀ ਜਲਦੀ ਪ੍ਰਬੰਧਿਤ ਕਰਾਈ ਜਾਣਗੀਆਂ। ਰਾਜ ਵਿਚ ਸੱਭ ਤੋਂ ਵੱਡਾ ਨਤੀਜਾ 24000 ਉਮੀਦਵਾਰਾਂ ਦਾ ਜਾਰੀ ਕੀਤਾ ਗਿਆ।

ਪ੍ਰਤੀ ਸਾਲ ਅਨੁਸਾਰ ਡੇਟਾ ਇਸ ਤਰ੍ਹਾ ਹੈ: 2015 ਵਿਚ 2780 ਅਹੁਦਿਆਂ ’ਤੇ, 2016 ਵਿਚ 2229 ਅਹੁਦਿਆਂ ’ਤੇ, 2017 ਵਿਚ 8403 ਅਹੁਦਿਆਂ ’ਤੇ, 2018 ਵਿਚ 20141 ਅਹੁਦਿਆਂ ’ਤੇ, 2019 ਵਿਚ 34649 ਅਹੁਦਿਆਂ ’ਤੇ, 2020 ਵਿਚ 8694 ਅਹੁਦਿਆਂ ” ਤੇ, 2021 ਵਿਚ 3651 ਅਹੁਦਿਆਂ ’ਤੇ, 2022 ਵਿਚ 16366 ਅਹੁਦਿਆਂ ’ਤੇ, 2023 ਵਿਚ 838 ਅਹੁਦਿਆਂ ’ਤੇ ਚੋਣ ਹੋਇਆ। ਉਨ੍ਹਾਂ ਨੇ ਕਿਹਾ ਕਿ ਕਮਿਸ਼ਨ ਵਿਚ ਪਹਿਲੀ ਵਾਰ ਅਜਿਹਾ ਹੋਇਆ ਹੈ ਕਿ ਕਮਿਸ਼ਨ ਦੇ ਚੇਅਰਮੈਨ ਖੁਦ ਕਮਿਸ਼ਨ ਦੇ ਗੇਟ ’ਤੇ ਆ ਕੇ ਉਮੀਦਵਾਰਾਂ ਦੀ ਸ਼ਿਕਾਇਤ ਨੂੰ ਸੁਣਦੇ ਹਨ ਅਤੇ ਉਨ੍ਹਾਂ ਸ਼ਿਕਾਇਤਾਂ ਨੂੰ ਪ੍ਰਾਥਮਿਕਤਾ ਦੇ ਆਧਾਰ ’ਤੇ ਹੱਲ ਕੀਤਾ ਜਾਂਦਾ ਹੈ।

ਚੇਅਰਮੈਨ ਹਿੰਮਤ ਸਿੰਘ ਨੇ ਕਿਹਾ ਕਿ ਕਮਿਸ਼ਨ ਵੱਲੋਂ ਭਵਿੱਖ ਲਈ ਯੋਜਨਾ ਬਣਾਈ ਹੈ ਜਿਸ ਦੇ ਤਹਿਤ ਸਾਲਾਨਾ ਪ੍ਰੀਖਿਆ ਕੈਲੇਂਡਰ ਬਨਾਉਣਗੇ। ਸ਼ਿਕਾਇਤ ਤਹਿਤ ਗ੍ਰੀਵੇਂਸ ਪੋਰਟਲ ਲਾਂਚ ਹੋਵੇਗਾ, ਜਿਸ ’ਤੇ ਨਿਸਤਾਰਣ ਦਾ ਸਮੇਂ ਤੈਅ ਹੋਵੇਗਾ ਅਤੇ ਉਮੀਦਵਾਰਾਂ ਨੂੰ ਹਰ ਇਕ ਪ੍ਰਤੀਕ੍ਰਿਆ ਦੀ ਜਾਣਕਾਰੀ ਮੈਸੇਜ ਵੱਲ ਾ ਸਮੇਂ-ਸਮੇਂ ’ਤੇ ਮਿਲਦੀ ਰਹੇਗੀ। ਜੇਕਰ ਕੋਈ ਉਮੀਦਵਾਰ ਸਾਡੇ ਦਿੱਤੇ ਗਏ ਨਿਸਤਾਰਣ ਤੋਂ ਸਹਿਮਤ ਨਹੀਂ ਹੋਵੇਗਾ ਤਾਂ ਉਹ ਉਸ ਸ਼ਿਕਾਇਤ ’ਤੇ ਮੁੜ ਸ਼ਿਕਾਇਛ ਕਰਨ ਵਿਚ ਸਮਰੱਥ ਹੋਵੇਗਾ। ਕੋਰਟ ਕੇਸ ਲਈ ਹੱਲ ਕੈਂਪ ਲਗਾਏ ਜਾਣਗੇ। ਉਮੀਦਵਾਰਾਂ ਤਹਿਤ OTR (One Time Registration) ਦਾ ਪ੍ਰਾਵਧਾਨ ਲਿਆਇਆ ਜਾਵੇਗਾ। ਸਰਕਾਰ ਦੀ ਰਿਪੋਰਟ ਪੇਸ਼ ਕਰ 35“ ਵੀਂ ਪੋਲਿਸੀ ਵਿਚ ਸੋਧ ਕਰ ਲਾਗੂ ਕਰਵਾਉਣਾ , ਪਰ ਨਵੀਂ ਪੋਲਿਸੀ ਸੁਧਾਰ ਕੁੱਝ ਪੋਸਟਾਂ ’ਤੇ ਲਾਗੂ ਨਹੀਂ ਹੋਵੇਗੀ। ਪੈਂਡਿੰਗ ਪ੍ਰੀਖਿਆਵਾਂ ਨੂੰ ਕਰਨਾ ਅਤੇ ਬਣੇ ਹੋਏ ਨਤੀਜਿਆਂ ਨੂੰ ਜਾਰੀ ਕਰਨਾ। ਵਿਭਾਗਾਂ ਵਿਚ ਤਾਲਮੇਲ ਬਣਾ ਕੇ ਜੁਆਇਨਿੰਗ ਨਾਲ ਜੁੜੀ ਸਮਸਿਆਵਾਂ ਦਾ ਪ੍ਰਾਥਮਿਕਤਾ ਆਧਾਰ ’ਤੇ ਹੱਲ ਕੀਤਾ ਜਾਵੇਗਾ।

ਉਨ੍ਹਾਂ ਨੇ ਕਿਹਾ ਕਿ ਕਮਿਸ਼ਨ ਦਾ ਪੂਰਾ ਯਤਨ ਹੈ ਕਿ ਹਰ ਇਕ ਉਮੀਦਵਾਰ ਨੂੰ ਕੋਰਟ ਅਤੇ ਕਮਿਸ਼ਨ ਜਾਣ ਦੀ ਜਰੂਰਤ ਨਾ ਹੋਵ, ਹਰ ਇਕ ਜਾਣਕਾਰੀ ਉਨ੍ਹਾਂ ਨੂੰ ਸਰਲਤਾ ਨਾਲ ਮਿਲਦੀ ਰਹੇ ਅਤੇ ਘਰ ਬੈਠੇ ਸ਼ਿਕਾਇਤਾਂ ਦਾ ਹੱਲ ਹੋਵੇ।

ਇਸ ਮੌਕੇ ’ਤੇ ਕਮਿਸ਼ਨ ਮੈਂਬਰ ਭੁਪੇਂਦਰ ਸਿੰਘ ਚੌਹਾਨ, ਕਪਿਲ ਅਤਰੇਜਾ, ਅਰਮ ਸਿੰਘ ਅਤੇ ਸੁਭਾਸ਼ ਚੰਦਰ, ਕਮਿਸ਼ਨ ਦੇ ਸਕੱਤਰ ਵਿਨੈ ਕੁਮਾਰ, ਓਐਸਡੀ ਸ਼ੰਭੂ ਰਾਠੀ ਸਮੇਤ ਹੋਰ ਅਧਿਕਾਰੀ ਮੌਜੂਦ ਰਹੇ।

# ਮੁੱਖ ਸਕੱਤਰ ਨੇ ਕੀਤੀ ਅਪਰਾਧ ਟ੍ਰੈਕਿੰਗ ਸਿਸਟਮ ਦੀ ਸਮੀਖਿਆ

**ਚੰਡੀਗੜ੍ਹ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਨੇ ਪਿਛਲੇ 29 ਮਹੀਨਿਆਂ ਵਿਚ ਲਗਾਤਾਰ 29 ਵਾਰ ਪ੍ਰਗਤੀ ਡੈਸ਼ਬੋਰਡ ਵਿਚ ਸਿਖਰ ਸਥਾਨ ਹਾਸਲ ਕੀਤਾ ਹੈ, ਜੋ ਜੂਨ 2021 ਤੋਂ ਰਾਜ ਪੁਲਿਸ ਜੋਰ ਦੀ ਲਗਾਤਾਰ ਐਕਸੀਲੈਂਸ ਅਤੇ ਪਾਰਦਰਸ਼ਿਤਾ ਨੂੰ ਦਰਸ਼ਾਉਂਦਾ ਹੈ।

ਇਹ ਗੱਲ ਅੱਜ ਇੱਥੇ ਮੁੱਖ ਸਕੱਤਰ ਡਾ. ਵਿਵੇਕ ਜੋਸ਼ੀ ਦੀ ਅਗਵਾਈ ਹੇਠ ਹੋਈ ਅਪਰਾਧ ਅਤੇ ਅਪਰਾਧੀ ਟ੍ਰੈਕਿੰਗ ਨੈਟਵਰਕ ਅਤੇ ਸਿਸਟਮ (ਸੀਸੀਟੀਐਨਐਸ) ਦੀ ਰਾਜ ਸਰਵੋਚ ਕਮੇਟੀ ਦੀ 29ਵੀਂ ਮੀਟਿੰਗ ਵਿਚ ਸਾਹਮਣੇ ਆਈ।

ਵਰਨਣਯੋਗ ਹੈ ਕਿ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਸੂਬਿਆਂ ਲਈ ਪੋਰਟਲ ਦੀ ਨਿਗਰਾਨੀ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਕੌਮੀ ਅਪਰਾਧ ਰਿਕਾਰਡ ਬਿਊਰੋ (ਐਨਸੀਆਰਬੀ) ਵੱਲੋਂ ਕੀਤੀ ਜਾਂਦੀ ਹੈ।

ਇਸ ਤੋਂ ਇਲਾਵਾ, ਹਰਿਆਣਾ ਪੁਲਿਸ ਨੇ ਹਰਸਮੇਂ ਪੋਰਟਲ ਰਾਹੀਂ ਪ੍ਰਦਾਨ ਕੀਤੀ ਜਾਣ ਵਾਲੀ ਨਾਗਰਿਕ ਸੇਵਾਵਾਂ ਲਈ ਆਰਟੀਐਸ ਡੈਸ਼ਬੋਰਡ ’ਤੇ ਵੀ 10/10 ਦੈ ਪਰਫੈਕਟ ਸਕੋਰ ਹਾਸਲ ਕੀਤਾ ਹੈ। ਹਰਿਆਣਾ ਪੁਲਿਸ ਨੇ 26 ਦਸੰਬਰ, 2024 ਤੱਕ 64 ਲੱਖ 57 ਹਜਾਰ ਤੋਂ ਵੱਧ ਬਿਨਿਆਂ ਨੂੰ ਸੋਧ ਕਰਦੇ ਹੋਏ ਨਿਰਧਾਰਿਤ ਸਮੇਂ ਸੀਮਾ ਦੇ ਅੰਦਰ ਪੂਰਾ ਕਰ ਲਿਆ ਹੈ। ਇਸ ਪ੍ਰਦਰਸ਼ਨ ਦੇ ਜੋਰ ’ਤੇ ਹਰਿਆਣਾ ਪੁਲਿਸ ਰਾਜ ਦੇ ਸਾਰੇ ਵਿਭਾਗਾਂ ਵਿਚ ਸੱਭ ਤੋਂ ਅੱਗੇ ਰਿਹਾ ਹੈ, ਜਿੱਥੇ ਸਰਲ ਪੋਰਟਲ ਰਾਹੀਂ ਸੱਭ ਤੋਂ ਵੱਧ ਬਿਨੈ ਸੋਧ ਕੀਤੇ ਗਏ ਹਨ।

ਮੀਟਿੰਗ ਵਿਚ ਦਸਿਆ ਗਿਆ ਕਿ ਸਿਰਸਾ ਜਿਲ੍ਹੇ ਵਿਚ ਈ-ਸਮਨ ਨੂੰ ਸਫਲਤਾਪੂਰਵਕ ਲਾਗੂ ਕੀਤਾ ਗਿਆ ਹੈ, ਜਿਸ ਨਾਲ ਇਸ ਨੂੰ ਪਾਇਲਟ ਪ੍ਰੋਜੈਕਟ ਲਈ ਚੁਣਿਆ ਗਿਆ ਸੀ। ਮੁੱਖ ਸਕੱਤਰ ਨੂੰ ਦਸਿਆ ਗਿਆ ਕਿ ਸੂਬੇ ਵਿਚ ਆਉਣ ਵਾਲੀ 33 ਜਨਵਰੀ ਤੱਕ ਈ-ਸਮਨ ਪੋਰਟਲ ਚਾਲੂ ਕਰ ਦਿੱਤਾ ਜਾਵੇਗਾ। ਇਹ ਵੀ ਦਸਿਆ ਗਿਆ ਕਿ ਵਾਂਟੇਡ ਵਿਅਕਤੀਆਂ ਅਤੇ ਵਾਰ-ਵਾਰ ਅਪਰਾਧ ਕਰਨ ਵਾਲਿਆਂ ਦੀ ਰਿਹਾਈ ’ਤੇ ਸਬੰਧਿਤ ਐਸਐਚਓ ਅਤੇ ਪੁਲਿਸ ਸੁਪਰਡੈਂਟ ਨੂੰ ਈ-ਪ੍ਰਿਜਨ ਨਾਲ ਅਲਰਟ ਭੇਜਣ ਦਾ ਪ੍ਰਾਵਧਾਨ ਕੀਤਾ ਗਿਆ ਹੈ।

ਮੀਟਿੰਗ ਦੌਰਾਨ ਵੱਢ-ਵੱਖ ਤਕਨੀਕੀ ਪਹਿਲਾਂ ਦੇ ਲਾਗੂ ਕਰਨ ਦੇ ਸਬੰਧ ਵਿਚ ਹੋਈ ਪ੍ਰਗਤੀ ਦੀ ਵੀ ਸੂਚਨਾ ਦਿੱਤੀ ਗਈ। ਵਰਨਣਯੋਗ ਹੈ ਕਿ 29 ਨਵੰਬਰ, 2024 ਨੂੰ ਐਫਆਈਆਰ (ਐਫਆਈਐਫ-1) ਪ੍ਰਣਾਲੀ ਵਿਚ ਅਤੇ 20 ਦਸੰਬਰ, 2024 ਨੂੰ ਫਾਈਨੇਂਸ ਫਾਰਮ (ਆਈਆਈਐਫ-5) ਪ੍ਰਣਾਲੀ ਵਿਚ ਈ-ਸਾਇਨ ਸਹੂਲਤ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਨਾਲ ਪੁਲਿਸ ਰਿਕਾਰਡ ਦੇ ਦਸਤਾਵੇਜੀਕਰਣ ਅਤੇ ਪ੍ਰੋਸੈਸਿੰਗ ਵਿਚ ਹੋਰ ਵੱਧ ਕੁਸ਼ਲਤਾ ਆਉਣ ਦੀ ਉਮੀਦ ਹੈ।

ਹਰਿਆਣਾ ਪੁਲਿਸ ਵੱਲੋਂ ਈ-ਸਾਕਸ਼ਅ ਵਰਤੋਕਰਤਾਵਾਂ ਦੀ ਗਿਣਤੀ ਵਿਚ ਵੀ ਵਰਨਣਯੋਗ ਵਾਧਾ ਦੇਖਿਆ ਗਿਆ ਹੈ, ਜੋ 30 ਅਗਸਤ, 2024 ਨੂੰ 174,872 ਵਰਤੋਕਰਤਾਵਾਂ ਤੋਂ ਵੱਧ ਕੇ 27 ਦਸੰਬਰ, 2024 ਤੱਕ 17,655 ਵਰਤੋਕਰਤਾ ਹੋ ਗਏ। ਪਰਿਚਾਲਨ ਕੁਸ਼ਲਤਾ ਵਿਚ ਸੁਧਾਰ ਦੇ ਆਪਣੇ ਯਤਨਾਂ ਅਨੁਰੂਪ, ਸੂਬਾ ਅਪਰਾਧ ਰਿਕਾਰਡ ਬਿਊਰੋ (ਐਸਸੀਆਰਬੀ) ਨੇ ਆਈਓਐਸ ਲਈ ਸੀਸੀਟੀਐਨਐਸ ਮੋਬਾਇਲ ਐਪ ਵਿਕਸਿਤ ਕੀਤੀ ਹੈ। ਫੀਲਡ ਵਿਚ ਅਧਿਕਾਰੀਆਂ ਲਈ ਸੀਸੀਟੀਐਨਐਸ ਸੇਵਾਵਾਂ ਦੀ ਗਤੀਸ਼ੀਲਤਾ ਅਤੇ ਪਹੁੰਚ ਨੂੰ ਹੋਰ ਵਧਾਉਣ ਲਈ ਇਹ ਐਪ ਜਲਦੀ ਹੀ ਉਪਲਬਧ ਕਰਾਈ ਜਾਵੇਗੀ। ਇਸ ਤੋਂ ਇਲਾਵਾ, ਹਰਿਆਣਾ ਪੁਲਿਸ ਮੋਬਾਇਲ ਸਮੱਗਰੀਆਂ ’ਤੇ ਸੁਰੱਖਿਅਤ ਪਹੁੰਚ ਦੀ ਸਹੂਲਤ ਲਈ ਵਰਚੂਅਲ ਪ੍ਰਾਈਵੇਟ ਨੈਟਵਰਕ (ਵੀਪੀਐਨ) ਸਥਾਪਿਦਤ ਕਰਨ ’ਤੇ ਵੀ ਕੰਮ ਕਰ ਰਹੀ ਹੈ। ਇਸ ਦੀ ਸਥਾਪਨਾ ਲਈ ਹਾਰਟਰੋਨ ਅਤੇ ਐਨਆਈਸੀ ਦੀ ਸਹਾਇਤਾ ਲਈ ਜਾ ਰਹੀ ਹੈ।

ਗ੍ਰਹਿ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ ਨੇ ਦਸਿਆ ਕਿ ਰਾਜ ਸਰਕਾਰ ਨਵੇਂ ਅਪਰਾਧਿਕ ਕਾਨੂੰਨਾਂ ਦੇ ਤਹਿਤ ਵਿਧੀ ਅਧਿਕਾਰਾਂ ਦੇ ਅਹੁਦੇ ਸ੍ਰਿਜਨ ਕਰ ਕੇ ਅਤੇ ਖਾਲੀ ਅਹੁਦਿਆਂ ਨੂੰ ਭਰ ਕੇ ਅਭਿਯੋਜਨ ਵਿਭਾਗ ਨੂੰ ਮਜਬੂਤ ਕਰ ਰਹੀ ਹੈ।

ਮੀਟਿੰਗ ਵਿਚ ਪੁਲਿਸ ਡਾਇਰੈਕਟਰ ਜਨਰਲ ਸ਼ਤਰੂਜੀਤ ਕਪੂਰ, ਸਿਵਲ ਸੰਸਾਧਨ ਸੂਚਨਾ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਸ੍ਰੀ ਵਿਕਾਸ ਗੁਪਤਾ ਅਤੇ ਐਸਸੀਆਰਬੀ ਜੇਲ੍ਹ ਅਤੇ ਸੂਚਨਾ ਤਕਨਾਲੋਜੀ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਵਿਦਿਆਰਥੀਆਂ ਵੱਲੋਂ ਨਸ਼ਿਆਂ ਖ਼ਿਲਾਫ਼ ਰੈਲੀ

**ਸ਼ਾਹਬਾਦ ਮਾਰਕੰਡਾ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰੀ ਸੇਵਾ ਯੋਜਨਾ ਤਹਿਤ ਚਲ ਰਹੇ ਸੱਤ ਰੋਜ਼ਾ ਕੈਂਪ ਦੇ ਚੌਥੇ ਦਿਨ ਮਾਰਕੰਡਾ ਨੈਸ਼ਨਲ ਕਾਲਜ ਦੇ ਵਾਲੰਟੀਅਰਾਂ ਨੇ ਪਿੰਡ ਜੰਦੇੜੀ ਵਿਚ ਨਸ਼ਾ ਜਾਗਰੂਕਤਾ ਸਲੋਗਨ ਤੇ ਲੇਖਨ ਮੁਕਾਬਲੇ ਕਰਵਾਏ। ਵਾਲੰਟੀਅਰਾਂ ਨੇ ਨਸ਼ੇ ਦੇ ਮਾੜੇ ਪ੍ਰਭਾਵਾਂ ਤੇ ਸਮਾਜ ਵਿਚ ਜਾਗਰੂਕਤਾ ਫੈਲਾਉਣ ਦੇ ਮਹੱਤਵ ਨੂੰ ਰਚਨਾਤਮਕ ਤਰੀਕੇ ਨਾਲ ਪੇਸ਼ ਕੀਤਾ। ਇਸ ਤੋਂ ਬਾਅਦ ਵਾਲੰਟੀਅਰਾਂ ਨੇ ਪਿੰਡ ਦੀਆਂ ਸੜਕਾਂ ’ਤੇ ਨਸ਼ਾ ਮੁਕਤੀ ਰੈਲੀ ਕੱਢੀ। ਇਸ ਰੈਲੀ ਦਾ ਉਦੇਸ਼ ਪਿੰਡ ਵਾਸੀਆਂ ਨੂੰ ਨਸ਼ਾ ਛੱਡਣ ਤੇ ਸਿਹਤਮੰਦ ਜੀਵਨ ਜਿਉਣ ਲਈ ਪ੍ਰੇਰਿਤ ਕਰਨਾ ਸੀ। ਦੁਪਹਿਰ ਦੇ ਸੈਸ਼ਨ ਵਿਚ ਨਿਧੀ ਬਾਵੇਜਾ ਨੇ ਸਵੈ ਰੁਜ਼ਗਾਰ ਦੇ ਮੌਕੇ ’ਤੇ ਸਵੈ ਭਾਰਤ ਅਭਿਆਨ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਘਰ ਤੋਂ ਆਮਦਨ ਸ਼ੁਰੂ ਕਰਨ ਦੇ ਵੱਖ ਵੱਖ ਵਿਕਲਪਾਂ ’ਤੇ ਚਰਚਾ ਕੀਤੀ।

ਉਨ੍ਹਾਂ ਦਾ ਮਨੋਰਥ ਨੌਜਵਾਨਾਂ ਲਈ ਆਤਮ ਨਿਰਭਰ ਬਣਨ ਲਈ ਪ੍ਰੇਰਿਤ ਕਰਨਾ ਸੀ। ਵਾਲੰਟੀਅਰਾਂ ਨੇ ਕਈ ਖੇਡ ਗਤੀਵਿਧੀਆਂ ਵਿਚ ਵੀ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਖੇਡਾਂ ਨਾਲ ਉਨ੍ਹਾਂ ਵਿਚ ਟੀਮ ਭਾਵਨਾ, ਅਨੁਸ਼ਾਸਨ ਤੇ ਊਰਜਾ ਦਾ ਸੰਚਾਰ ਹੁੰਦਾ ਹੈ।

# ਆਪ ਦੇ ਸੰਸਦ ਮੈਂਬਰ ਮਲਵਿੰਦਰ ਕੰਗ ਨੇ ਕੇਂਦਰ ਸਰਕਾਰ ਨੂੰ ਡੈਡਲਾਕ ਤੋੜਨ ਅਤੇ ਕਿਸਾਨਾਂ ਨਾਲ ਗੱਲਬਾਤ ਸ਼ੁਰੂ ਕਰਨ ਦੀ ਕੀਤੀ ਅਪੀਲ

**ਚੰਡੀਗੜ੍ਹ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਅੱਜ ਪੰਜਾਬ-ਹਰਿਆਣਾ ਸਰਹੱਦ ’ਤੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦੀਆਂ ਮੰਗਾਂ ਪ੍ਰਤੀ ਲਗਾਤਾਰ ਉਦਾਸੀਨਤਾ ਦਿਖਾਉਣ ਲਈ ਕੇਂਦਰ ਸਰਕਾਰ ਦੀ ਸਖ਼ਤ ਆਲੋਚਨਾ ਕੀਤੀ ਹੈ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਕਿਸਾਨਾਂ ਨਾਲ ਚੱਲ ਰਹੇ ਡੈੱਡਲਾਕ ਨੂੰ ਤੋੜਨ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਦੇ ਹੱਲ ਲਈ ਤੁਰੰਤ ਗੱਲਬਾਤ ਸ਼ੁਰੂ ਕਰੇ।

ਮੀਡੀਆ ਨੂੰ ਜਾਰੀ ਬਿਆਨ ਵਿੱਚ ਕੰਗ ਨੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ, ਜੋ ਪਿਛਲੇ ਇੱਕ ਮਹੀਨੇ ਤੋਂ ਭੁੱਖ ਹੜਤਾਲ ’ਤੇ ਹਨ, ਦੀ ਸਿਹਤ ਸਬੰਧੀ ਗੰਭੀਰ ਚਿੰਤਾਵਾਂ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਜਗਜੀਤ ਸਿੰਘ ਡੱਲੇਵਾਲ ਦੀ ਵਿਗੜਦੀ ਸਿਹਤ ਨੂੰ ਲੈ ਕੇ ਕਿਸਾਨ ਭਾਈਚਾਰੇ ਦੇ ਨਾਲ-ਨਾਲ ਪੰਜਾਬ ਦੇ ਲੋਕ ਵੀ ਚਿੰਤਤ ਹਨ। ਕੇਂਦਰ ਸਰਕਾਰ ਨੂੰ ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਬਿਨਾਂ ਕਿਸੇ ਦੇਰੀ ਦੇ ਕਿਸਾਨਾਂ ਨਾਲ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ।

ਕੰਗ ਨੇ ਇਹ ਵੀ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਸੂਬਾ ਸਰਕਾਰ ਵੱਲੋਂ ਵਾਰ-ਵਾਰ ਗੱਲਬਾਤ ਸ਼ੁਰੂ ਕਰਨ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਕੇਂਦਰ ਸਰਕਾਰ ਪ੍ਰਦਰਸ਼ਨਕਾਰੀ ਕਿਸਾਨਾਂ ਨਾਲ ਗੱਲਬਾਤ ਕਰਨ ਵਿੱਚ ਅਸਫਲ ਰਹੀ ਹੈ। ਉਨ੍ਹਾਂ ਕਿਹਾ, ÷ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਨੂੰ ਕਿਸਾਨਾਂ ਨਾਲ ਗੱਲਬਾਤ ਦਾ ਰਾਹ ਖੋਲ੍ਹਣ ਲਈ ਮਨਾਉਣ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ ਹਨ, ਪਰ ਕੇਂਦਰ ਨੇ ਕੋਈ ਜਵਾਬ ਨਹੀਂ ਦਿੱਤਾ। ਇਹ ਅਣਗਹਿਲੀ ਬਰਦਾਸ਼ਤਯੋਗ ਨਹੀਂ ਹੈ।

ਆਪ ਆਗੂ ਨੇ ਮਾਨਯੋਗ ਸੁਪਰੀਮ ਕੋਰਟ ਦੀ ਇੱਕ ਤਾਜ਼ਾ ਟਿੱਪਣੀ ਦਾ ਹਵਾਲਾ ਦਿੰਦੇ ਹੋਏ ਕਿਸਾਨਾਂ ਦੀਆਂ ਮੰਗਾਂ ਨੂੰ ਤੇਜ਼ੀ ਨਾਲ ਹੱਲ ਕਰਨ ਦੀ ਮਹੱਤਤਾ ਨੂੰ ਦੁਹਰਾਇਆ, ਜਿਸ ਵਿੱਚ ਪ੍ਰਦਰਸ਼ਨਕਾਰੀ ਕਿਸਾਨਾਂ ਨਾਲ ਗੱਲਬਾਤ ਦੀ ਲੋੜ ’ਤੇ ਜ਼ੋਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਹ ਨਿਰਾਸ਼ਾਜਨਕ ਹੈ ਕਿ ਕਈ ਮਹੀਨਿਆਂ ਦੇ ਧਰਨੇ ਤੋਂ ਬਾਅਦ ਵੀ ਕੇਂਦਰ ਸਰਕਾਰ ਨੇ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਹੱਲ ਕਰਨ ਲਈ ਕੋਈ ਗੰਭੀਰ ਕੋਸ਼ਿਸ਼ ਨਹੀਂ ਕੀਤੀ। ਉਨ੍ਹਾਂ ਦੀ ਇਹ ਚੁੱਪ ਨਾ ਸਿਰਫ਼ ਕਿਸਾਨਾਂ ਦੇ ਸੰਘਰਸ਼ ਨੂੰ ਵਧਾ ਰਹੀ ਹੈ, ਸਗੋਂ ਪੰਜਾਬ ਅਤੇ ਦੇਸ਼ ਭਰ ਦੇ ਲੋਕਾਂ ਵਿੱਚ ਭਾਰੀ ਪ੍ਰੇਸ਼ਾਨੀ ਦਾ ਕਾਰਨ ਬਣ ਰਹੀ ਹੈ।

ਕੰਗ ਨੇ ਲੰਬੇ ਸਮੇਂ ਤੋਂ ਚੱਲ ਰਹੇ ਅੰਦੋਲਨ ’ਤੇ ਚਿੰਤਾ ਜ਼ਾਹਰ ਕੀਤੀ, ਜਿਸ ਨੇ ਕਿਸਾਨਾਂ ਨੂੰ ਭਾਰੀ ਤਣਾਅ ਵਿਚ ਪਾ ਦਿੱਤਾ ਹੈ। ਉਨ੍ਹਾਂ ਕਿਹਾ, ÷ਲੰਬੇ ਸਮੇਂ ਤੋਂ ਚੱਲ ਰਹੇ ਅੜਿੱਕੇ ਨੇ ਕਿਸਾਨਾਂ ਨੂੰ, ਖਾਸ ਕਰਕੇ ਪੰਜਾਬ ਦੇ ਲੋਕਾਂ ਨੂੰ ਡੂੰਘੀ ਚਿੰਤਾ ਵਿੱਚ ਪਾ ਦਿੱਤਾ ਹੈ। ਡੱਲੇਵਾਲ ਜੀ ਦੀ ਸਿਹਤ ਨੇ ਇਸ ਚਿੰਤਾ ਵਿੱਚ ਹੋਰ ਵਾਧਾ ਕੀਤਾ ਹੈ। ਕਿਸਾਨ ਸਾਡਾ ‘ਅੰਨਦਾਤਾ’ ਹਨ, ਅਤੇ ਉਨ੍ਹਾਂ ਦੇ ਮੁੱਦਿਆਂ ਵੱਲ ਤੁਰੰਤ ਧਿਆਨ ਦੇਣ ਅਤੇ ਹੱਲ ਕਰਨ ਦੀ ਲੋੜ ਹੈ।÷

ਉਨ੍ਹਾਂ ਕੇਂਦਰ ਸਰਕਾਰ ਨੂੰ ਤੁਰੰਤ ਕਾਰਵਾਈ ਕਰਨ ਦੀ ਅਪੀਲ ਕਰਦਿਆਂ ਕਿਹਾ, ਮੈਂ ਕੇਂਦਰ ਸਰਕਾਰ ਨੂੰ ਕਿਸਾਨਾਂ ਨਾਲ ਤੁਰੰਤ ਗੱਲਬਾਤ ਕਰਨ ਅਤੇ ਉਨ੍ਹਾਂ ਦੇ ਮੁੱਦਿਆਂ ਨੂੰ ਹੱਲ ਕਰਨ ਦੀ ਅਪੀਲ ਕਰਦਾ ਹਾਂ। ਇਸ ਲੰਬੇ ਸੰਘਰਸ਼ ਦਾ ਕਿਸੇ ਨੂੰ ਕੋਈ ਫਾਇਦਾ ਨਹੀਂ ਹੁੰਦਾ ਸਗੋਂ ਸਾਡੇ ਕਿਸਾਨ ਭਾਈਚਾਰੇ ਦੀ ਪ੍ਰੇਸ਼ਾਨੀ ਹੀ ਵਧ ਰਹੀ ਹੈ। ਹੁਣ ਸਮਾਂ ਆ ਗਿਆ ਹੈ ਕਿ ਕੇਂਦਰ ਆਪਣੀ ਚੁੱਪ ਤੋੜੇ ਅਤੇ ਕਿਸਾਨਾਂ ਦੇ ਮਸਲਿਆਂ ਦੇ ਹੱਲ ਲਈ ਸਾਰਥਕ ਕਦਮ ਚੁੱਕੇ।

# ਅੰਬੇਡਕਰ ਬਾਰੇ ਅਪਮਾਨਜਨਕ ਟਿੱਪਣੀਆਂ ਖ਼ਿਲਾਫ਼ ਮੁਜ਼ਾਹਰਾ



**ਯਮੁਨਾਨਗਰ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਅਤੇ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਜ਼ਿਲ੍ਹਾ ਸਕੱਤਰ ਪਿਆਰੇ ਲਾਲ ਤੰਵਰ ਅਤੇ ਐਡਵੋਕੇਟ ਧਰਮਪਾਲ ਚੌਹਾਨ ਦੀ ਪ੍ਰਧਾਨਗੀ ਹੇਠ ਅਨਾਜ ਮੰਡੀ ਗੇਟ ਜਗਾਧਰੀ ਵਿਚ ਭਾਜਪਾ ਖ਼ਿਲਾਫ਼ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਗ੍ਰਹਿ ਮੰਤਰੀ ਦਾ ਪੁਤਲਾ ਫੂਕਿਆ ਅਤੇ ਦੇਸ਼ ਦੇ ਰਾਸ਼ਟਰਪਤੀ ਨੂੰ ਮੰਗ ਪੱਤਰ ਭੇਜ ਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਤੁਰੰਤ ਬਰਖਾਸਤ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ 18 ਦਸੰਬਰ ਨੂੰ ਰਾਜ ਸਭਾ ’ਚ ਸੰਵਿਧਾਨ ਦੀ 75ਵੀਂ ਵਰ੍ਹੇਗੰਢ ’ਤੇ ਹੋਈ ਬਹਿਸ ਦੌਰਾਨ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੰਵਿਧਾਨ ਦੇ ਨਿਰਮਾਤਾ ਡਾ. ਬੀਆਰ ਅੰਬੇਦਕਰ ਬਾਰੇ ਅਪਮਾਨਜਨਕ ਟਿੱਪਣੀਆਂ ਕਰਕੇ ਦੇਸ਼ ਭਰ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਉਨ੍ਹਾਂ ਕਿਹਾ ਕਿ ਡਾ. ਅੰਬੇਡਕਰ ਨੇ ਸੰਵਿਧਾਨ ਵਿੱਚ ਹਰ ਭਾਰਤੀ ਨਾਗਰਿਕ ਨੂੰ ਲਿੰਗ, ਜਾਤ, ਧਰਮ ਆਦਿ ਦੇ ਭੇਦਭਾਵ ਤੋਂ ਬਿਨਾਂ ਬਰਾਬਰੀ ਦਾ ਅਧਿਕਾਰ ਦਿੱਤਾ ਹੈ। ਦਲਿਤ ਔਰਤਾਂ ਨੂੰ ਉਹ ਅਧਿਕਾਰ ਵੀ ਦਿੱਤੇ ਗਏ ਹਨ ਜਿਨ੍ਹਾਂ ਨੂੰ ਮਨੂੰ ਸਮ੍ਰਿਤੀ ਨੇ ਨਕਾਰ ਦਿੱਤਾ ਸੀ। ਇਸ ਸੰਵਿਧਾਨ ਦੇ ਦਰਸਾਏ ਮਾਰਗ ’ਤੇ ਚੱਲ ਕੇ ਅਤੇ ਲਗਾਤਾਰ ਸੰਘਰਸ਼ ਕਰਕੇ ਦਲਿਤਾਂ, ਔਰਤਾਂ ਅਤੇ ਦੱਬੇ-ਕੁਚਲੇ ਵਰਗਾਂ ਨੇ ਇੱਕ ਮਨੁੱਖ ਅਤੇ ਨਾਗਰਿਕ ਵਜੋਂ ਆਪਣੀ ਪਛਾਣ ਬਣਾਈ ਹੈ । ਅਮਿਤ ਸ਼ਾਹ ਦੀ ਮੂਲ ਸੰਸਥਾ ਆਰਐੱਸਐੱਸ ਨੇ ਸੰਵਿਧਾਨ ਬਣਾਉਣ ਸਮੇਂ ਵੀ ਇਸ ਦਾ ਡਟਵਾਂ ਵਿਰੋਧ ਕੀਤਾ ਸੀ ਅਤੇ ਹੁਣ ਵੀ ਇਹ ਸੰਵਿਧਾਨ ਅਤੇ ਸੰਵਿਧਾਨਕ ਅਧਿਕਾਰਾਂ ‘ਤੇ ਲਗਾਤਾਰ ਹਮਲੇ ਕਰ ਰਹੀ ਹੈ। ਉਹ ਦੇਸ਼ ਦੇ ਸੰਵਿਧਾਨ ਨੂੰ ਬਦਲ ਕੇ ਮਨੂ ਸਮ੍ਰਿਤੀ ਆਧਾਰਿਤ ਸ਼ਾਸਨ ਚਲਾਉਣਾ ਚਾਹੁੰਦੇ ਹਨ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਸ ਮੌਕੇ ਐਡਵੋਕੇਟ ਅਰੁਣ ਕੁਮਾਰ, ਜਰਨੈਲ ਸਿੰਘ ਸਾਂਗਵਾਨ, ਅਜਮੇਰ ਸਿੰਘ ਸੰਧੂ, ਗੁਰਭਜਨ ਸਿੰਘ ਮਝੈਲ, ਜੋਤ ਸਿੰਘ, ਮਹੀਪਾਲ ਚਮਰੋੜੀ, ਵਿਨੋਦ ਕੁਮਾਰ ਤਿਆਗੀ, ਸੋਮਨਾਥ, ਰਾਮਕਰਨ ਸ਼ਰਮਾ ਆਦਿ ਮੌਜੂਦ ਸਨ।

# ਬਟਾਲਾ ਇਲਾਕੇ ਦੇ ਗੰਨਾ ਕਾਸ਼ਤਕਾਰ ਕਿਸਾਨਾਂ ਲਈ ਯਾਦਗਾਰੀ ਤੇ ਇਤਿਹਾਸਕ ਰਿਹਾ ਸਾਲ 2024

**ਗੁਰਦਾਸਪੁਰ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਬਟਾਲਾ ਇਲਾਕੇ ਦੇ ਗੰਨਾ ਕਾਸ਼ਤਕਾਰ ਕਿਸਾਨਾਂ ਲਈ ਸਾਲ 2024 ਯਾਦਗਾਰੀ ਤੇ ਇਤਿਹਾਸਕ ਰਿਹਾ ਹੈ। ਬਟਾਲਾ ਦੇ ਵਿਧਾਇਕ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਕਾਰਜਕਾਰੀ ਪ੍ਰਧਾਨ ਸ੍ਰੀ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਦੀਆਂ ਕੋਸ਼ਿਸ਼ਾਂ ਸਦਕਾ ਮਾਨ ਸਰਕਾਰ ਵੱਲੋਂ ਸੂਬੇ ਦੀ ਦੂਸਰੀ ਸਭ ਤੋਂ ਪੁਰਾਣੀ ਸਹਿਕਾਰੀ ਖੰਡ ਮਿੱਲ ਬਟਾਲਾ ਨੂੰ 330 ਕਰੋੜ ਰੁਪਏ ਦੀ ਲਾਗਤ ਨਾਲ 1200 ਟੀ.ਸੀ.ਡੀ. ਤੋਂ 3500 ਟੀ.ਸੀ.ਡੀ. ਦੀ ਸਮਰੱਥਾ ਦਾ ਕਰਕੇ ਬਟਾਲਾ ਇਲਾਕੇ ਨੂੰ ਵੱਡਾ ਤੋਹਫ਼ਾ ਦਿੱਤਾ ਹੈ। ਸਹਿਕਾਰੀ ਖੰਡ ਮਿੱਲ ਬਟਾਲਾ ਦਾ ਇਹ ਨਵਾਂ ਪ੍ਰੋਜੈਕਟ ਜਿਥੇ ਇਲਾਕੇ ਵਿੱਚ ਗੰਨੇ ਦੀ ਕਾਸ਼ਤ ਅਧੀਨ ਰਕਬੇ ਨੂੰ ਵਧਾਏਗਾ ਓਥੇ ਇਹ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਕਰੇਗਾ।

ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਸੂਬਾ ਕਾਰਜਕਾਰੀ ਪ੍ਰਧਾਨ ਸ੍ਰੀ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਬਟਾਲਾ ਖੰਡ ਮਿੱਲ ਦੇ ਨਵੇਂ ਪ੍ਰੋਜੈਕਟ ਦਾ ਉਦਘਾਟਨ ਕਰਕੇ ਕਿਸਾਨਾਂ ਦੀ ਦਹਾਕਿਆਂ ਪੁਰਾਣੀ ਮੰਗ ਨੂੰ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ 1961 ਤੋਂ ਚੱਲ ਰਹੀ ਇਸ ਖੰਡ ਮਿੱਲ ਦੀ ਸਮਰੱਥਾ 1200 ਟੀਸੀਡੀ ਦੀ ਸੀ ਅਤੇ ਇਸਦੀ ਮਸ਼ੀਨਰੀ ਬਹੁਤ ਪੁਰਾਣੀ ਹੋ ਚੁੱਕੀ ਸੀ, ਜਿਸ ਕਾਰਨ ਇਹ ਮਿੱਲ ਘੱਟ ਗੰਨਾ ਪੀੜ੍ਹ ਦੀ ਸੀ। ਉਨ੍ਹਾਂ ਕਿਹਾ ਕਿ ਮਿੱਲ ਦੀ ਪਿੜ੍ਹਾਈ ਸਮਰੱਥਾ ਘੱਟ ਹੋਣ ਕਾਰਨ ਕਿਸਾਨਾਂ ਨੂੰ ਆਪਣਾ ਗੰਨਾਂ ਦੂਰ ਦੀਆਂ ਮਿੱਲਾਂ ਵਿੱਚ ਲਿਜਾਣਾ ਪੈਂਦਾ ਸੀ ਜਿਸ ਕਾਰਨ ਉਨ੍ਹਾਂ ਦੇ ਸਮੇਂ ਅਤੇ ਪੈਸੇ ਦਾ ਨੁਕਸਾਨ ਹੁੰਦਾ ਸੀ। ਇਸ ਕਾਰਨ ਕਈ ਕਿਸਾਨ ਗੰਨੇ ਦੀ ਬਿਜਾਈ ਕਰਨ ਤੋਂ ਵੀ ਹਟ ਗਏ ਸਨ।ਵਿਧਾਇਕ ਸ੍ਰੀ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 330 ਕਰੋੜ ਰੁਪਏ ਖਰਚ ਕਰਕੇ ਸਹਿਕਾਰੀ ਖੰਡ ਮਿੱਲ ਬਟਾਲਾ ਦੀ ਸਮਰੱਥਾ ਹੁਣ 3500 ਟੀਸੀਡੀ ਕਰ ਦਿੱਤੀ ਗਈ ਅਤੇ ਇਸ ਵਿੱਚ 14 ਮੈਗਾਵਾਟ ਦਾ ਕੋ-ਜੈਨਰੇਸ਼ਨ ਪਲਾਂਟ ਵੀ ਲਗਾਇਆ ਗਿਆ ਹੈ। ਇਸ ਮਿੱਲ ਵਿੱਚ ਰਿਫਾਇੰਡ ਖੰਡ ਦਾ ਉਤਪਾਦਨ ਕੀਤਾ ਜਾਵੇਗਾ ਅਤੇ ਅਜਿਹਾ ਕਰਨ ਵਾਲੀ ਇਹ ਸੂਬੇ ਦੀ ਪਹਿਲੀ ਸਹਿਕਾਰੀ ਖੰਡ ਮਿੱਲ ਹੋਵੇਗੀ।

ਸ੍ਰੀ ਸ਼ੈਰੀ ਕਲਸੀ ਨੇ ਕਿਹਾ ਕਿ ਮਿੱਲ ਦੇ ਮੌਜੂਦਾ ਸੀਜ਼ਨ ਦੌਰਾਨ 35 ਲੱਖ ਕੁਇੰਟਲ ਗੰਨੇ ਦੀ ਪਿੜਾਈ ਕਰਨ ਦਾ ਟੀਚਾ ਹੈ ਅਤੇ ਇਹ ਵਾਤਾਵਰਣ ਪੱਖੀ ਪਲਾਂਟ ਹੈ। ਉਨ੍ਹਾਂ ਕਿਹਾ ਕਿ ਇਹ ਭਾਰਤ ਵਿੱਚ ਆਪਣੀ ਕਿਸਮ ਦੀ ਪਹਿਲੀ ਖੰਡ ਮਿੱਲ ਹੈ ਜਿੱਥੇ 100 ਫੀਸਦੀ ਗੈਸ ਪਾਈਪ ਲਾਈਨ ਪਾਈ ਜਾਵੇਗੀ ਅਤੇ ਇਸ ਦੀ ਸਮਰੱਥਾ ਰੋਜ਼ਾਨਾ 14000 ਘਣ ਮੀਟਰ ਹੈ ਅਤੇ ਇਹ ਵਾਤਾਵਰਣ ਵਿੱਚ 30,000 ਕਾਰਾਂ ਦੇ ਹੁੰਦੇ ਪ੍ਰਦੂਸ਼ਣ ਦੇ ਬਰਾਬਰ ਪ੍ਰਦੂਸ਼ਣ ਨੂੰ ਰੋਕ ਸਕੇਗੀ। ਉਨ੍ਹਾਂ ਕਿਹਾ ਕਿ ਬਟਾਲਾ ਸ਼ੂਗਰ ਮਿੱਲ ਦੇ ਨਾਲ ਲੱਗਿਆ ਇਹ ਪਲਾਂਟ ਰੋਜ਼ਾਨਾ 150 ਟਨ ਤੋਂ ਵੱਧ ਰਹਿੰਦ-ਖੂੰਹਦ ਨੂੰ ਪ੍ਰੋਸੈਸ ਕਰੇਗਾ ਅਤੇ 20 ਟਨ ਆਰਗੈਨਿਕ ਖਾਦ ਤਿਆਰ ਕਰੇਗਾ ਜਿਸ ਨਾਲ ਸਥਾਨਕ ਆਰਥਿਕਤਾ ਨੂੰ ਵੱਡਾ ਹੁਲਾਰਾ ਮਿਲੇਗਾ।

ਸ੍ਰੀ ਸ਼ੈਰੀ ਕਲਸੀ ਨੇ ਕਿਹਾ ਕਿ ਸ਼ੂਗਰ ਮਿੱਲ ਬਟਾਲਾ ਦੇ ਨਾਲ ਹੀ ਪਿੰਡ ਬਹਾਦਰਪੁਰ ਪੰਜਾਬ ਦਾ ਪਹਿਲਾ ਪਿੰਡ ਹੈ ਜਿੱਥੇ ਘਰ-ਘਰ ਬਾਇਓ ਰਸੋਈ ਗੈਸ ਪਹੁੰਚਾਉਣ ਲਈ ਪਾਈਪ ਲਾਈਨ ਵਿਛਾਈ ਗਈ ਹੈ। ਇਹ ਮਿੱਲ ਵਿਸ਼ਵ ਭਰ ਵਿੱਚ ਉਪਲਬਧ ਨਵੀਨਤਮ ਤਕਨਾਲੋਜੀ ਨਾਲ ਲੈਸ ਹੈ ਅਤੇ ਇਸ ਨਾਲ ਬਟਾਲਾ ਖੇਤਰ ਦੇ ਗੰਨਾ ਕਾਸ਼ਤਕਾਰਾਂ ਨੂੰ ਬਹੁਤ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ 6 ਦਸੰਬਰ ਨੂੰ ਬਟਾਲਾ ਸ਼ੂਗਰ ਮਿੱਲ ਦੇ ਨਵੇਂ ਪ੍ਰੋਜੈਕਟ ਨੂੰ ਲੋਕ ਅਰਪਣ ਕੀਤਾ ਗਿਆ ਹੈ ਜੋ ਇਲਾਕੇ ਦੀ ਤਰੱਕੀ ਤੇ ਖੁਸ਼ਹਾਲੀ ਵਿੱਚ ਆਪਣਾ ਅਹਿਮ ਯੋਗਦਾਨ ਪਾਵੇਗਾ। ਉਨ੍ਹਾਂ ਕਿਹਾ ਕਿ ਇਸ ਵੱਡੇ ਪ੍ਰੋਜੈਕਟ ਲਈ ਇਲਾਕੇ ਦੇ ਲੋਕ ਪੰਜਾਬ ਸਰਕਾਰ ਦੇ ਧੰਨਵਾਦੀ ਹਨ।

# ਮੁੱਖ ਮੰਤਰੀ ਰਾਹੀਂ ਪੱਤਰਕਾਰਾਂ ਦੇ ਮਸਲੇ ਹੱਲ ਕਰਵਾਵਾਂਗੇ: ਰਾਣਾ



**ਯਮੁਨਾਨਗਰ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਯੂਨੀਅਨ ਆਫ ਵਰਕਿੰਗ ਜਰਨਲਿਸਟ ਵੱਲੋਂ ਪੱਤਰਕਾਰੀ ਨੂੰ ਦਰਪੇਸ਼ ਚੁਣੌਤੀਆਂ ਵਿਸ਼ੇ ’ਤੇ ਸੈਮੀਨਾਰ ਕਰਵਾਇਆ ਗਿਆ । ਸਮਾਗਮ ਵਿੱਚ ਹਰਿਆਣਾ ਦੇ ਖੇਤੀਬਾੜੀ ਮੰਤਰੀ ਸ਼ਿਆਮ ਸਿੰਘ ਰਾਣਾ, ਯਮੁਨਾਨਗਰ ਦੇ ਵਿਧਾਇਕ ਘਨਸ਼ਿਆਮ ਦਾਸ ਅਰੋੜਾ, ਸਢੋਰਾ ਦੀ ਵਿਧਾਇਕ ਰੇਣੂ ਬਾਲਾ, ਜਗਾਧਰੀ ਦੇ ਵਿਧਾਇਕ ਅਕਰਮ ਖਾਨ ਅਤੇ ਐੱਸਪੀ ਰਾਜੀਵ ਦੇਸਵਾਲ ਪੁੱਜੇ। ਖੇਤੀਬਾੜੀ ਮੰਤਰੀ ਨੇ ਕਿਹਾ ਕਿ ਯੂਨੀਅਨ ਵੱਲੋਂ ਜੋ ਵੀ ਮੰਗਾਂ ਰੱਖੀਆਂ ਗਈਆਂ ਹਨ, ਉਹ ਮੁੱਖ ਮੰਤਰੀ ਨਾਲ ਗੱਲ ਕਰਕੇ ਉਨ੍ਹਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਨਗੇ। ਸੈਮੀਨਾਰ ਵਿੱਚ ਯਮੁਨਾਨਗਰ ਦੇ ਡਾ. ਮਨਮੋਹਨ ਸਿੰਘ ਦੁਆਰਾ ਲਿਖੀ ਪੁਸਤਕ ਸਿਟੀਜ਼ਨ ਜਰਨਲਿਸਟ ਹਰਿਆਣਾ ਦੇ ਖੇਤੀਬਾੜੀ ਮੰਤਰੀ ਸ਼ਿਆਮ ਸਿੰਘ ਰਾਣਾ ਅਤੇ ਹੋਰ ਮਹਿਮਾਨਾਂ ਨੇ ਰਿਲੀਜ਼ ਕੀਤੀ। ਇਸ ਮੌਕੇ ਯੂਨੀਅਨ ਦੇ ਪ੍ਰਧਾਨ ਮਨਮੋਹਨ ਕਥੂਰੀਆ, ਜਨਰਲ ਸਕੱਤਰ ਇੰਦਰਵੇਸ਼, ਸਾਬਕਾ ਸੂਬਾ ਪ੍ਰਧਾਨ ਅਸ਼ਵਨੀ ਦੱਤਾ, ਅਜੈ ਮਲਹੋਤਰਾ, ਸੋਮਨਾਥ ਸ਼ਰਮਾ, ਸੁਰਿੰਦਰ ਮਹਿਤਾ, ਨਵੀਨ ਮਲਹੋਤਰਾ, ਸਤੀਸ਼ ਸੇਠ, ਪ੍ਰਵੀਨ ਮੌਦਗਿਲ, ਓਮ ਪਾਹਵਾ, ਆਈਐੱਸ ਸਹਿਗਲ ਸਮੇਤ ਹਰਿਆਣਾ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਪੱਤਰਕਾਰਾਂ ਨੇ ਹੋਰ ਮੋਹਤਬਰਾਂ ਨੇ ਸ਼ਮੂਲੀਅਤ ਕੀਤੀ।

ਇਸ ਮੌਕੇ ਡਾ. ਬੀਐੱਸ ਗਾਬਾ, ਡਾ. ਆਈਕੇ ਪੰਡਿਤ, ਡੀਆਈਪੀਆਰਓ ਮਨੋਜ ਕੁਮਾਰ, ਰਾਜੀਵ ਦੱਤਾ ਨੂੰ ਵੀ ਸਨਮਾਨਿਤ ਕੀਤਾ ਗਿਆ।

# ਦਾਦੂਪੁਰ-ਨਲਵੀ ਕੈਨਾਲ ਐਕਟ ਰੱਦ ਕਰਨ ਨਾਲ ਕਿਸਾਨ ਖੁਸ਼

**ਯਮੁਨਾਨਗਰ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਅਤੇ ਪੰਜਾਬ ਹਾਈਕੋਰਟ ਨੇ ਹਰਿਆਣਾ ਸਰਕਾਰ ਦੇ ਦਾਦੂਪੁਰ-ਨਲਵੀ ਨਹਿਰ ਦੇ ਡੀ-ਨੋਟੀਫਿਕੇਸ਼ਨ ਐਕਟ 101-ਏ ਨੂੰ ਗੈਰ-ਸੰਵਿਧਾਨਕ ਕਰਾਰ ਦਿੰਦਿਆਂ ਰੱਦ ਕਰ ਦਿੱਤਾ ਅਤੇ ਕਿਸਾਨਾਂ ਦੇ ਹੱਕ ਵਿਚ ਫੈਸਲਾ ਸੁਣਾਇਆ। ਇਸ ਫੈਸਲੇ ਕਾਰਨ ਜਿੱਥੇ ਇੱਕ ਪਾਸੇ ਕਿਸਾਨਾਂ ਨੂੰ ਬਕਾਇਆ ਮੁਆਵਜ਼ਾ ਰਾਸ਼ੀ ਮਿਲਣ ਦੀ ਆਸ ਬੱਝੀ ਹੈ, ਉੱਥੇ ਹੀ ਇਸ ਨਹਿਰ ਦੇ ਮੁੜ ਚਾਲੂ ਹੋਣ ਨਾਲ 223 ਪਿੰਡਾਂ ਦੇ ਲੋਕਾਂ ਨੂੰ ਸਿੰਚਾਈ ਲਈ ਪਾਣੀ ਦੀ ਸਹੂਲਤ ਵੀ ਮਿਲੇਗੀ।

ਦਾਦੂਪੁਰ-ਨਲਵੀ ਸੰਘਰਸ਼ ਕਮੇਟੀ ਯਮੁਨਾਨਗਰ ਵੱਲੋਂ ਅਨਾਜ ਮੰਡੀ ਸਥਿਤ ਆਪਣੇ ਦਫ਼ਤਰ ਵਿਖੇ ਪ੍ਰੈੱਸ ਕਾਨਫਰੰਸ ਕੀਤੀ ਗਈ ਜਿਸ ਵਿੱਚ ਕਮੇਟੀ ਪ੍ਰਧਾਨ ਕਸ਼ਮੀਰ ਸਿੰਘ ਢਿੱਲੋਂ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦਾਦੂਪੁਰ-ਨਲਵੀ ਸਬੰਧੀ ਧਾਰਾ 101-ਏ ਤਹਿਤ ਹਰਿਆਣਾ ਸਰਕਾਰ ਵੱਲੋਂ ਪਾਸ ਕੀਤੇ ਡੀ-ਨੋਟੀਫਿਕੇਸ਼ਨ ਕਾਨੂੰਨ ਨੂੰ ਹਰਿਆਣਾ ਅਤੇ ਪੰਜਾਬ ਹਾਈ ਕੋਰਟ ਨੇ 20 ਦਸੰਬਰ 2024 ਨੂੰ ਰੱਦ ਕਰ ਦਿੱਤਾ ਗਿਆ ਹੈ ਜਿਸ ਕਾਰਨ ਹੁਣ ਕਿਸਾਨਾਂ ਨੂੰ ਉਨ੍ਹਾਂ ਦੇ ਮੁਆਵਜ਼ੇ ਦੀ ਬਕਾਇਆ ਰਾਸ਼ੀ ਮਿਲ ਜਾਵੇਗੀ ਅਤੇ ਨਹਿਰ ਦੇ ਮੁੜ ਖੁੱਲ੍ਹਣ ਨਾਲ 223 ਪਿੰਡਾਂ ਦੇ ਲੋਕਾਂ ਨੂੰ ਸਿੰਚਾਈ ਲਈ ਵੀ ਪਾਣੀ ਮਿਲੇਗਾ।

ਉਨ੍ਹਾਂ ਦੱਸਿਆ ਕਿ ਦਾਦੂਪੁਰ-ਨਲਵੀ ਨਹਿਰ ਦਾ ਕੰਮ 2004-2005 ਵਿੱਚ ਸ਼ੁਰੂ ਹੋਇਆ ਸੀ ਅਤੇ ਇਸ ਨਹਿਰ ਵਿੱਚ 2008-2009 ਤੱਕ ਪਾਣੀ ਸ਼ੁਰੂ ਹੋਇਆ ਸੀ, ਜੋ ਕਿ 2017 ਤੱਕ ਚੱਲਦਾ ਰਿਹਾ ਜਿਸ ਕਾਰਨ ਇਸ ਇਲਾਕੇ ਦੀਆਂ ਜ਼ਮੀਨਾਂ ਦਾ ਪਾਣੀ ਦਾ ਪੱਧਰ ਵੀ ਵਧਿਆ ਅਤੇ ਪਿੰਡਾਂ ਦੀਆਂ ਜ਼ਮੀਨਾਂ ਨੂੰ ਵੀ ਸਿੰਚਾਈ ਦਾ ਲਾਭ ਮਿਲਿਆ। ਉਨ੍ਹਾਂ ਦੱਸਿਆ ਕਿ ਇਸ ਪ੍ਰਾਜੈਕਟ ਲਈ 1026 ਏਕੜ ਜ਼ਮੀਨ ਐਕੁਆਇਰ ਕੀਤੀ ਗਈ ਸੀ। ਉਸ ਸਮੇਂ ਸਰਕਾਰ ਵੱਲੋਂ ਜ਼ਮੀਨ ਮਾਲਕਾਂ ਨੂੰ 5 ਲੱਖ ਤੋਂ 14 ਲੱਖ ਰੁਪਏ ਪ੍ਰਤੀ ਏਕੜ ਤੱਕ ਦੀ ਮੁਆਵਜ਼ਾ ਰਾਸ਼ੀ ਦਿੱਤੀ ਗਈ ਜਦੋਂ ਕਿ ਉਸ ਸਮੇਂ ਜ਼ਮੀਨ ਦਾ ਬਾਜ਼ਾਰੀ ਭਾਅ 40 ਤੋਂ 50 ਲੱਖ ਰੁਪਏ ਪ੍ਰਤੀ ਏਕੜ ਸੀ।

ਇਸ ਸਬੰਧੀ ਉਨ੍ਹਾਂ ਨੇ 2005 ਤੋਂ ਘੱਟ ਮੁਆਵਜ਼ਾ ਰਾਸ਼ੀ ਦੇਣ ਲਈ ਸੰਘਰਸ਼ ਕੀਤਾ ਤੇ ਸੰਘਰਸ਼ ਨੂੰ ਬੂਰ ਪਿਆ ਹੈ।

# ਗਾਂਜਾ ਤਸਕਰ ਪਾਣੀਪਤ ਤੋਂ ਗ੍ਰਿਫ਼ਤਾਰ

**ਰਤੀਆ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਦਰ ਥਾਣਾ ਪੁਲੀਸ ਨੇ ਕਰੀਬ 8 ਮਹੀਨੇ ਪਹਿਲਾਂ ਪਿੰਡ ਲਾਲੀ ਵਿਚੋਂ ਦੋ ਭਰਾਵਾਂ ਤੋਂ ਬਰਾਮਦ ਕੀਤੀ ਗਈ ਗਾਂਜੇ ਦੀ ਵੱਡੀ ਖੇਪ ਦੇ ਮਾਮਲੇ ਵਿਚ ਪਾਣੀਪਤ ਇਲਾਕੇ ਤੋਂ ਗਾਂਜੇ ਲਿਆਉਣ ਵਾਲੇ ਤਸਕਰ ਨੂੰ ਗ੍ਰਿਫਤਾਰ ਕਰ ਲਿਆ ਹੈ। ਗ੍ਰਿਫਤਾਰ ਕੀਤੇ ਗਏ ਤਸਕਰ ਦੀ ਪਛਾਣ ਸ਼ੇਰ ਸਿੰਘ ਉਰਫ ਕਾਲਾ ਪੁੱਤਰ ਧਰਮਪਾਲ ਨਿਵਾਸੀ ਘਸੋਲੀ ਜ਼ਿਲ੍ਹਾ ਸੋਨੀਪਤ ਹਾਲ ਨਿਵਾਸੀ ਪਾਣੀਪਤ ਵਜੋਂ ਹੋਈ ਹੈ। ਸਦਰ ਥਾਣਾ ਇੰਚਾਰਜ ਰਾਜਵੀਰ ਸਿੰਘ ਨੇ ਦੱਸਿਆ ਕਿ ਬੀਤੀ ਤਿੰਨ ਅਪਰੈਲ ਨੂੰ ਪੁਲੀਸ ਕਪਤਾਨ ਆਸਥਾ ਮੋਦੀ ਦੇ ਨਿਰਦੇਸ਼ ਤੇ ਸੀਆਈਏ ਸਟਾਫ ਟੋਹਾਣਾ ਦੀ ਟੀਮ ਨੇ ਸਬ ਇੰਸਪੈਕਟਰ ਜੱਗਾ ਸਿੰਘ ਦੀ ਅਗਵਾਈ ਵਿਚ ਗੁਪਤ ਸੂਚਨਾ ਦੇ ਆਧਾਰ ’ਤੇ ਪਿੰਡ ਲਾਲੀ ਦੇ ਇਕ ਘਰ ਵਿਚ ਛਾਪਾ ਮਾਰ ਕੇ ਦੋ ਭਰਾਵਾਂ ਪ੍ਰਕਾਸ਼ ਅਤੇ ਰਣਜੀਤ ਨਿਵਾਸੀ ਅਲਾਵਲਵਾਸ ਨੂੰ ਕਰੀਬ 284 ਕਿੱਲੋ 800 ਗ੍ਰਾਮ ਗਾਂਜੇ ਦੀ ਖੇਪ ਸਮੇਤ ਗ੍ਰਿਫਤਾਰ ਕੀਤਾ ਸੀ। ਬਰਾਮਦ ਕੀਤੇ ਗਏ ਗਾਂਜੇ ਦੀ ਕੀਮਤ ਕਰੀਬ 30 ਲੱਖ ਰੁਪਏ ਦੱਸੀ ਜਾ ਰਹੀ ਸੀ।

ਵੱਡੀ ਖੇਪ ਬਰਾਮਦ ਹੋਣ ’ਤੇ ਇਸ ਲਈ ਵਿਸ਼ੇਸ਼ ਟੀਮ ਗਠਿਤ ਕੀਤੀ ਗਈ ਸੀ, ਜਿਸ ਨੇ ਤਸਕਰਾਂ ਤੋਂ ਪੁੱਛਗਿੱਛ ਕਰਦੇ ਹੋਏ ਤਸਕਰ ਦੀ ਪਹਿਚਾਣ ਕੀਤੀ ਸੀ। ਹਾਲਾਂਕਿ ਖੇਪ ਸਮੇਤ ਗ੍ਰਿਫਤਾਰ ਕੀਤੇ ਗਏ ਤਸਕਰ ਭਰਾਵਾਂ ਨੂੰ ਜੇਲ੍ਹ ਭੇਜ ਦਿੱਤਾ ਸੀ, ਪਰ ਹੋਰ ਤਸਕਰਾਂ ਨੂੰ ਕਾਬੂ ਕਰਨ ਲਈ ਟੀਮਾਂ ਬਣਾ ਦਿੱਤੀਆਂ ਗਈਆਂ ਸੀ। ਟੀਮ ਨੇ ਗੁਪਤ ਸੂਚਨਾ ਦੇ ਆਧਾਰ ’ਤੇ ਹੀ ਪਾਣੀਪਤ ਵਿਚ ਛਾਪੇਮਾਰੀ ਕਰਕੇ ਤਸਕਰ ਨੂੰ ਗ੍ਰਿਫਤਾਰ ਕਰ ਲਿਆ ਅਤੇ ਅਦਾਲਤ ਵਿਚ ਪੇਸ਼ ਕਰ ਦਿੱਤਾ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਖੇਤਰ ਵਿਚ ਨਸ਼ਿਆਂ ਦੀ ਰੋਕਥਾਮ ਲਈ ਪੁਲੀਸ ਕਾਰਵਾਈਆਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤੇ ਗਏ ਤਸਕਰ ਦੀ ਪਛਾਣ ਸ਼ੇਰ ਸਿੰਘ ਉਰਫ ਕਾਲਾ ਪੁੱਤਰ ਧਰਮਪਾਲ ਨਿਵਾਸੀ ਘਸੋਲੀ ਜ਼ਿਲ੍ਹਾ ਸੋਨੀਪਤ ਹਾਲ ਨਿਵਾਸੀ ਪਾਣੀਪਤ ਵਜੋਂ ਹੋਈ ਹੈ। ਸਦਰ ਥਾਣਾ ਇੰਚਾਰਜ ਰਾਜਵੀਰ ਸਿੰਘ ਨੇ ਦੱਸਿਆ ਕਿ ਬੀਤੀ ਤਿੰਨ ਅਪਰੈਲ ਨੂੰ ਪੁਲੀਸ ਕਪਤਾਨ ਆਸਥਾ ਮੋਦੀ ਦੇ ਨਿਰਦੇਸ਼ ਤੇ ਸੀਆਈਏ ਸਟਾਫ ਟੋਹਾਣਾ ਦੀ ਟੀਮ ਨੇ ਸਬ ਇੰਸਪੈਕਟਰ ਜੱਗਾ ਸਿੰਘ ਦੀ ਅਗਵਾਈ ਵਿਚ ਗੁਪਤ ਸੂਚਨਾ ਦੇ ਆਧਾਰ ’ਤੇ ਪਿੰਡ ਲਾਲੀ ਦੇ ਇਕ ਘਰ ਵਿਚ ਛਾਪਾ ਮਾਰ ਕੇ ਦੋ ਭਰਾਵਾਂ ਪ੍ਰਕਾਸ਼ ਅਤੇ ਰਣਜੀਤ ਨਿਵਾਸੀ ਅਲਾਵਲਵਾਸ ਤਾੜਨਾ ਕਰਦਿਆਂ ਕਿਹਾ ਕਿ ਇਲਾਕੇ ਵਿਚ ਤਸਕਰੀ ਕਰਨ ਵਾਲਿਆਂ ਖ਼ਿਲਾਫ਼ ਪੁਲੀਸ ਵੱਲੋਂ ਸਖਤ ਕਾਰਵਾਈ ਕੀਤੀ ਜਾਵੇਗੀ।

## ਸੰਪਾਦਕੀ

# ਭਾਰਤ ਦਾ ਸਨਅਤੀ ਵਿਕਾਸ ਅਤੇ ਚੀਨ

ਕੁਝ ਅਰਥਸ਼ਾਸਤਰੀਆਂ ਮੁਤਾਬਿਕ 1991 ਵਿੱਚ ਆਈਐੱਮਐੱਫ ਦੇ ਝੋਕੇ ਵਾਲੇ ਸੁਧਾਰਾਂ ਨਾਲ ਅਰਥਚਾਰੇ ਦੇ ਜਗਮਗ ਹੋਣ ਤੋਂ ਪਹਿਲਾਂ ਭਾਰਤ ਹਨੇਰ ਕਾਲ 'ਚੋਂ ਲੰਘ ਰਿਹਾ ਸੀ। ਮੈਂ ਆਜ਼ਾਦੀ ਤੋਂ ਬਾਅਦ ਦੇ ਭਾਰਤ ਵਿੱਚ ਪਲ਼ ਕੇ ਜਵਾਨ ਹੋਇਆ। ਉਸ ਵਕਤ ਦੀ ਦੁਨੀਆ ਸਿਆਹ ਨਹੀਂ ਜਾਪਦੀ ਸੀ। ਨਵੇਂ ਮੁਲਕ ਦੇ ਨਿਰਮਾਣ ਦੀ ਸੱਧਰ ਸੀ, ਨਵੀ ਸਮਰੱਥਾ ਉੱਘੜ ਰਹੀ ਸੀ। ਮੈਂ 25 ਸਾਲ ਟਾਟਾ ਗਰੁੱਪ ਨਾਲ ਕੰਮ ਕੀਤਾ, ਉੱਦਮ ਖੜ੍ਹੇ ਕੀਤੇ; ਫਿਰ ਅਮਰੀਕਾ ਅਤੇ ਕਈ ਹੋਰ ਮੁਲਕਾਂ ਵਿੱਚ ਬਤੌਰ ਕੰਸਲਟੈਂਟ ਉੱਦਮਾਂ ਬਾਰੇ ਜਾਨਣ ਲਈ 20 ਸਾਲ ਲਾਏ। 2009 ਵਿੱਚ ਭਾਰਤ ਦੇ ਯੋਜਨਾ ਕਮਿਸ਼ਨ ਦਾ ਮੈਂਬਰ ਬਣਿਆ ਜਿਸ ਦੇ ਸਿਰ ਦੋ ਗੱਲਾਂ ਤੈਅ ਕਰਨ ਦਾ ਜ਼ਿੰਮਾ ਸੀ। ਇੱਕ, 1991 ਤੋਂ ਬਾਅਦ ਭਾਰਤ ਸਨਅਤੀਕਰਨ ਦੀ ਦੌੜ ਵਿੱਚ ਚੀਨ ਤੋਂ ਕਿਉਂ ਪਛੜਿਆ; ਦੂਜੀ, ਭਾਰਤੀ ਨੀਤੀਆਂ ਵਿੱਚ ਕਿਹੋ ਜਿਹੀਆਂ ਦਰੁਸਤੀਆਂ ਦੀ ਲੋੜ ਹੈ। ਪਹਿਲਾਂ 1991 ਤੋਂ ਪਹਿਲਾਂ ਦੇ ਸਮੇਂ ਦੀ ਫੇਰੀ ਪਾਈਏ। ਜਦੋਂ ਆਜ਼ਾਦੀ ਮਿਲੀ ਤਾਂ ਭਾਰਤ ਨੂੰ ਆਰਥਿਕ ਤਰੱਕੀ ਲਈ ਪਹੀਆਂ ਦੀ ਲੋੜ ਸੀ; ਸਾਮਾਨ ਢੋਣ ਲਈ ਟਰੱਕ ਅਤੇ ਜਨਤਕ ਆਵਾਜਾਈ ਲਈ ਬੱਸਾਂ ਦਰਕਾਰ ਸਨ। ਕਮਰਸ਼ੀਅਲ ਵਾਹਨਾਂ ਦੇ ਨਿਰਮਾਣ ਲਈ 1954 ਵਿੱਚ ਚਾਰ ਸਾਂਝੇ ਉੱਦਮਾਂ ਨੂੰ ਲਾਇਸੈਂਸ ਦਿੱਤੇ। ਟਾਟਾ-ਡੈਮਲਰ ਬੈਂਜ਼ ਅਜਿਹਾ ਸਾਂਝਾ ਉੱਦਮ ਸੀ। ਵਿਦੇਸ਼ੀ ਤਕਨਾਲੋਜੀ ਦੇਣ ਵਾਲੀਆਂ ਕਈ ਕੰਪਨੀਆਂ ਨਾਲ ਮਸ਼ਵਰੇ ਕਰਨ ਤੋਂ ਬਾਅਦ ਕਈ ਸਾਲਾਂ ਦੇ ਪੜਾਵਾਰ ਨਿਰਮਾਣ ਪ੍ਰੋਗਰਾਮ (ਪੀਐੱਮਪੀ) ਦੀ ਰੂਪ-ਰੇਖਾ ਉਲੀਕੀ। ਭਾਰਤੀ ਕੰਪਨੀਆਂ ਨੂੰ ਵਿਦੇਸ਼ੀ ਭਿਆਲਾਂ ਤੋਂ ਮੁਹੱਈਆ ਕਰਵਾਈ ਤਕਨਾਲੋਜੀ ਨਾਲ ਹਰ ਪੜਾਅ ਵਿੱਚ ਵਧੇਰੇ ਜਟਿਲ ਪੁਰਜ਼ੇ ਤਿਆਰ ਕਰਨ ਦਾ ਵੱਲ ਸਿੱਖਣਾ ਪੈਂਦਾ ਸੀ। ਆਟੋਮੋਬੀਲ ਸਨਅਤ ਵਿੱਚ ਪੀਐੱਮਪੀ ਦੀ ਮਿਆਦ 15 ਵਧਾਈ ਗਈ ਜਿਸ ਦੇ ਖ਼ਾਤਮੇ ਤੱਕ 90 ਫ਼ੀਸਦੀ ਵਾਹਨ ਦੇਸ਼ ਵਿੱਚ ਹੀ ਤਿਆਰ ਹੋਣ ਲੱਗ ਪਏ। ਟਾਟਿਆਂ ਨੂੰ ਸਿੱਖਣ ਦਾ ਵੱਲ ਆਉਂਦਾ ਹੈ। ਉਨ੍ਹਾਂ 15 ਸਾਲਾਂ ਦੇ ਅੰਦਰ-ਅੰਦਰ ਡੈਮਲਰ ਬੈਂਜ਼ ਦੇ ਮਿਆਰਾਂ ਦੇ ਹਾਣ ਦੇ ਟਰੱਕ ਅਤੇ ਬੱਸਾਂ ਤਿਆਰ ਕਰ ਲਏ ਜਿਨ੍ਹਾਂ ਵਿੱਚ 95 ਫ਼ੀਸਦੀ ਤੋਂ ਵੱਧ ਸਾਜ਼ੋ-ਸਾਮਾਨ ਘਰੇਲੂ ਸੀ। ਉਨ੍ਹਾਂ ਦੇਸ਼ ਭਰ ਵਿੱਚ ਪੁਰਜ਼ੇ ਤਿਆਰ ਕਰਨ ਵਾਲੀਆਂ ਛੋਟੀਆਂ ਵੱਡੀਆਂ ਸੈਂਕੜੇ ਕੰਪਨੀਆਂ ਨਾਲ ਜੋੜੀਆਂ। ਟਾਟਾ ਗਰੁੱਪ ਨੇ ਪੁਣੇ ਵਿੱਚ ਆਪਣਾ ਡਿਜ਼ਾਈਨ ਅਤੇ ਵਿਕਾਸ ਕੇਂਦਰ ਬਣਾਇਆ। ਜਦੋਂ ਡੈਮਲਰ ਬੈਂਜ਼ ਨਾਲ ਤਕਨੀਕੀ ਕਰਾਰ ਖ਼ਤਮ ਹੋਇਆ, ਟਾਟਾ ਗਰੁੱਪ ਨੂੰ ਭਾਰਤ ਵਿੱਚ ਤਿਆਰ ਕੀਤੇ ਵਾਹਨਾਂ ਦੀ ਬਰਾਮਦ ਦੀ ਖੁੱਲ੍ਹ ਮਿਲ ਗਈ। 1991 ਦੇ ਉਦਾਰੀਕਰਨ ਤੋਂ ਕਈ ਸਾਲਾਂ ਪਹਿਲਾਂ, 1980ਵਿਆਂ ਦੇ ਮੱਧ ਤੱਕ 50 ਮੁਲਕਾਂ ਦੀਆਂ ਸੜਕਾਂ 'ਤੇ ਟਾਟਾ ਦੇ ਟਰੱਕ ਤੇ ਬੱਸਾਂ ਦੌੜਨ ਲੱਗੀਆਂ ਸਨ। ਕਿਸੇ ਐਸੇ ਮੁਲਕ ਜੋ ਨਵੇਂ ਹੁਨਰ ਸਿੱਖ ਰਿਹਾ ਹੋਵੇ ਅਤੇ ਸਮੂਹਿਕ ਸਮਰੱਥਾ ਦਾ ਨਿਰਮਾਣ ਕਰ ਰਿਹਾ ਹੋਵੇ, ਵਿੱਚ ਉੱਦਮਾਂ ਦੇ ਟਿਕਾਊ ਵਿਕਾਸ ਦੀ ਪ੍ਰਕਿਰਿਆ ਹੁੰਦੀ ਹੈ। ਮੁਕਾਬਲੇ ਭਰੀ ਦੁਨੀਆ ਵਿੱਚ ਬਾਅਦ ਵਿੱਚ ਆਉਣ ਵਾਲੇ ਸਨਅਤਕਾਰਾਂ ਨੂੰ ਆਪਣੇ ਤੋਂ ਅੱਗੇ ਨਿਕਲੇ ਸਨਅਤਕਾਰਾਂ ਨਾਲੋਂ ਤੇਜ਼ੀ ਨਾਲ ਸਿੱਖਣਾ ਪੈਂਦਾ ਹੈ। ਕਿਸੇ ਦੇਸ਼ ਦੇ ਨੀਤੀਘਾੜਿਆਂ ਨੂੰ ਐਸਾ ਸਾਜ਼ਗਾਰ ਮਾਹੌਲ ਤਿਆਰ ਕਰਨਾ ਪੈਂਦਾ ਹੈ ਜਿਸ ਵਿੱਚ ਸਨਅਤਾਂ ਦਾ ਉਦੋਂ ਤੱਕ ਪੋਸ਼ਣ ਕੀਤਾ ਜਾਂਦਾ ਹੈ ਜਿੰਨੀ ਦੇਰ ਤੱਕ ਉਹ ਖੁੱਲ੍ਹੇ ਮੁਕਾਬਲੇ ਦਾ ਸਾਹਮਣਾ ਕਰਨ ਲਈ ਤਿਆਰ ਨਹੀਂ ਹੋ ਜਾਂਦੇ। ਇਸੇ ਢੰਗ ਨਾਲ ਜਰਮਨੀ, ਜਪਾਨ, ਦੱਖਣੀ ਕੋਰੀਆ ਅਤੇ ਚੀਨ ਜਿਹੇ ਮੁਲਕ ਸਨਅਤੀ ਸ਼ਕਤੀਆਂ ਬਣ ਕੇ ਉੱਭਰੇ ਸਨ। ਭਾਰਤ ਇਸ ਮਾਮਲੇ ਵਿੱਚ ਉਦੋਂ ਟਪਲਾ ਖਾ ਗਿਆ ਜਦੋਂ ਵਾਸ਼ਿੰਗਟਨ ਅਰਥਸ਼ਾਸਤਰ ਦੇ ਛਲਾਵੇ ਵਿੱਚ ਆ ਕੇ ਇਸ ਨੇ ਸਮੇਂ ਤੋਂ ਪਹਿਲਾਂ ਹੀ ਸਨਅਤੀ ਨੀਤੀਆਂ ਦਾ ਤਿਆਗ ਕਰ ਦਿੱਤਾ ਸੀ। ਆਖ਼ਿਰਕਾਰ ਦੇਸ਼ਾਂ ਵਿਚਕਾਰ ਦੌੜ ਦਾ ਮਤਲਬ ਇਹ ਹੁੰਦਾ ਹੈ ਕਿ ਉਨ੍ਹਾਂ ਦੇ ਨੀਤੀਘਾੜਿ ?ਆਂ ਵਿੱਚ ਕਿੰਨੀ ਕੁ ਤੇਜ਼ੀ ਨਾਲ ਸਿੱਖਨ ਦੀ ਕੁੱਵਤ ਹੁੰਦੀ ਹੈ। ਚੀਨ ਦੇ ਨੀਤੀਘਾੜਿ ?ਆਂ ਨੇ ਸਿੱਧ ਕੀਤਾ ਕਿ ਉਹ ਬਹੁਤ ਤੇਜ਼ੀ ਨਾਲ ਸਿੱਖਦੇ ਹਨ। ਚੀਨ ਤੇ ਭਾਰਤ ਦੇ ਨਿਰਮਾਣ ਅਤੇ ਵਡੇਰੀਆਂ ਵਸਤਾਂ ਦੇ ਖੇਤਰਾਂ ਦਾ ਆਕਾਰ 1991 ਵਿੱਚ ਬਰਾਬਰ ਸੀ। 2010 ਤੱਕ ਚੀਨ ਦੇ ਨਿਰਮਾਣ ਖੇਤਰ ਦਾ ਆਕਾਰ ਭਾਰਤ ਨਾਲੋਂ ਦਸ ਗੁਣਾ ਵੱਡਾ ਹੋ ਗਿਆ ਸੀ ਅਤੇ ਇਸ ਦਾ ਮੂਲ ਅਸਾਸੇ (ਕੈਪੀਟਲ ਗੁੱਡਜ਼) ਖੇਤਰ ਦਾ ਆਕਾਰ 50 ਗੁਣਾ ਵੱਡਾ ਹੋ ਗਿਆ ਸੀ; ਚੀਨ ਦੁਨੀਆ ਭਰ ਵਿੱਚ ਮਸ਼ੀਨਰੀ ਅਤੇ ਕੰਪਿਊਟਰ ਤੇ ਹੋਰ ਸਾਮਾਨ ਬਰਾਮਦ ਕਰ ਰਿਹਾ ਸੀ। ਕਿਸੇ ਵੱਡੇ ਮੁਲਕ ਦੀ ਆਰਥਿਕਤਾ ਜਟਿਲ ਅਨੁਕੂਲਨ ਪ੍ਰਣਾਲੀ ਹੁੰਦੀ ਹੈ। ਕਿਸੇ ਸਨਅਤ ਦਾ ਹੱਦੋਂ ਵੱਧ ਵਿਕਾਸ ਦੂਜੀਆਂ ਸਨਅਤਾਂ ਦਾ ਨੁਕਸਾਨ ਵੀ ਕਰ ਸਕਦਾ ਹੈ ਜਿਸ ਨਾਲ ਆਰਥਿਕਤਾ ਨੂੰ ਢਾਹ ਲੱਗਦੀ ਹੈ। ਭਾਰਤ ਵਰਗਾ ਦੇਸ਼ ਸਿਰਫ਼ ਸਾਫਟਵੇਅਰ/ਸੇਵਾਵਾਂ ਦੇ ਵਿਕਾਸ ਉੱਪਰ ਹੀ ਟੇਕ ਰੱਖ ਕੇ ਨਹੀਂ ਚੱਲ ਸਕਦਾ। ਇਸ ਨੂੰ ਵਧੇਰੇ ਹਾਰਡਵੇਅਰ/ਨਿਰਮਾਣ ਸਮਰੱਥਾ ਦੀ ਲੋੜ ਹੈ। ਭਾਰਤ ਦੀ ਸਾਫਟਵੇਅਰ ਸਨਅਤ ਨੇ ਕੰਪਨੀਆਂ ਦੇ ਪ੍ਰੋਮੋਟਰਾਂ ਲਈ ਕਾਫ਼ੀ ਦੌਲਤ ਪੈਦਾ ਕੀਤੀ ਹੈ। ਉਨ੍ਹਾਂ ਆਈਆਈਟੀਜ਼ ਵੱਲੋਂ ਪੈਦਾ ਕੀਤੇ ਘੱਟ ਲਾਗਤ, ਅੰਗਰੇਜ਼ੀ ਬੋਲਣ ਵਾਲੇ ਭਾਰਤੀ ਇੰਜਨੀਅਰਾਂ ਦੀ ਸਾਲਸੀ ਅਤੇ ਬਾਹਰੀ ਸਾਫਟਵੇਅਰ ਸੇਵਾਵਾਂ ਦੀਆਂ ਕੀਮਤਾਂ ਤੋਂ ਸੰਪਦਾ ਪੈਦਾ ਕੀਤੀ। ਭਾਰਤ ਦੀਆਂ ਆਲਮੀ ਮਿਆਰ ਦੀਆਂ ਇੰਜਨੀਅਰਿੰਗ ਸੰਸਥਾਵਾਂ ਦਾ ਲਾਹਾ ਇਨ੍ਹਾਂ ਫਰਮਾਂ ਨੇ ਉਠਾਇਆ ਹੈ। ਉਨ੍ਹਾਂ ਨੂੰ ਆਪਣੇ ਕਾਰੋਬਾਰ ਵਧਾਉਣ ਲਈ ਹੋਰ ਜ਼ਿਆਦਾ ਨਿਵੇਸ਼ ਕਰਨ ਦੇ ਪ੍ਰੇਰਕ ਵੀ ਦਿੱਤੇ ਗਏ ਸਨ ਜਿਵੇਂ ਕਿਫ਼ਾਇਤੀ ਕੀਮਤ 'ਤੇ ਜ਼ਮੀਨ ਅਤੇ ਟੈਕਸਾਂ ਵਿੱਚ ਛੋਟਾਂ ਆਦਿ। ਸਾਫਟਵੇਅਰ ਇੰਜਨੀਅਰਾਂ ਨੂੰ ਕੰਮ ਲਈ ਕੰਪਿਊਟਰ ਹਾਰਡਵੇਅਰ ਦੀ ਲੋੜ ਪੈਂਦੀ ਹੈ। ਦਸੰਬਰ 1996 ਵਿੱਚ ਸਿੰਗਾਪੁਰ ਵਿੱਚ ਅਮਰੀਕਾ ਦੀ ਅਗਵਾਈ ਹੇਠ ਵਿਸ਼ਵ ਵਪਾਰ ਸੰਗਠਨ (ਡਬਲਿਊਟੀਓ) ਦੀ ਮੰਤਰੀ ਪੱਧਰ ਦੀ ਕਾਨਫਰੰਸ ਵਿੱਚ ਸੂਚਨਾ ਤਕਨਾਲੋਜੀ ਬਾਰੇ ਸਮਝੌਤਾ ਕੀਤਾ ਗਿਆ ਸੀ ਅਤੇ ਭਾਰਤ ਨੇ ਕੰਪਿਊਟਰ ਸਾਜ਼ੋ ?-ਸਮਾਨ ਉੱਪਰ ਦਰਾਮਦੀ ਡਿਊਟੀਆਂ ਖ਼ਤਮ ਕਰ ਕੇ ਇਸ ਸਮਝੌਤੇ ਦਾ ਪਾਲਣ ਕਰਨ ਵਿਚ ਬਹੁਤ ਤੇਜ਼ੀ ਦਿਖਾਈ ਸੀ। ਆਪਣੀ ਸਾਫਟਵੇਅਰ ਸਨਅਤ ਦੀ ਪ੍ਰੇਰਨਾ ਨਾਲ ਭਾਰਤ ਸਰਕਾਰ ਨੇ ਮਾਰਚ 1997 ਵਿੱਚ ਆਪਣੀਆਂ ਹਾਰਡਵੇਅਰ ਲਾਗਤਾਂ ਵਿੱਚ ਕਮੀ ਲਿਆਂਦੀ। ਚੀਨ ਨੇ ਇਸ ਸਮਝੌਤੇ ਉੱਪਰ 2003 ਵਿਚ ਦਸਤਖ਼ਤ ਕੀਤੇ ਸਨ। ਇਸ ਨੇ ਆਪਣੇ ਇਲੈਕਟ੍ਰੌਨਿਕ ਹਾਰਡਵੇਅਰ ਖੇਤਰ ਨੂੰ ਮਜ਼ਬੂਤ ਬਣਾਉਣ ਲਈ ਦਰਾਮਦੀ ਡਿਊਟੀਆਂ ਦੀ ਢਾਲ ਦਾ ਇਸਤੇਮਾਲ ਕੀਤਾ ਜਿਸ ਦੀ ਬਦੌਲਤ ਇਸ ਨੇ ਜ਼ਬਰਦਸਤ ਤਰੱਕੀ ਕੀਤੀ ਹੈ ਅਤੇ ਹੁਣ ਇਹ ਅਮਰੀਕਾ ਨੂੰ ਟੱਕਰ ਦੇਣ ਦੀ ਹਾਲਤ ਵਿੱਚ ਪਹੁੰਚ ਗਿਆ ਹੈ। ਭਾਰਤ ਨੂੰ ਵੀ ਆਪਣੀ ਸੁਰੱਖਿਆ ਖ਼ਾਤਿਰ ਆਪਣੀ ਹਾਰਡਵੇਅਰ ਸਨਅਤ ਦਾ ਨਿਰਮਾਣ ਕਰਨਾ ਪਵੇਗਾ। ਜਿਹੜੇ ਅਰਥਸ਼ਾਸਤਰੀਆਂ ਨੂੰ ਇਹ ਖ਼ਬਤ ਸੀ ਕਿ ਕੁੱਲ ਘਰੇਲੂ ਪੈਦਾਵਾਰ (ਜੀਡੀਪੀ) ਵਿੱਚ ਵਾਧਾ ਹੀ ਕਿਸੇ ਦੇਸ਼ ਦੀ ਸਫ਼ਲਤਾ ਦਾ ਰਾਮਬਾਣ ਹੈ, ਉਹ ਹੁਣ ਮਹਿਸੂਸ ਕਰ ਰਹੇ ਹਨ ਕਿ ਜੀਡੀਪੀ ਨੂੰ ਹੁਲਾਰਾ ਦੇਣ ਵਾਲੀਆਂ ਨੀਤੀਆਂ ਸਰਬਪੱਖੀ ਵਿਕਾਸ ਲਈ ਕਾਫ਼ੀ ਨਹੀਂ ਹਨ। ਵਿਕਾਸ ਵਿੱਚ ਸਭ ਦੀ ਭਾਗੀਦਾਰੀ ਹੋਣੀ ਚਾਹੀਦੀ ਹੈ ਅਤੇ ਨਾਲ ਹੀ ਵਾਤਾਵਰਨ ਨੂੰ ਸੰਭਾਲ ਕੇ ਰੱਖਣਾ ਵੀ ਜ਼ਰੂਰੀ ਹੈ। ਨੌਕਰੀਆਂ ਅਤੇ ਰੋਜ਼ੀ-ਰੋਟੀ ਦੇ ਕੇ ਨਾਗਰਿਕਾਂ ਨੂੰ ਆਰਥਿਕ ਵਿਕਾਸ ਦਾ ਹਿੱਸਾ ਬਣਾਇਆ ਜਾਂਦਾ ਹੈ ਜਿਨ੍ਹਾਂ ਸਦਕਾ ਉਨ੍ਹਾਂ ਨੂੰ ਚੰਗੀ ਆਮਦਨ ਹੁੰਦੀ ਹੈ ਅਤੇ ਆਰਥਿਕ ਤੌਰ 'ਤੇ ਪਾਏਦਾਰ ਢੰਗ ਨਾਲ ਗ਼ਰੀਬੀ ਵਿੱਚ ਵੀ ਕਮੀ ਹੁੰਦੀ ਹੈ ਜਦੋਂਕਿ ਕੀਮਤਾਂ ਵਿੱਚ ਸਬਸਿਡੀ ਅਤੇ ਅਤੇ ਹੋਰ ਸਹਾਇਤਾ ਜੋ ਸਰਕਾਰਾਂ ਉਦੋਂ ਦੇਣ ਲਈ ਮਜਬੂਰ ਹੁੰਦੀਆਂ ਹਨ ਜਦੋਂ ਅਰਥਚਾਰੇ ਦੀ ਚੂਲ ਢਿੱਲੀ ਹੁੰਦੀ ਹੈ, ਦੀਰਘਕਾਲੀ ਰੂਪ ਵਿੱਚ ਹੰਢਣਸਾਰ ਨਹੀਂ ਹੁੰਦੀਆਂ। ਬੁੱਝਣ ਵਾਲੀ ਗੱਲ ਇਹ ਸੀ ਕਿ ਨਾਗਰਿਕਾਂ ਕੋਲ ਐਨੀ ਕਮਾਈ ਹੋਵੇ ਜਿਸ ਨਾਲ ਉਹ ਖੁੱਲ੍ਹੇ ਵਪਾਰ ਰਾਹੀਂ ਪਰੋਸੇ ਜਾਣ ਵਾਲੇ ਉਤਪਾਦ ਖਰੀਦਣਾ ਚਾਹੁੰਦੇ ਹੋਣ। ਇਸ ਵਾਸਤੇ ਉਨ੍ਹਾਂ ਨੂੰ ਢੁਕਵੀਂ ਆਮਦਨ ਪੈਦਾ ਕਰਨੀ ਪਵੇਗੀ। ਭਾਰਤ ਦੇ ਖੁੱਲ੍ਹੀ ਮੰਡੀ ਦੇ ਸੁਧਾਰ ਹੁਣ ਦੇਸ਼ ਲਈ ਮੁਸੀਬਤ ਬਣ ਗਏ ਹਨ। ਖੇਤੀਬਾੜੀ, ਨਿਰਮਾਣ ਅਤੇ ਇੱਥੋਂ ਤੱਕ ਕਿ ਸੇਵਾਵਾਂ ਦੇ ਖੇਤਰਾਂ ਵਿੱਚ ਵੀ ਨਾਕਾਫ਼ੀ ਆਮਦਨੀਆਂ, ਬੇਰੁਜ਼ਗਾਰੀ ਅਤੇ ਨਾਕਾਫ਼ੀ ਸਮਾਜਿਕ ਸੁਰੱਖਿਆ ਕਰ ਕੇ ਦੇਸ਼ ਵਿਆਪੀ ਬਦਅਮਨੀ ਪੈਦਾ ਹੋ ਰਹੀ ਹੈ। ਮੁਕਤ ਵਪਾਰ ਦੇ ਉਪਜਾਏ ਹੋਛੇ ਜੀਡੀਪੀ ਵਿਕਾਸ ਨਾਲ ਹਾਲੀਆ ਦਹਾਕਿਆਂ ਵਿੱਚ ਸਨਅਤੀ ਖੇਤਰ ਦੀਆਂ ਜੜ੍ਹਾਂ ਝੰਜੋੜੀਆਂ ਗਈਆਂ ਸਨ। ਤੇਜ਼ੀ ਨਾਲ ਸਿੱਖਣ ਵਾਲੇ ਉੱਦਮਾਂ ਅਤੇ ਵਧੇਰੇ ਉਤਪਾਦਕ ਰੁਜ਼ਗਾਰ ਦੇ ਨਿਰਮਾਣ ਲਈ ਭਾਰਤ ਦੀਆਂ ਉਦਾਰੀਕਰਨ ਤੋਂ ਬਾਅਦ ਦੀਆਂ ਨੀਤੀਆਂ ਦੀ ਨਜ਼ਰਸਾਨੀ ਕਰ ਕੇ ਇਨ੍ਹਾਂ ਵਿੱਚ ਸੁਧਾਰ ਲਿਆਂਦੇ ਜਾਣ ਦੀ ਲੋੜ ਹੈ। ਕਾਹਲੀ ਨਾਲ ਕੀਤੇ ਉਦਾਰੀਕਰਨ ਸਦਕਾ ਨਿਵੇਸ਼ਕਾਂ ਲਈ ਕਾਰੋਬਾਰ ਕਰਨ ਵਿੱਚ ਸੌਖ ਹੋ ਗਈ ਹੈ ਪਰ ਆਮ ਆਦਮੀ ਲਈ ਕਮਾਈ ਕਰਨੀ ਅਤੇ ਗ਼ੈਰਤ ਨਾਲ ਜੀਣਾ ਔਖਾ ਹੋ ਗਿਆ ਹੈ। ਆਖ਼ਰਕਾਰ, ਅਰਥਚਾਰੇ ਦੇ ਵਿਕਾਸ ਲਈ ਮਨੁੱਖੀ ਅਸਾਸਿਆਂ ਨੂੰ ਸਿੰਜਣ ਤੋਂ ਬਿਨਾਂ ਕੋਈ ਸੌਖਾ ਰਾਹ ਨਹੀਂ ਹੈ। ਇਹ ਲੋਕਾਂ ਲਈ ਚੰਗਾ ਹੈ ਅਤੇ ਆਰਥਿਕ ਵਿਕਾਸ ਲਈ ਵੀ ਚੰਗਾ ਹੈ।

# ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਰੂਪਨਗਰ ਵਿਖੇ ਪਲੇਸਮੈਂਟ ਕੈਂਪ ਅੱਜ

**ਰੂਪਨਗਰ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਰੂਪਨਗਰ ਵਲੋਂ ਅੱਜ ਸਵੇਰੇ 10.30 ਵਜੇ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਕੈਂਪ ਸਬੰਧੀ ਜਾਣਕਾਰੀ ਦਿੰਦੇ ਹੋਏ ਜਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ, ਰੂਪਨਗਰ ਪ੍ਰਭਜੋਤ ਸਿੰਘ ਵੱਲੋਂ ਦੱਸਿਆ ਗਿਆ ਕਿ ਇਸ ਕੈਂਪ ਵਿੱਚ ਆਰਐਸ ਮੈਨਪਾਵਰ ਪ੍ਰੋਵਾਈਡਰ ਅਤੇ ਐਕਸਪ੍ਰੈਸ ਬੀਅਜ਼ ਕੰਪਨੀਆਂ ਵੱਲੋਂ ਵੱਖ-ਵੱਖ ਅਸਾਮੀਆਂ ਦੀ ਭਰਤੀ ਲਈ ਇੰਟਰਵਿਊ ਲਈ ਜਾਵੇਗੀ। ਉਨ੍ਹਾਂ ਦੱਸਿਆ ਕਿ ਕੰਪਨੀ ਵੱਲੋਂ ਟੈਲੀਕਾਲਰ ਦੀਆਂ 10 ਅਸਾਮੀਆਂ ਲਈ 12ਵੀਂ / ਗ੍ਰੈਜੂਏਟ ਪਾਸ ਉਮੀਦਵਾਰਾਂ ਦੀ ਇੰਟਰਵਿਊ ਲਈ ਜਾਵੇਗੀ ਅਤੇ ਇਸ ਅਸਾਮੀ ਤੇ ਚੁਣੇ ਜਾਣ ਵਾਲੇ ਉਮੀਦਵਾਰਾਂ ਨੂੰ 10,000 ਤੋਂ 20,000 ਮਹੀਨਾ ਤਨਖਾਹ ਅਤੇ ਇਨਸੈਂਟਿਸ ਮਿਲੇਗਾ।

ਇਸੇ ਤਰ੍ਹਾਂ ਰਿਸੈਪਸ਼ਨਿਸਟ ਦੀਆਂ 2 ਅਸਾਮੀਆਂ ਲਈ 12ਵੀਂ, ਗ੍ਰੈਜੂਏਟ ਪਾਸ ਉਮੀਦਵਾਰਾਂ ਦੀ ਇੰਟਰਵਿਊ ਲਈ ਜਾਵੇਗੀ ਅਤੇ ਇਸ ਅਸਾਮੀ ਤੇ ਚੁਣੇ ਜਾਣ ਵਾਲੇ ਉਮੀਦਵਾਰਾਂ ਨੂੰ 10,000 ਤੋਂ 20,000 ਰੁਪਏ ਤੱਕ ਮਹੀਨਾ ਤਨਖਾਹ ਮਿਲੇਗੀ। ਇਨ੍ਹਾਂ ਅਸਾਮੀਆਂ ਲਈ ਉਮੀਦਵਾਰਾਂ ਦੀ ਉਮਰ ਸੀਮਾ 18 ਤੋਂ 35 ਸਾਲ ਹੋਣੀ ਚਾਹੀਦੀ ਹੈ।

ਉਨ੍ਹਾਂ ਦੱਸਿਆ ਕਿ ਡਿਲਿਵਰੀ ਕਾਰਜਕਾਰੀ ਦੀਆਂ 40 ਅਸਾਮੀਆਂ ਲਈ 8ਵੀਂ, 10ਵੀਂ, 12ਵੀਂ ਪਾਸ ਉਮੀਦਵਾਰਾਂ ਦੀ ਇੰਟਰਵਿਊ ਲਈ ਜਾਵੇਗੀ। ਇਸ ਅਸਾਮੀ ਤੇ ਚੁਣੇ ਜਾਣ ਵਾਲੇ ਉਮੀਦਵਾਰਾਂ ਨੂੰ 24000/- ਤੋਂ 35000/- ਰੁਪਏ ਪ੍ਰਤੀ ਮਹੀਨਾ ਤਨਖਾਹ ਅਤੇ ਇੰਨਸੈਂਟਿਵ ਮਿਲੇਗਾ। ਨੌਕਰੀ ਦਾ ਸਥਾਨ ਖਰੜ/ਮੋਹਾਲੀ ਹੋਵੇਗਾ। ਪਲੇਸਮੈਂਟ ਕੈਂਪ ਵਿੱਚ ਮਰਦ/ਔਰਤ ਦੋਵੇਂ ਭਾਗ ਲੈ ਸਕਦੇ ਹਨ। ਇੰਟਰਵਿਊ ਦਾ ਸਥਾਨ: ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਮਿੰਨੀ ਸਕੱਤਰੇਤ, ਡੀਸੀ ਕੰਪਲੈਕਸ ਰੂਪਨਗਰ ਹੈ।

# ਪੀ.ਏ.ਯੂ-ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਪਿੰਡ ਚੱਗਰਾਂ ਵਿਖੇ ਕਿਸਾਨ ਸਾਇੰਸਦਾਨ ਮਿਲਣੀ ਕਰਵਾਈ




**ਹੁਸ਼ਿਆਰਪੁਰ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਅਤੇ ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ-ਅਟਾਰੀ, ਜ਼ੋਨ-1 ਦੇ ਅਧੀਨ ਕਾਰਜਸ਼ੀਲ ਪੀ.ਏ.ਯੂ-ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ ਵੱਲੋਂ ਬੀਤੇ ਦਿਨੀਂ ਪਿੰਡ ਚੱਗਰਾਂ ਵਿਖੇ ਕਿਸਾਨ ਸਾਇੰਸਦਾਨ ਮਿਲਣੀ ਕਰਵਾਈ ਗਈ।

ਮਿਲਣੀ ਦੀ ਸ਼ੁਰੂਆਤ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਹਿ-ਡਾਇਰੈਕਟਰ (ਸਿਖਲਾਈ) ਡਾ: ਮਨਿੰਦਰ ਸਿੰਘ ਬੌਂਸ ਨੇ ਹਾਜਰ ਕਿਸਾਨਾਂ ਦਾ ਸਵਾਗਤ ਕਰਦਿਆਂ ਕੇਂਦਰ ਵਲੋਂ ਕਿਸਾਨ ਭਲਾਈ ਸਬੰਧੀ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਖੇਤੀ ਤੋਂ ਵੱਧ ਮੁਨਾਫੇ ਲਈ ਪਸ਼ੂ ਪਾਲਣ, ਮੁਰਗੀ ਪਾਲਣ, ਬਕਰੀ ਪਾਲਣ, ਮਧੂ ਮੱਖੀ ਪਾਲਣ, ਖੁੰਬ ਉਤਪਾਦਨ ਵਰਗੇ ਸਹਾਇਕ ਖੇਤੀ ਧੰਧੇ ਅਪਨਾਉਣ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਨੇ ਕਿਸਾਨਾਂ ਨੂੰ ਇਸ ਬਾਬਤ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਚਲਾਏ ਜਾ ਰਹੇ ਕਿੱਤਾ-ਮੁਖੀ ਸਿਖਲਾਈ ਕੋਰਸਾਂ ਦਾ ਭਰਪੂਰ ਲਾਹਾ ਲੈਣ ਲਈ ਪ੍ਰੇਰਿਆ।

ਉਨ੍ਹਾਂ ਨੇ ਦੱਸਿਆ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਸ਼ੋਸ਼ਲ ਮੀਡਿਆ ਪਲੈਟਫਾਰਮ-ਪੀ.ਏ.ਯੂ ਦੀ ਵੈੱਬਸਾਇਟ, ਪੀ.ਏ.ਯੂ ਕਿਸਾਨ ਐਪ, ਟਵਿੱਟਰ, ਫੇਸਬੁੱਕ, ਇੰਸਟਾਗ੍ਰਾਮ, ਯੂਟਿਊਬ, ਖੇਤੀ ਸੰਦੇਸ਼ ਆਦਿ ਦੀ ਵਰਤੋਂ ਰਾਹੀਂ ਖੇਤੀ ਗਿਆਨ ਤੇ ਨਵੀਨਤਮ ਤਕਨੀਕੀ ਜਾਣਕਾਰੀ ਉਪਲਬੱਧ ਕਰਵਾਈ ਜਾ ਰਹੀ ਹੈ।

ਇਸ ਮੌਕੇ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਵਿਗਿਆਨੀਆਂ ਸਹਿ-ਪ੍ਰੋਫੈਸਰ (ਫ਼ਸਲ ਵਿਗਿਆਨ) ਗੁਰਪ੍ਰਤਾਪ ਸਿੰਘ ਅਤੇ ਸਹਾਇਕ ਪ੍ਰੋਫੈਸਰ (ਪੌਦ ਸੁਰੱਖਿਆ) ਡਾ.ਪ੍ਰਭਜੋਤ ਕੌਰ ਨੇ ਹਾੜ੍ਹੀ ਦੀਆਂ ਫ਼ਸਲਾਂ ਦੇ ਸਰਵਪੱਖੀ ਖਾਦ, ਨਦੀਨ ਤੇ ਕੀਟ ਪ੍ਰਬੰਧਨ, ਖਾਸਕਰ, ਹਲਕੀਆਂ ਜ਼ਮੀਨਾਂ ਵਿੱਚ ਮੈਂਗਨੀਜ ਤੱਤ ਦੀ ਪੂਰਤੀ, ਗੁੱਲੀ ਡੰਡਾ ਨਦੀਨ ਅਤੇ ਕਣਕ ਦੀ ਪੀਲੀ ਕੁੰਗੀ ਦੀ ਰੋਕਥਾਮ ਬਾਬਤ ਤਕਨੀਕੀ ਜਾਣਕਾਰੀ ਸਾਂਝੀ ਕੀਤੀ।

ਮਿਲਣੀ ਵਿੱਚ ਪਿੰਡ ਚੱਗਰਾਂ ਦੇ ਸਾਬਕਾ ਸਰਪੰਚ ਸੁਬਿੰਦਰ ਸਿੰਘ ਅਤੇ ਹੋਰ ਅਗਾਂਹਵਧੂ ਕਿਸਾਨ ਸੁਰਜੀਤ ਸਿੰਘ, ਰਾਜਵਿੰਦਰ ਕੁਮਾਰ, ਦਾਨ ਸਿੰਘ, ਧੰਨਵੀਰ ਸਿੰਘ, ਮਨਮੋਹਨ ਸਿੰਘ, ਸਰਬਨ ਸਿੰਘ ਬਿੱਟੂ, ਤਰਸੇਮ ਸਿੰਘ, ਜਸਵਿੰਦਰ ਸਿੰਘ, ਕੁਲਦੀਪ ਸਿੰਘ ਅਤੇ ਸੰਤੋਖ ਸਿੰਘ ਵੀ ਮੌਜੂਦ ਸਨ ਅਤੇ ਆਪਣੇ ਖਦਸ਼ਿਆਂ ਤੇ ਖੇਤੀ ਸਮੱਸਿਆਂ ਬਾਰੇ ਮਾਹਿਰਾਂ ਨਾਲ ਵਿਚਾਰ ਚਰਚਾ ਕੀਤੀ।

# ਬਿਹਤਰ ਪ੍ਰਦਰਸ਼ਨ ਲਈ ਫੀਲਡ ਦੌਰੇ ਵੱਧ ਤੋਂ ਵੱਧ ਕਰੋ ਡੀ.ਸੀ ਨੇ ਅਧਿਕਾਰੀਆਂ ਨੂੰ ਦਿੱਤੇ ਨਿਰਦੇਸ਼



**ਲੁਧਿਆਣਾ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਨੇ ਸੋਮਵਾਰ ਨੂੰ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨੂੰ ਪੰਜਾਬ ਸਰਕਾਰ ਦੇ ਚੱਲ ਰਹੇ ਪ੍ਰੋਗਰਾਮਾਂ, ਯੋਜਨਾਵਾਂ ਅਤੇ ਪ੍ਰੋਜੈਕਟਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਸਮੀਖਿਆ ਕਰਨ ਲਈ ਆਪਣੇ ਫੀਲਡ ਦੌਰੇ ਵਧਾਉਣ ਦੇ ਨਿਰਦੇਸ਼ ਦਿੱਤੇ।ਬਚਤ ਭਵਨ ਵਿਖੇ ਵਿਭਾਗਾਂ ਦੇ ਮੁਖੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਡਿਪਟੀ ਕਮਿਸ਼ਨਰ ਨੇ ਨਿਵਾਸੀਆਂ ਨੂੰ ਉਨ੍ਹਾਂ ਦੇ ਰੋਜ਼ਾਨਾ ਦੇ ਕੰਮਾਂ ਵਿੱਚ ਸਹੂਲਤ ਪ੍ਰਦਾਨ ਕਰਨ ਅਤੇ ਚੰਗੇ ਸ਼ਾਸਨ ਨੂੰ ਯਕੀਨੀ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਜ਼ਿਕਰ ਕੀਤਾ ਕਿ ਇਨ੍ਹਾਂ ਦੌਰਿਆਂ ਨਾਲ ਨਾ ਸਿਰਫ਼ ਜਨਤਾ ਨੂੰ ਲਾਭ ਹੋਵੇਗਾ ਬਲਕਿ ਅਧਿਕਾਰੀਆਂ ਨੂੰ ਖੇਤਰ ਵਿੱਚ ਆਪਣੇ ਅਧੀਨ ਕਰਮਚਾਰੀਆਂ ਦੀ ਕਾਰਗੁਜ਼ਾਰੀ ਦੀ ਨਿਗਰਾਨੀ ਕਰਨ ਦੀ ਆਗਿਆ ਵੀ ਮਿਲੇਗੀ।

ਸ੍ਰੀ ਜਤਿੰਦਰ ਜੋਰਵਾਲ ਨੇ ਕਿਹਾ ਕਿ ਇਨ੍ਹਾਂ ਦੌਰਿਆਂ ਨੂੰ ਨੁਕਸ ਲੱਭਣ ਦੀ ਬਜਾਏ ਪ੍ਰੋਜੈਕਟਾਂ ਨੂੰ ਲਾਗੂ ਕਰਨ ਲਈ ਸਹਾਇਕ ਨਿਗਰਾਨੀ ਪ੍ਰਦਾਨ ਕਰਨ 'ਤੇ ਕੇਂਦ੍ਰਿਤ ਹੋਣਾ ਚਾਹੀਦਾ ਹੈ। ਟੀਚਾ ਵਿਭਾਗੀ ਕਾਰਜਾਂ ਵਿੱਚ ਕਿਸੇ ਵੀ ਕਮੀਆਂ ਦੀ ਪਛਾਣ ਕਰਨਾ ਅਤੇ ਉਨ੍ਹਾਂ ਨੂੰ ਦੂਰ ਕਰਨਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਫੀਲਡ ਦੌਰੇ ਅਧਿਕਾਰੀਆਂ ਦੀਆਂ ਆਪਣੀਆਂ ਡਿਊਟੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ, ਵਿਭਾਗੀ ਕੰਮਕਾਜ ਵਿੱਚ ਸੁਧਾਰ ਕਰਨ ਅਤੇ ਜ਼ਮੀਨੀ ਹਕੀਕਤਾਂ ਦੀ ਬਿਹਤਰ ਸਮਝ ਨੂੰ ਵਧਾਉਣ ਲਈ ਯੋਗਤਾਵਾਂ ਨੂੰ ਵਧਾਉਣਗੇ। ਉਨ੍ਹਾਂ ਅਧਿਕਾਰੀਆਂ ਨੂੰ ਆਪਣੇ ਅਧੀਨ ਕਰਮਚਾਰੀਆਂ ਦੇ ਕੰਮ ਦਾ ਮੁਲਾਂਕਣ ਕਰਨ ਲਈ ਨਿਰੀਖਣ ਕਰਨ ਲਈ ਉਤਸ਼ਾਹਿਤ ਵੀ ਕੀਤਾ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨਿਯਮਤ, ਪਹਿਲਾਂ ਤੋਂ ਐਲਾਨੇ ਗਏ ਦੌਰੇ ਮੁੱਖ ਤੌਰ 'ਤੇ ਵਿਭਾਗਾਂ ਅਤੇ ਉਨ੍ਹਾਂ ਦੇ ਸਟਾਫ ਨੂੰ ਦਰਪੇਸ਼ ਸਮੱਸਿਆਵਾਂ ਨੂੰ ਹੱਲ ਕਰਨ ਲਈ ਹੋਣੇ ਚਾਹੀਦੇ ਹਨ।ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਅਮਰਜੀਤ ਬੈਂਸ, ਸ੍ਰੀ ਰੋਹਿਤ ਗੁਪਤਾ, ਮੈਡਮ ਸ਼ਿਖਾ ਭਗਤ, ਸ੍ਰੀ ਕੁਲਪ੍ਰੀਤ ਸਿੰਘ ਦੇ ਨਾਲ-ਨਾਲ ਸਾਰੇ ਸਬ-ਡਿਵੀਜ਼ਨਲ ਮੈਜਿਸਟ੍ਰੇਟ (ਐਸ.ਡੀ.ਐਮ) ਅਤੇ ਵੱਖ-ਵੱਖ ਵਿਭਾਗਾਂ ਦੇ ਮੁਖੀ ਮੌਜੂਦ ਸਨ।

# ਪੰਜਾਬ ਚੋਣ ਕੁਇੱਜ਼-2025 ਤਹਿਤ ਆਨਲਾਈਨ ਮੁਕਾਬਲੇ 19 ਜਨਵਰੀ ਨੂੰ

**ਰੂਪਨਗਰ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕਤੰਤਰ ਵਿੱਚ ਲੋਕਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਤੇ ਉਨ੍ਹਾਂ ਨੂੰ ਵੋਟ ਪਾਉਣ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਦੇ ਉਦੇਸ਼ ਨਾਲ ਮੁੱਖ ਚੋਣ ਅਫ਼ਸਰ, ਪੰਜਾਬ ਦੁਆਰਾ 15ਵੇਂ ਰਾਸ਼ਟਰੀ ਵੋਟਰ ਦਿਵਸ ਨੂੰ ਸਮਰਪਿਤ ਪੰਜਾਬ ਚੋਣ ਕੁਇੱਜ਼-2025 ਕਰਵਾਇਆ ਜਾ ਰਿਹਾ ਹੈ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ਼੍ਰੀ ਹਿਮਾਂਸ਼ੂ ਜੈਨ ਨੇ ਦੱਸਿਆ ਕਿ 'ਪੰਜਾਬ ਚੋਣ ਕੁਇੱਜ਼-2025' ਆਨਲਾਈਨ ਅਤੇ ਆਫ਼ਲਾਈਨ ਦੋਵਾਂ ਢੰਗਾਂ ਨਾਲ ਕਰਵਾਇਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਲਈ ਆਨਲਾਈਨ ਰਜਿਸਟ੍ਰੇਸ਼ਨ ਅੱਜ ਤੋਂ ਸ਼ੁਰੂ ਹੋ ਗਈ ਹੈ ਅਤੇ 17 ਜਨਵਰੀ, 2025 ਤੱਕ ਕੀਤੀ ਜਾ ਸਕਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਆਨਲਾਈਨ ਚੋਣ ਕੁਇੱਜ਼ ਮੁਕਾਬਲਾ 19 ਜਨਵਰੀ, 2025 ਨੂੰ ਹੋਵੇਗਾ ਅਤੇ ਰਾਜ ਪੱਧਰੀ ਆਫ਼ਲਾਈਨ ਮੁਕਾਬਲਾ 24 ਜਨਵਰੀ, 2025 ਨੂੰ ਲੁਧਿਆਣਾ ਵਿਖੇ ਹੋਵੇਗਾ।

ਸ਼੍ਰੀ ਹਿਮਾਂਸ਼ੂ ਜੈਨ ਨੇ ਦੱਸਿਆ ਕਿ ਪਹਿਲੇ ਗੇੜ 'ਚ ਜੇਤੂਆਂ ਦੀ ਪਛਾਣ ਜ਼ਿਲ੍ਹਾ ਪੱਧਰ 'ਤੇ ਆਨਲਾਈਨ ਮੁਕਾਬਲੇ ਤਹਿਤ ਕੀਤੀ ਜਾਵੇਗੀ ਤੇ ਅੰਤਿਮ ਆਫ਼ਲਾਈਨ ਮੁਕਾਬਲਾ 24 ਜਨਵਰੀ, 2025 ਨੂੰ ਲੁਧਿਆਣਾ ਵਿਖੇ 23 ਜ਼ਿਲ੍ਹਿਆਂ ਦੇ ਜੇਤੂਆਂ ਵਿਚਕਾਰ ਹੋਵੇਗਾ । ਉਨ੍ਹਾਂ ਕਿਹਾ ਕਿ ਪੰਜਾਬ ਚੋਣ ਕੁਇੱਜ਼-2025 ਲਈ ਆਨਲਾਈਨ ਰਜਿਸਟ੍ਰੇਸ਼ਨ https://Punjab.indiastatquiz.com Óਤੇ ਕੀਤੀ ਜਾ ਸਕਦੀ ਹੈ । ਮੁਕਾਬਲੇ 'ਚ ਹਿੱਸਾ ਲੈਣ ਲਈ ਵੋਟਰ ਸ਼ਨਾਖ਼ਤੀ ਕਾਰਡ, ਆਧਾਰ ਕਾਰਡ ਅਤੇ ਸਕੂਲ/ਕਾਲਜ ਵਲੋਂ ਜਾਰੀ ਕੀਤਾ ਗਿਆ ਪਹਿਚਾਣ ਪੱਤਰ ਜਮ੍ਹਾਂ ਕਰਵਾਇਆ ਜਾ ਸਕਦਾ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਰਾਜ ਪੱਧਰ 'ਤੇ ਜੇਤੂਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਣਗੇ ਜਿਸ 'ਚ ਪਹਿਲਾ ਜੇਤੂ ਨੂੰ ਇੱਕ ਵਿੰਡੋਜ਼ ਲੈਪਟਾਪ, ਦੂਜੇ ਜੇਤੂ ਨੂੰ ਐਂਡਰਾਇਡ ਟੈਬਲੇਟ, ਤੀਜਾ ਜੇਤੂ ਨੂੰ ਇੱਕ ਸਮਾਰਟ ਵਾਚ ਤੇ ਪੰਜਾਬ ਦੇ ਹਰੇਕ ਜ਼ਿਲ੍ਹੇ ਦੇ ਟੌਪਰ ਲਈ ਇੱਕ ਸਮਾਰਟਫੋਨ ਸ਼ਾਮਲ ਹਨ ਅਤੇ ਸਾਰੇ ਭਾਗੀਦਾਰਾਂ ਨੂੰ ਭਾਗੀਦਾਰੀ ਸਰਟੀਫਿਕੇਟ ਪ੍ਰਾਪਤ ਹੋਵੇਗਾ ।

ਉਨ੍ਹਾਂ ਨੌਜਵਾਨ ਵੋਟਰਾਂ ਨੂੰ 'ਰਾਸ਼ਟਰੀ ਵੋਟਰ ਦਿਵਸ' ਨੂੰ ਸਮਰਪਿਤ ਕਰਵਾਏ ਜਾ ਰਹੇ ਆਨਲਾਈਨ ਕੁਇੱਜ਼ ਮੁਕਾਬਲੇ 'ਚ ਵੱਧ-ਚੜ੍ਹ ਕੇ ਭਾਗ ਲੈਣ ਦੀ ਅਪੀਲ ਕੀਤੀ।

# ਆਂਗਣਵਾੜੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵਿੱਚ ਪੰਜਾਬ ਦੇਸ਼ ਭਰ ਵਿਚੋਂ ਮੋਹਰੀ



**ਗੁਰਦਾਸਪੁਰ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ 1,000 ਆਂਗਣਵਾੜੀ ਕੇਂਦਰਾਂ ਦਾ ਨਿਰਮਾਣ ਕਰਕੇ ਆਂਗਣਵਾੜੀ ਕੇਂਦਰਾਂ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਸੇਵਾਵਾਂ ਦੀ ਗੁਣਵੱਤਾ ਵਿੱਚ ਵਾਧਾ ਕਰਨ ਦੇ ਉਦੇਸ਼ ਨਾਲ ਮਹੱਤਵਪੂਰਨ ਕਦਮ ਚੁੱਕਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ (ਮਗਨਰੇਗਾ) ਤਹਿਤ 1,000 ਆਂਗਣਵਾੜੀ ਕੇਂਦਰਾਂ ਦਾ ਨਿਰਮਾਣ ਕੀਤਾ ਜਾਣਾ ਹੈ। ਉਹਨਾਂ ਦੱਸਿਆ ਕਿ ਹਰੇਕ ਆਂਗਣਵਾੜੀ ਕੇਂਦਰ ਨੂੰ 12 ਲੱਖ ਰੁਪਏ ਦੀ ਲਾਗਤ ਨਾਲ ਬਣਾਇਆ ਜਾ ਰਿਹਾ ਹੈ। ਇਨ੍ਹਾਂ ਕੇਂਦਰਾਂ ਵਿੱਚ ਬੱਚਿਆਂ ਅਤੇ ਮਾਵਾਂ ਲਈ ਅਨੁਕੂਲ ਵਾਤਾਵਰਣ ਨੂੰ ਯਕੀਨੀ ਬਣਾਉਣ ਲਈ ਸਹੀ ਫਲੋਰਿੰਗ, ਪੇਂਟਿੰਗ, ਪਲੰਬਿੰਗ, ਬਿਜਲੀਕਰਨ ਅਤੇ ਲੱਕੜ ਦਾ ਕੰਮ ਕਰਵਾਇਆ ਜਾਵੇਗਾ।

ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਅੱਗੇ ਕਿਹਾ ਕਿ ਮਗਨਰੇਗਾ ਸਕੀਮ ਤਹਿਤ ਉਸਾਰੀ ਦਾ ਕੰਮ ਪੇਂਡੂ ਵਿਕਾਸ ਵਿਭਾਗ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਹੈ। ਏਕੀਕ੍ਰਿਤ ਬਾਲ ਵਿਕਾਸ ਯੋਜਨਾ ਦਿਸ਼ਾ-ਨਿਰਦੇਸ਼ਾਂ ਨਾਲ ਕਨਵਰਜੈਂਸ ਸਰੋਤਾਂ ਦੀ ਵਰਤੋਂ ਨੂੰ ਯਕੀਨੀ ਬਣਾਉਂਦਾ ਹੈ। ਉਹਨਾਂ ਦੱਸਿਆ ਕਿ ਸੂਬੇ ਵਿੱਚ 53 ਆਂਗਣਵਾੜੀ ਕੇਂਦਰ ਪਹਿਲਾਂ ਹੀ ਮੁਕੰਮਲ ਹੋ ਚੁੱਕੇ ਹਨ, ਜਿਸ ਨਾਲ ਪੰਜਾਬ ਵਿੱਚ ਉੱਚ-ਗੁਣਵੱਤਾ ਵਾਲੀਆਂ ਸਹੂਲਤਾਂ ਪੈਦਾ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ।

ਸ. ਰੰਧਾਵਾ ਨੇ ਦੱਸਿਆ ਕਿ ਨਵੇਂ ਕੇਂਦਰਾਂ ਦੀ ਉਸਾਰੀ ਕਰਨ ਤੋਂ ਇਲਾਵਾ ਪੰਜਾਬ ਸਰਕਾਰ ਸੂਬੇ ਭਰ ਵਿੱਚ ਮੌਜੂਦਾ 350 ਆਂਗਣਵਾੜੀ ਕੇਂਦਰਾਂ ਨੂੰ ਅਪਗ੍ਰੇਡ ਕਰ ਰਹੀ ਹੈ। ਅੱਪਗਰੇਡ ਕੀਤੇ ਗਏ ਕੇਂਦਰਾਂ ਵਿੱਚ ਲਾਭਪਾਤਰੀਆਂ ਲਈ ਬਿਹਤਰ ਸੇਵਾ ਪ੍ਰਦਾਨ ਕਰਨ ਨੂੰ ਯਕੀਨੀ ਬਣਾਉਣ ਲਈ ਬਿਹਤਰ ਸੁਵਿਧਾਵਾਂ ਸ਼ਾਮਲ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਆਂਗਣਵਾੜੀ ਕੇਂਦਰਾਂ ਦੇ ਅਪਗ੍ਰੇਡੇਸ਼ਨ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਸਰਕਾਰ ਦਾ ਟੀਚਾ 33 ਜਨਵਰੀ 2025 ਤੱਕ ਸਾਰੇ ਅਪਗ੍ਰੇਡ ਆਂਗਣਵਾੜੀ ਕੇਂਦਰਾਂ ਨੂੰ ਪੂਰਾ ਕਰਨ ਦਾ ਹੈ, ਜੋ ਕਿ ਬੁਨਿਆਦੀ ਢਾਂਚੇ ਨੂੰ ਵਧਾਉਣ ਲਈ ਆਪਣੀ ਵਚਨਬੱਧਤਾ ਦਰਸਾਉਂਦਾ ਹੈ।

# ਫਿਕੋ ਨੇ ਨਵੇਂ ਸਾਲ ਦਾ ਕੈਲੰਡਰ, ਡੈਅਰੀ ਅਤੇ ਡੈਸਕ ਕੈਲੰਡਰ ਕੀਤਾ ਲਾਂਚ

**ਲੁਧਿਆਣਾ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਫੈਡਰੇਸ਼ਨ ਆਫ ਇੰਡਸਟ੍ਰੀਅਲ ਐਂਡ ਕਮਰਸ਼ੀਅਲ ਆਰਗੇਨਾਈਜ਼ੇਸ਼ਨਜ਼ (ਫਿਕੋ) ਨੇ ਨਵੇਂ ਸਾਲ 2025 ਦਾ ਕੈਲੰਡਰ, ਡੇਅਰੀ ਅਤੇ ਡੈਸਕ ਕੈਲੰਡਰ ਲੌਂਚ ਫਿਕੋ ਸਕੱਤਰੇਤ, ਜਨਤਾ ਨਗਰ, ਜੈਮਲ ਰੋਡ, ਲੁਧਿਆਣਾ ਵਿਖੇ ਹੋਈ ਇੱਕ ਮੀਟਿੰਗ ਵਿੱਚ ਕੀਤਾ। ਇਸ ਮੌਕੇ ਸ੍ਰੀ ਕੇ.ਕੇ.ਸੇਠ ਚੇਅਰਮੈਨ ਫਿਕੋ, ਸ੍ਰੀ ਗੁਰਮੀਤ ਸਿੰਘ ਕੁਲਾਰ ਪ੍ਰਧਾਨ ਫਿਕੋ ਦੇ ਨਾਲ ਸ੍ਰੀ ਰਾਕੇਸ਼ ਕਾਂਸਲ ਜੀ.ਐਮ.-ਡੀ.ਆਈ.ਸੀ. ਲੁਧਿਆਣਾ, ਸ਼੍ਰੀ ਦੀਪਕ ਚੇਚੀ ਅਸਿਸਟੈਂਟ ਡਾਇਰੈਕਟਰ ਐਮਐਸਐਮਈ ਲੁਧਿਆਣਾ, ਸ਼੍ਰੀ ਰੋਹਿਤ ਗੋਇਲ ਸੀਨੀਅਰ ਬ੍ਰਾਂਚ ਮੈਨੇਜਰ ਐਨਐਸਆਈਸੀ ਨੇ ਮੈਂਬਰਾਂ ਲਈ ਨਵੇਂ ਸਾਲ ਦੇ ਤੋਹਫੇ ਲੌਂਚ ਕੀਤੇ ਅਤੇ ਪਹਿਲਾ ਕੈਲੰਡਰ ਫਿਕੋ ਸਕੱਤਰੇਤ ਵਿਖੇ ਸਥਾਪਤ ਕੀਤਾ ਗਿਆ।

ਇਸ ਮੌਕੇ ਸ਼੍ਰੀ ਕੇ.ਕੇ. ਸੇਠ ਚੇਅਰਮੈਨ ਫਿਕੋ ਦਾ 82ਵਾ ਜਨਮ ਦਿਨ ਵੀ ਮਨਾਇਆ ਗਿਆ। ਸ੍ਰੀ ਕੇ ਕੇ ਸੇਠ ਚੇਅਰਮੈਨ ਫਿਕੋ ਨੇ ਮੈਂਬਰਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ 2025 ਦੇ ਬਹੁਤ ਖੁਸ਼ਹਾਲ ਸਾਲ ਦੀ ਕਾਮਨਾ ਕੀਤੀ। ਸ੍ਰੀ ਗੁਰਮੀਤ ਸਿੰਘ ਕੁਲਾਰ ਪ੍ਰਧਾਨ ਫਿਕੋ ਨੇ ਮੈਂਬਰਾਂ ਨੂੰ ਵਧਾਈ ਦਿੱਤੀ ਅਤੇ ਆਉਣ ਵਾਲੇ ਸਾਲ ਲਈ ਉਨ੍ਹਾਂ ਨਾਲ ਸ਼ੁੱਭਕਾਮਨਾਵਾਂ ਸਾਂਝੀਆਂ ਕੀਤੀਆਂ ਅਤੇ ਉਨ੍ਹਾਂ ਨੇ ਸਾਲ 2025 ਲਈ ਆਪਣੇ ਵਿਚਾਰ ਸਾਂਝੇ ਕੀਤੇ।

ਮੌਕੇ 'ਤੇ ਹਾਜ਼ਰ ਮੈਂਬਰਾਂ ਵਿਚ ਨਵੇਂ ਸਾਲ ਦੇ ਤੋਹਫੇ ਵੰਡੇ ਗਏ।ਇਸ ਮੌਕੇ ਸ੍ਰੀ ਕੇ.ਕੇ.ਸੇਠ ਚੇਅਰਮੈਨ, ਸ. ਗੁਰਮੀਤ ਸਿੰਘ ਕੁਲਾਰ ਪ੍ਰਧਾਨ ਫਿਕੋ, ਸ੍ਰੀ ਬੀ.ਕੇ. ਗੁਪਤਾ ਸਾਬਕਾ ਵਧੀਕ ਕਮਿਸ਼ਨਰ ਨਗਰ ਨਿਗਮ ਲੁਧਿਆਣਾ, ਸ. ਮਨਜਿੰਦਰ ਸਿੰਘ ਸਚਦੇਵਾ ਜਨਰਲ ਸਕੱਤਰ ਫਿਕੋ, ਸ. ਬਲਦੇਵ ਸਿੰਘ ਅਮਰ ਮੀਤ ਪ੍ਰਧਾਨ ਫਿਕੋ, ਸ. ਦਿਨੇਸ਼ ਸਿੰਘ ਭੋਗਲ ਸਕੱਤਰ ਫਿਕੋ, ਸ. ਗੁਰਵਿੰਦਰ ਸਿੰਘ ਸਚਦੇਵਾ ਹੈੱਡ ਟਰੇਡ ਡਵੀਜ਼ਨ ਫਿਕੋ, ਸ. ਗੁਰਮੁੱਖ ਸਿੰਘ ਰੁਪਾਲ ਹੈੱਡ ਫਿਕੋ ਸਿਲਾਈ ਮਸ਼ੀਨ ਡਿਵੀਜ਼ਨ, ਸ. ਅਸ਼ਪ੍ਰੀਤ ਸਿੰਘ ਸਾਹਨੀ ਆਰਗੇਨਾਈਜ਼ਿੰਗ ਸੈਕਟਰੀ ਫਿਕੋ, ਸ. ਹਰਪਾਲ ਸਿੰਘ ਭੰਬਰ ਹੈਡ ਫਿਕੋ ਸਾਈਕਲ ਡਿਵੀਜ਼ਨ, ਸ. ਮਨਕਰ ਗਰਗ ਹੈਂਡ ਫਿਕੋ ਪਲਾਸਟਿਕ ਡਿਵੀਜ਼ਨ, ਸ. ਰਘਬੀਰ ਸਿੰਘ ਸੋਹਲ ਹੈਡ ਫਿਕੋ ਪਲਾਈਵੁੱਡ ਡਿਵੀਜ਼ਨ, ਸ. ਸਤਨਾਮ ਸਿੰਘ ਮੱਕੜ ਪ੍ਰਚਾਰ ਸਕੱਤਰ ਫੀਕੋ, ਸ.ਗਗਨੀਸ਼ ਸਿੰਘ ਖੁਰਾਣਾ ਹੈੱਡ ਐਗਰੀਕਲਚਰ ਡਵੀਜ਼ਨ ਫਿਕੋ, ਸ. ਸੁਰਿੰਦਰ ਸਿੰਘ ਐਸ.ਐਚ.ਡੀ ਮਸ਼ੀਨ ਟੂਲਜ਼, ਸ. ਚਰਨਜੀਤ ਸਿੰਘ ਵਿਸ਼ਵਕਰਮਾ, ਸ. ਅਵਤਾਰ ਸਿੰਘ ਭੋਗਲ ਐਗਜ਼ੈਕਟਿਵ ਮੈਂਬਰ ਫਿਕੋ ਸ਼ਾਮਲ ਸਨ।

# 2024 ਦੌਰਾਨ ਸ੍ਰੀ ਅਨੰਦਪੁਰ ਸਾਹਿਬ ਲਈ ਵਿਕਾਸ ਦੇ ਨਵੇਂ ਆਯਾਮ ਸਥਾਪਿਤ ਕਰਨ ਵਿੱਚ ਸਫਲ ਰਹੀ ਪੰਜਾਬ ਸਰਕਾਰ

**ਸ੍ਰੀ ਆਨੰਦਪੁਰ ਸਾਹਿਬ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਲ 2024 ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਭਰ ਵਿੱਚ ਵਿਕਾਸ ਦੀ ਰਫਤਾਰ ਨੂੰ ਜ਼ਿਕਰਯੋਗ ਗਤੀ ਦਿੱਤੀ ਹੈ। ਬੁਨਿਆਦੀ ਸਹੂਲਤਾਂ ਵਿੱਚ ਆਈ ਜਿਕਰਯੋਗ ਕ੍ਰਾਂਤੀ ਨੇ ਸੂਬੇ ਵਿਚ ਦਹਾਕਿਆਂ ਤੱਕ ਅਗਵਾਈ ਕਰਨ ਵਾਲਿਆਂ ਪਾਰਟੀਆਂ ਨੂੰ ਪਛਾੜ ਕੇ ਲੋਕਾਂ ਦੇ ਦਿਲ ਜਿੱਤਣ ਵਿੱਚ ਕੋਈ ਕਸਰ ਬਾਕੀ ਨਹੀ ਛੱਡੀ ਹੈ, ਇਸ ਨਾਲ ਸ੍ਰੀ ਅਨੰਦਪੁਰ ਸਾਹਿਬ ਹਲਕੇ ਨੂੰ ਵੀ ਵਿਕਾਸ ਦੀਆਂ ਨਵੀਆਂ ਲੀਹਾਂ ਤੇ ਦੌੜਨ ਦਾ ਮੌਕਾ ਮਿਲਿਆ ਹੈ। ਅੱਜ ਦੇ ਸਮੇਂ ਵਿੱਚ ਜੇਕਰ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਵਿਕਾਸ ਦੀ ਗੱਲ ਕੀਤੀ ਜਾਵੇ ਤਾਂ ਸ.ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ ਜੋ ਵਿਕਾਸ ਦੇ ਨਵੇ ਆਯਾਮ ਸਥਾਪਿਤ ਹੋਏ ਹਨ, ਉਸ ਨਾਲ ਹਲਕੇ ਦੀ ਤਸਵੀਰ ਬਦਲ ਰਹੀ ਹੈ। ਵਿਧਾਇਕ ਵੱਜੋਂ ਨੰਬਰ ਇੱਕ ਦੀ ਸੋਚ ਰੱਖਣ ਵਾਲੇ ਪੰਜਾਬ ਦੇ ਸਭ ਤੋ ਨੋਜਵਾਨ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਦੇਸ਼ ਦੇ ਸਭ ਤੋ ਨੋਜਵਾਨ ਸਿੱਖਿਆ ਮੰਤਰੀ ਦੇ ਅਹੁਦੇ ਤੇ ਸੇਵਾ ਕਰਨ ਦਾ ਵੀ ਅਵਸਰ ਮਿਲਿਆ ਹੈ। ਇਸ ਨਾਲ ਉਨ੍ਹਾਂ ਦੇ ਰੁਝੇਵੇ ਭਾਵੇ ਬਹੁਤ ਵੱਧ ਗਏ ਹਨ, ਪ੍ਰੰਤੂ ਸ੍ਰੀ ਅਨੰਦਪੁਰ ਸਾਹਿਬ ਦੇ ਵਿਕਾਸ ਲਈ ਕੀਤੇ ਜਾ ਰਹੇ ਅਣਥੱਕ ਯਤਨਾ ਨਾਲ ਉਨ੍ਹਾਂ ਦੇ ਹੋਸਲਿਆਂ ਤੇ ਜਜ਼ਬੇ ਨੂੰ ਇਸ ਇਲਾਕੇ ਦੇ ਲੋਕ ਸਲਾਮ ਕਰਦੇ ਹਨ, ਇਸ ਦੇ ਨਤੀਜੇ ਹਨ ਕਿ ਆਮ ਆਦਮੀ ਪਾਰਟੀ ਦੇ ਵੱਡੇ ਨੋਜਵਾਨ ਚੇਹਰਿਆ ਨੂੰ ਪੰਚਾਇਤ ਚੋਣਾ ਵਿਚ ਮਿਲੀ ਸਫਲਤਾ ਨੇ ਪਿਛਲੇ ਸਾਰੇ ਰਿਕਾਰਡ ਤੋੜ ਕੇ ਨਵੇ ਕੀਰਤੀਮਾਨ ਸਥਾਪਿਤ ਕੀਤੇ ਹਨ। ਰਵਾਇਤੀ ਪਾਰਟੀਆਂ ਦੇ ਗੜ੍ਹ ਵਿੱਚ ਅੱਜ ਆਮ ਆਦਮੀ ਪਾਰਟੀ ਦੇ ਵਰਕਰਾਂ ਭਾਵ ਕਿ ਆਮ ਘਰਾਂ ਦੇ ਨੌਜਵਾਨਾਂ ਅਗਵਾਈ ਕਰ ਰਹੇ ਹਨ ਤੇ ਹਰਜੋਤ ਬੈਂਸ ਦੀ ਸੋਚ ਮੁਤਾਬਿਕ ਇਹ ਵਰਕਰ ਇਨ੍ਹਾਂ ਇਲਾਕਿਆਂ ਦੀ ਅਗਵਾਈ ਨਹੀ ਸਗੋਂ ਸੇਵਾ ਕਰ ਰਹੇ ਹਨ। ਵੈਰ, ਵਿਰੋਧ, ਦਿਵੇਸ਼ ਦੀ ਭਾਵਨਾ ਛੱਡ ਕੇ ਵਿਕਾਸ ਦੀ ਤਰਜ਼ੀਹ ਦੇਣ ਦੀ ਸੋਚ ਨਾਲ ਅੱਗੇ ਵੱਧ ਰਹੇ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਮੈਂਬਰ ਪਾਰਲੀਮੈਂਟ ਚੋਣਾਂ ਵਿਚ ਵੀ ਸ੍ਰੀ ਅਨੰਦਪੁਰ ਸਾਹਿਬ ਹਲਕੇ ਵਿੱਚ 2022 ਦੀਆਂ ਵਿਧਾਨ ਸਭਾ ਚੋਣਾਂ ਦੀ ਜਿੱਤ ਨੂੰ ਦੁਹਰਾਇਆ ਹੈ ਤੇ ਵਰਕਰਾ ਦਾ ਉਤਸ਼ਾਹ ਲਗਾਤਾਰ ਚੋਗਣਾ ਹੋ ਰਿਹਾ ਹੈ।



ਸਾਲ 2024 ਦੇ ਵਰੇ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਦੇ ਵਿਕਾਸ ਦੀ ਗੱਲ ਕੀਤੀ ਜਾਵੇ ਤਾਂ ਇਸ ਇਲਾਕੇ ਨੂੰ ਭਾਈ ਜੈਤਾ ਜੀ ਯਾਦਗਾਰ, ਨੇਚਰ ਪਾਰਕ, ਨਵੀਨੀਕਰਨ ਉਪਰੰਤ ਪੰਜ ਪਿਆਰਾ ਪਾਰਕ, ਯਾਤਰੀ ਸੂਚਨਾ ਕੇਂਦਰ ਤੇ ਕਈ ਵੱਡੇ ਪੁੱਲਾਂ, ਚੰਗਰ ਲਿਫਟ ਇਰੀਗੇਸ਼ਨ, ਸੜਕਾਂ, ਫਾਇਰ ਬਿਗ੍ਰੇਡ, ਐਮਬੂਲੈਂਸ, ਆਮ ਆਦਮੀ ਕਲੀਨਿਕ, ਅਲਟ੍ਰਾਸਾਊਂਡ, ਸਕੂਲ ਆਫ ਐਮੀਨੈਂਸ, ਮੁੱਢਲਾ ਸਿਹਤ ਕੇਂਦਰ, ਖੇਡ ਮੈਦਾਨ, ਆਤਿ ਆਧੁਨਿਕ ਪ੍ਰਾਇਮਰੀ ਸਕੂਲ, ਸੂਟਿੰਗ ਰੇਂਜ਼, ਐਸਟ੍ਰੋਟਰਫ ਗਰਾਂਉਡ, ਵਰਗੀਆਂ ਸੈਕੜੇ ਕਰੋੜਾਂ ਰੁਪਏ ਦੀਆਂ ਸਹੂਲਤਾਂ ਮਿਲਣ ਦਾ ਰਾਹ ਪੱਧਰਾਂ ਹੋਇਆ ਹੈ। ਇਸ ਨਾਲ ਇਸ ਇਲਾਕੇ ਦੇ ਲੋਕਾਂ ਨੇ ਆਪਣੇ ਹਰਮਨ ਪਿਆਰੇ ਆਗੂ ਹਰਜੋਤ ਬੈਂਸ ਤੇ ਪੰਜਾਬ ਦੇ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀ ਸਰਕਾਰ ਦਾ ਪੱਲਾ ਫੜ੍ਹ ਕੇ ਸੂਬੇ ਦੇ ਹੋਰ ਵਿਕਾਸ ਦੇ ਰਾਹ ਪੱਧਰੇ ਕੀਤੇ ਹਨ।

ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਿੱਚ 67 ਪਿੰਡਾਂ ਦੀ ਸਤਿਹ ਜਲ ਸਪਲਾਈ ਯੋਜਨਾ ਵੱਖ ਵੱਖ ਪਿੰਡਾਂ ਵਿਚ ਟਿਊਬਵੈਲ, ਪਾਣੀ ਦੀਆਂ ਪਾਈਪ ਲਾਈਨਾਂ ਨਾਲ ਸੁੱਧ ਜਲ ਸਪਲਾਈ ਵਰਗੀਆਂ ਸਹੂਲਤਾਂ ਉਪਲੱਬਧ ਹੋਈਆਂ ਹਨ। ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਵਿਧਾਨ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਅਧੀਨ ਪੈਂਦੇ ਪਿੰਡਾਂ ਲਈ ਸਾਲ 2024-25 ਦੌਰਾਨ 67 ਪਿੰਡ ਅਧਾਰਿਤ ਬਣਾਈ ਜਾ ਰਹੀ ਨਹਿਰੀ ਪਾਣੀ ਦੀ ਸਕੀਮ ਅਨੁਮਾਨਿਤ ਲਾਗਤ 40 ਕਰੋੜ ਰੁਪਏ ਦਾ ਕੰਮ ਮੁਕੰਮਲ ਕੀਤਾ ਜਾ ਚੁੱਕਾ ਹੈ ਅਤੇ ਇਸ ਵੇਲੇ ਪਿੰਡਾਂ ਨੂੰ ਪਾਣੀ ਦੀ ਸਪਲਾਈ ਸ਼ੁਰੂ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ 2 ਪਿੰਡਾਂ ਬਿਭੋਰ ਸਾਹਿਬ ਅਤੇ ਭੱਲੜੀ ਵਿੱਚ ਨਵੇਂ ਟਿਊਬਵੈੱਲ 60 ਲੱਖ ਰੁਪਏ ਖਰਚ ਕੇ ਚਲਾਏ ਗਏ ਹਨ। ਪਿੰਡ ਨਾਨਗਰਾਂ, ਗਰਾਂ, ਗਨਾਰੂ ਵਿੱਚ 220 ਲੱਖ ਰੁਪਏ ਖਰਚ ਕੇ ਨਵੀਆਂ ਜਲ ਸਪਲਾਈ ਸਕੀਮਾਂ ਬਣਾਈਆਂ ਗਈਆਂ ਹਨ ਅਤੇ ਪਿੰਡ ਦਬੂੜ ਲੋਅਰ, ਐਲਗਰਾਂ, ਸਹਿਜੋਵਾਲ, ਗੋਲਣੀ ਅਤੇ ਕੁੱਲਗਰਾਂ ਵਿੱਚ 360 ਲੱਖ ਰੁਪਏ ਨਾਲ ਨਵੀਂ ਜਲ ਸਪਲਾਈ ਸਕੀਮ ਦਾ ਕੰਮ ਪ੍ਰਗਤੀ ਅਧੀਨ ਹੈ ਅਤੇ ਜਲਦੀ ਮੁਕੰਮਲ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸਾਲ 2024-25 ਦੌਰਾਨ 15ਵੇਂ ਵਿੱਤ ਕਮਿਸ਼ਨ ਤਹਿਤ ਲੱਖਾਂ ਰੁਪਏ ਦੇ ਕੰਮ ਲਗਭਗ ਹਰੇਕ ਪਿੰਡ ਵਿੱਚ ਕਰਵਾਏ ਗਏ ਹਨ ਤਾਂ ਜੋ ਪੀਣ ਵਾਲੇ ਪਾਣੀ ਦੀ ਸਪਲਾਈ ਨਿਰਵਿਘਨ ਦਿੱਤੀ ਜਾ ਸਕੇ।

ਜਲ ਸਪਲਾਈ ਵਿਭਾਗ ਵਲੋਂ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਤਹਿਤ 57 ਪਿੰਡਾਂ ਵਿੱਚ ਲਗਭਗ 171 ਲੱਖ ਰੁਪਏ ਖਰਚ ਕੇ ਕਮਿਊਨਿਟੀ ਪਖਾਨੇ ਬਣਾਏ ਗਏ ਹਨ 122 ਪਿੰਡਾਂ ਨੂੰ ਸੋਲਿਡ ਵੇਸਟ ਮੈਨੇਜਮੈਂਟ ਯੂਨਿਟ ਅਤੇ ਲਿਕੁਇਡ ਵੇਸਟ ਮੈਨੇਜਮੈਂਟ ਲਈ 288.47 ਲੱਖ ਰੁਪਏ ਦੇ ਫੰਡ ਜਾਰੀ ਕੀਤੇ ਗਏ ਹਨ। ਜ਼ਿਲ੍ਹਾ ਰੂਪਨਗਰ ਅਧੀਨ ਪਿੰਡਾਂ ਲਈ ਪਹਿਲਾ ਪਲਾਸਟਿਕ ਵੇਸਟ ਮੈਨੇਜਮੈਂਟ ਯੂਨਿਟ ਅਗੰਮਪੁਰ ਵਿਖੇ 16 ਲੱਖ ਰੁਪਏ ਖਰਚ ਕੇ ਬਣਾਇਆ ਗਿਆ ਹੈ। ਜਿਸ ਨਾਲ ਪਿੰਡਾਂ ਵਿੱਚ ਵਰਤੇ ਜਾ ਰਹੇ ਪਲਾਸਟਿਕ ਦਾ ਸਹੀ ਨਿਪਟਾਰਾ ਵਾਤਾਵਰਨ ਨੂੰ ਦੂਸ਼ਿਤ ਕੀਤੇ ਬਿਨਾਂ ਕੀਤਾ ਜਾ ਰਿਹਾ ਹੈ।

ਜਲ ਸਰੋਤ ਵਿਭਾਗ ਵੱਲੋ ਰੂਪਨਗਰ ਜਿਲੇ ਅਧੀਨ ਸ੍ਰੀ ਅਨੰਦਪੁਰ ਸਾਹਿਬ ਬਲਾਕ ਦੇ ਚੰਗਰ ਦੇ ਖੇਤਰ ਲਈ ਸਮਲਾਹ, ਪਹਾੜਪੁਰ, ਲਖੇੜ, ਧਨੇੜਾ, ਮਹਿਦਲੀ ਖੁਰਦ ਆਦਿ ਪਿੰਡਾਂ ਨੂੰ ਨਹਿਰੀ ਪਾਣੀ ਸਪਲਾਈ ਕਰਨ ਲਈ ਲਿਫਟ ਸਿੰਚਾਈ ਸਕੀਮ ਲਗਾਈ ਜਾ ਰਹੀ ਹੈ ਜਿਸ ਦਾ ਨੀਂਹ ਪੱਥਰ ਸਿੱਖਿਆ ਮੰਤਰੀ ਪੰਜਾਬ ਵੱਲੋ 29 ਅਗਸਤ ਨੂੰ ਰੱਖਿਆ ਗਿਆ ਸੀ। ਇਸ ਸਕੀਮ ਵਿੱਚ ਚੰਗਰ ਦੇ 10 ਪਿੰਡਾਂ ਨੂੰ ਨਹਿਰੀ ਪਾਣੀ ਦੀ ਸਹੂਲਤ ਦਿੱਤੀ ਜਾਵੇਗੀ। ਇਸ ਪ੍ਰੋਜੈਕਟ ਦੀ ਕੁੱਲ ਲਾਗਤ 86.22 ਕਰੋੜ ਰੁਪਏ ਹੈ।ਕਾਰਜਕਾਰੀ ਇੰਜੀਨੀਅਰ ਰੋਪੜ ਨਹਿਰ ਅਤੇ ਗਰਾਊਂਡ ਵਾਟਰ ਮੰਡਲ, ਪ੍ਰੋਜੈਕਟ ਅਨੁਮਾਨ ਬਾਬਤ ਪ੍ਰੋਵਾਈਡਿੰਗ ਦਾ ਲਿਫ਼ਟ ਇਰੀਗੇਸ਼ਨ ਸਕੀਮ ਪਿੰਡ ਲਖੇੜ, ਮੀਢਵਾਂ, ਪਹਾੜਪੁਰ, ਮਹਿੰਦਲੀ ਖੁਰਦ, ਸਮਲਾਹ ਆਦਿ ਚੰਗਰ ਏਰੀਆ ਸ੍ਰੀ ਅਨੰਦਪੁਰ ਸਾਹਿਬ ਵਿੱਚ ਚਲਾਈ ਜਾ ਰਹੀ ਹੈ।ਸੂਤਰਾ ਨੇ ਅੱਗੇ ਹੋਰ ਦੱਸਿਆ ਕਿ ਨੰਗਲ ਵਿਖੇ ਚੰਗਰ ਏਰੀਏ ਦੇ 9 ਪਿੰਡਾਂ ਲਈ ਸ੍ਰੀ ਅਨੰਦਪੁਰ ਸਾਹਿਬ ਹਾਈਡਲ ਚੈਨਲ ਦੀ ਆਰ.ਡੀ. 4100 ਤੇ ਲਗਭਗ 30 ਸਾਲ ਪਹਿਲਾ ਬਣੀ ਲਿਫਟ ਸਿੰਚਾਈ ਸਕੀਮ ਜਿਸ ਦੀਆਂ ਪਾਈਪਾਂ ਚੋਕ ਹੋ ਗਈਆਂ ਸਨ ਅਤੇ ਪੰਪ ਹਾਊਸ ਦੀ ਵੀ ਹਾਲਤ ਖਸਤਾ ਸੀ ਤੇ 1.30 ਕਰੋੜ ਦੀ ਲਾਗਤ ਨਾਲ ਪੰਪ ਹਾਊਸ ਦੀ ਮੁਰੰਮਤ, ਪੰਪਾਂ-ਮੋਟਰਾਂ ਦੀ ਮੁਰੰਮਤ, ਇਲੈਕਟਰਿਕ ਪੈਨਲ ਆਦਿ ਦੀ ਮੁਰੰਮਤ, ਡਿਸਟ੍ਰੀਬਿਊਸ਼ਨ ਆਰ.ਸੀ.ਸੀ. ਪਾਈਪਾਂ ਨੂੰ ਰਿਪਲੇਸ ਕੀਤਾ ਜਾਣਾ ਹੈ। ਇਸ ਮੋਕੇ ਤੇ ਲਿਫਟ ਸਕੀਮ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਹੈ ਅਤੇ 31 ਮਾਰਚ 2025 ਨੂੰ ਮੁਕੰਮਲ ਹੋ ਜਾਵੇਗੀ। ਇਸ ਸਕੀਮ ਨਾਲ ਇਸ ਇਲਾਕੇ ਦੇ ਲਗਭਗ 1500 ਏਕੜ ਜਮੀਨ ਨੂੰ ਨਹਿਰੀ ਪਾਣੀ ਸਪਲਾਈ ਕੀਤਾ ਜਾਵੇਗਾ।

ਸ੍ਰੀ ਅਨੰਦਪੁਰ ਸਾਹਿਬ ਬਲਾਕ ਦੇ ਪਿੰਡ ਲੋਅਰ ਥਲੂਹ, ਅੱਪਰ ਥਲੂਹ, ਬ੍ਰਹਮਪੁਰ, ਸੂਰੇਵਾਲ, ਬਾਸੋਵਾਲ, ਸੰਧੇਵਾਲ, ਮਜਾਰਾ, ਲੰਗ ਮਜਾਰੀ, ਮਾਂਗੇਵਾਲ, ਮਾਂਗੇਵਾਲ ਬਾਗ, ਭੱਦਲ, ਗੰਗੂਵਾਲ, ਪਾਇਲੀ ਕਲਾਂ, ਕਲੋਤਾ ਆਦਿ ਲਈ ਨੰਗਲ ਹਾਈਡਲ ਚੈਨਲ ਵਿੱਚੋ ਮੋਘੇ ਲਗਾ ਕੇ ਨਹਿਰੀ ਪਾਣੀ ਸਪਲਾਈ ਕੀਤਾ ਜਾਂਦਾ ਸੀ। ਇਹ ਪਾਣੀ ਖਾਲਾਂ ਨਾ ਹੋਣ ਕਾਰਨ ਕਿਸਾਨਾਂ ਦੇ ਖੇਤਾਂ ਵਿੱਚ ਮੁਸ਼ਕਿਲ ਨਾਲ ਪਹੁੰਚਦਾ ਸੀ।

## ਅਮਲੋਹ ਤੋਂ ਸਮਸ਼ਪੁਰ ਜਾਣ ਵਾਲੀ ਸੜਕ ਦੀ ਛੇਤੀ ਕੀਤੀ ਜਾਵੇਗੀ ਕਾਇਆ ਕਲਪ: ਐਸ.ਡੀ.ਓ.

**ਫ਼ਤਹਿਗੜ੍ਹ ਸਾਹਿਬ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਐੱਸ.ਡੀ.ਓ., ਲੋਕ ਨਿਰਮਾਣ ਵਿਭਾਗ, ਅਮਲੋਹ ਸ੍ਰੀ ਕ੍ਰਿਸ਼ਨ ਗੋਪਾਲ ਨੇ ਦੱਸਿਆ ਕਿ ਅਮਲੋਹ ਤੋਂ ਸਮਸ਼ਪੁਰ ਜਾਣ ਵਾਲੀ ਸੜਕ ਦੀ ਛੇਤੀ ਹੀ ਕਾਇਆ ਕਲਪ ਕੀਤੀ ਜਾਵੇਗੀ। ਇਸ ਸੜਕ ਦਾ ਕੰਮ ਸ਼ੁਰੂ ਕਰ ਕੇ ਜਲਦ ਤੋਂ ਜਲਦ ਮੁਕੰਮਲ ਕੀਤਾ ਜਾਵੇਗਾ ਤਾਂ ਜੋ ਪਿੰਡਾਂ ਨੂੰ ਜਾਂਦੀਆਂ ਸੜਕਾਂ 'ਤੇ ਲੋਕਾਂ ਨੂੰ ਕੋਈ ਦਿੱਕਤ ਪੇਸ਼ ਨਾ ਆਵੇ।

ਸ੍ਰੀ ਕ੍ਰਿਸ਼ਨ ਗੋਪਾਲ ਨੇ ਦੱਸਿਆ ਇਸ ਤੋਂ ਇਲਾਵਾ ਜਿਹੜੀਆਂ ਸੜਕਾਂ ਆਪਣੀ ਮਿਆਦ ਪੂਰੀ ਕਰ ਚੁੱਕੀਆਂ ਹਨ ਅਤੇ ਰਿਪੇਅਰ ਲਈ ਡਿਊ ਹਨ, ਉਹਨਾਂ ਸੜਕਾਂ ਦੀ ਵੀ ਮੁਰੰਮਤ ਕਰਵਾ ਦਿੱਤੀ ਜਾਵੇਗੀ।

ਪੰਜਾਬ ਸਰਕਾਰ ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਵਚਨਬੱਧ ਹੈ ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਾ ਆਵੇ। ਇਸੇ ਅਧੀਨ ਸੜਕਾਂ ਦੀ ਕਾਇਆ ਕਲਪ ਵੀ ਕੀਤੀ ਜਾਵੇਗੀ।

# ਗ਼ਜ਼ਲ ਮੇਰੀ ਰੂਹ ਨਾਲ ਮੇਲ ਖਾਂਦੀ ਹੈ

## ਕਰਨੈਲ ਸਿੰਘ ਨੇਕਨਾਮਾ



• ਧਰਮਪਾਲ ਸਾਹਿਲ
98761-56964

ਜ਼ਿਲ੍ਹਾ ਹੁਸ਼ਿਆਰਪੁਰ ਦੇ ਕੰਢੀ ਪਹਾੜੀ ਖੇਤਰ ਦੀਆਂ ਹਰੀਆਂ ਭਰੀਆਂ ਸ਼ਿਵਾਲਿਕ ਪਹਾੜੀਆਂ ਦੀ ਗੋਦ ਵਿਚ ਵਸਿਆ ਹੈ ਇਕ ਨਿੱਕਾ ਜਿਹਾ ਪਿੰਡ ਨੇਕਨਾਮਾ। ਹਰ ਪਾਸੇ ਹਰਿਆਵਲ। ਵਗਦੇ ਚੋਅ। ਅਸੀਮ ਸ਼ਾਂਤੀ। ਪੰਛੀਆਂ ਦੀਆਂ ਮਨਮੋਹਕ ਆਵਾਜ਼ਾਂ। ਕੁਦਰਤੀ ਖ਼ੂਬਸੂਰਤੀ ਨਾਲ ਲਬਰੇਜ਼ ਇਲਾਕਾ। ਇਸ ਨਿੱਕੇ ਜਿਹੇ ਪਿੰਡ ਦਾ ਇਕ ਨਿੱਕਾ ਜਿਹਾ ਨਿਮਨ ਕਿਰਸਾਨੀ ਪਰਿਵਾਰ। ਪਿਤਾ ਦਸੌਂਧਾ ਸਿੰਘ ਅਤੇ ਮਾਤਾ ਰਤਨ ਕੌਰ ਦੇ ਘਰ ਜਨਮਿਆ ਪਲੇਠਾ ਪੁੱਤਰ ਕਰਨੈਲ ਸਿੰਘ। ਜਿਹੜਾ ਹੁਣ ਸਾਹਿਤਕ ਅਤੇ ਸਿੱਖਿਆ ਖੇਤਰ ਵਿਚ ਮਾ. ਕਰਨੈਲ ਸਿੰਘ ਨੇਕਨਾਮਾ ਦੇ ਨਾਂ ਨਾਲ ਮਸ਼ਹੂਰ ਹੈ। ਆਪਣੇ ਸਾਊ ਵਿਵਹਾਰ ਅਤੇ ਨੇਕ ਚਾਲਚਲਣ ਸਦਕਾ ਉਹ ਆਪਣੇ ਪਿੰਡ ਦੇ ਨਾਂ ਨੂੰ ਸਾਰਥਕ ਕਰ ਰਿਹਾ ਹੈ।

ਸਰਕਾਰੀ ਰਿਕਾਰਡ ਮੁਤਾਬਕ 4 ਜਨਵਰੀ 1948 ਨੂੰ ਜਨਮੇ ਕਰਨੈਲ ਸਿੰਘ ਦੇ ਸਮੇਂ ਉਸ ਦੇ ਪਿੰਡ ਨੇਕਨਾਮਾ ਤੋਂ ਤਿੰਨ ਚਾਰ ਕੋਹ ਤਕ ਕੋਈ ਪ੍ਰਾਇਮਰੀ ਸਕੂਲ ਵੀ ਨਹੀਂ ਸੀ। ਹਾਲਾਂਕਿ ਪਿਉ ਦਾਦੇ ਦਾ ਉਸ ਨੂੰ ਪੜ੍ਹਾਉਣ ਦਾ ਬਹੁਤ ਸ਼ੌਕ ਸੀ। ਫਿਰ ਖ਼ੁਸ਼ਕਿਸਮਤੀ ਨਾਲ ਪਿੰਡ ਦੀ ਇਕ ਸਰਾਂ ਵਿਚ ਸਰਕਾਰੀ ਪ੍ਰਾਇਮਰੀ ਸਕੂਲ ਖੁੱਲ੍ਹ ਗਿਆ ਅਤੇ ਕਰਨੈਲ ਸਿੰਘ ਨੂੰ ਉਸ ਸਕੂਲ ਦੇ ਪਹਿਲੇ ਪੂਰ ਦਾ ਵਿਦਿਆਰਥੀ ਹੋਣ ਦਾ ਮਾਣ ਹਾਸਿਲ ਹੋਇਆ। ਪਿੰਡੋਂ ਚਾਰ ਕੋਹ 'ਤੇ ਸਥਿਤ ਪਿੰਡ ਰਾਮਪੁਰ ਹਲੇੜ ਤੋਂ 1964 ਵਿਚ ਪਹਿਲੇ ਦਰਜੇ ਵਿਚ ਦਸਵੀਂ ਪਾਸ ਕਰਨ ਮਗਰੋਂ ਅਗਲੀ ਪੜ੍ਹਾਈ ਦੇ ਰਸਤੇ ਇਕ ਤਰ੍ਹਾਂ ਨਾ ਬੰਦ ਹੀ ਹੋ ਗਏ ਸਨ। ਆਰਥਕ ਪੱਖੋਂ ਘਰ ਦੇ ਹਾਲਾਤ ਇੰਨੇ ਸੁਖਾਵੇਂ ਨਹੀਂ ਸਨ। ਮਸਾਂ ਦਾਲ ਫੁਲਕਾ ਚੱਲਦਾ ਸੀ। ਪਰ ਇਕ ਸੁਹਿਰਦ ਰਿਸ਼ਤੇਦਾਰ ਨੇ ਸਰਕਾਰੀ ਸੀ. ਸੈਕੰਡਰੀ ਸਕੂਲ ਟਾਂਡਾ ਵਿਖੇ ਦਾਖ਼ਿਲਾ ਦੁਆ ਦਿੱਤਾ ਤੇ 1966 ਵਿਚ ਜੇ.ਬੀ.ਟੀ.ਚੰਗੇ ਨੰਬਰਾਂ ਨਾਲ ਪਾਸ ਕਰ ਲਈ।

ਫਿਰ 1970 ਵਿਚ ਸਰਕਾਰੀ ਮਿਡਲ ਸਕੂਲ ਡੱਫਰ ਵਿਖੇ ਬਤੌਰ ਜੇਬੀਟੀ ਅਧਿਆਪਕ ਨੌਕਰੀ ਦੀ ਸ਼ੁਰੂਆਤ ਕੀਤੀ। ਪੜ੍ਹਨ ਦੇ ਸ਼ੌਕ ਅਤੇ ਸਕੂਲ ਦੇ ਹੋਰ ਸਟਾਫ ਦੀ ਪ੍ਰੇਰਣਾ ਸਦਕਾ ਪ੍ਰਾਈਵੇਟ ਵਿਦਿਆਰਥੀ ਵਜੋਂ ਗਿਆਨੀ, ਬੀ.ਏ, ਐਮ.ਏ. ਪੰਜਾਬੀ ਪਾਸ ਕਰ ਲਈ। ਫਿਰ 1972 ਵਿਚ ਹੀ ਸਕੂਲ ਦੇ ਰਸਤੇ ਵਿਚ ਪੈਂਦੇ ਇਕ ਪਿੰਡ ਦੀ ਇਕ ਮਟਿਆਰ ਨਾਲ ਮੁਲਾਕਾਤ ਜਨਮ ਜਨਮਾਂਤਰਾਂ ਦੇ ਬੰਧਨ ਵਿਚ ਬਦਲ ਗਈ। ਦੋਹਾਂ ਪਰਿਵਾਰਾਂ ਦੀ ਸਹਿਮਤੀ ਨਾਲ ਬਿਨਾਂ ਢੋਲ ਢਮੱਕਿਆਂ ਅਤੇ ਬਿਨਾਂ ਦਾਜ ਦਹੇਜ ਦੇ ਵਿਆਹ ਕਰਾ ਕੇ ਇਲਾਕੇ ਵਿਚ ਇਕ ਮਿਸਾਲ ਕਾਇਮ ਕੀਤੀ। ਅੱਜਕੱਲ੍ਹ ਦੋ ਧੀਆਂ ਅਤੇ ਇਕ ਪੁੱਤਰ ਦਾ ਵਸਿਆ ਰਸਿਆ ਪਰਿਵਾਰ ਤੇ ਮਾ. ਕਰਨੈਲ ਸਿੰਘ ਆਪਣਾ ਰਿਟਾਇਰੀ ਜੀਵਨ ਸਾਹਿਤ ਅਤੇ ਸਮਾਜਕ ਜ਼ਿੰਮੇਵਾਰੀ ਨਿਭਾਉਣ ਦੇ ਲੇਖੇ ਲਾ ਰਿਹਾ ਹੈ।

ਗ਼ਜ਼ਲ ਅਤੇ ਕਵਿਤਾ ਦੇ ਖੇਤਰ ਵਿਚ ਕਈ ਕਿਤਾਬਾਂ ਲਿਖ ਕੇ ਮਾ. ਕਰਨੈਲ ਸਿੰਘ ਨੇ ਆਪਣੀ ਪੁਖਤਾ ਪਛਾਣ ਸਥਾਪਿਤ ਕੀਤੀ ਹੈ। ਸਾਹਿਤ ਸਭਾਵਾਂ ਦੇ ਕਵੀ ਦਰਬਾਰਾਂ ਅਤੇ ਹੋਰ ਸਮਾਗਮਾਂ ਵਿਚ ਚੁੱਪਚੁਪੀਤੇ ਹਾਜ਼ਰੀ ਲੁਆਉਂਦਾ ਅਤੇ ਸਾਹਿਤਕ ਕਲਾਬਾਜ਼ੀਆਂ ਤੇ ਰਾਜਨੀਤਿਕ ਵਲ ਫਰੇਬ ਤੋਂ ਦੂਰ ਆਪਣੇ ਸਾਊ ਤੇ ਮਿਲਾਪੜੇ ਸੁਭਾਉ ਸਦਕਾ ਇਕ ਹਰਮਨ ਪਿਆਰਾ ਇਨਸਾਨ ਹੈ। ਮਾ. ਕਰਨੈਲ ਸਿੰਘ ਨਾਲ ਕੀਤੀ ਗਈ ਇਕ ਮੁਲਾਕਾਤ ਦੇ ਕੁਝ ਅੰਸ਼ ਪਾਠਕਾਂ ਦੇ ਰੂਬਰੂ ਹਨ-

**• ਮਾਸਟਰ ਜੀ ਤੁਹਾਨੂੰ ਸ਼ਾਇਰੀ ਵੱਲ ਰੁਝਾਨ ਸ਼ੌਕ ਕਿਵੇਂ ਪੈਦਾ ਹੋਇਆ?**

ਦਰਅਸਲ ਛੋਟੇ ਹੁੰਦਿਆਂ ਲਾਊਡ ਸਪੀਕਰਾਂ 'ਤੇ ਵੱਜਦੇ ਲਾਲ ਚੰਦ ਯਮਲਾ, ਸੁਰਿੰਦਰ ਕੌਰ, ਆਸ਼ਾ ਸਿੰਘ ਮਸਤਾਨਾ ਅਤੇ ਮੁਹੰਮਦ ਸਦੀਕ ਆਦਿ ਗਾਇਕਾਂ ਦੇ ਗਾਏ ਅਤੇ ਨੰਦ ਲਾਲ ਨੂਰਪੁਰੀ ਤੇ ਗੁਰਦੇਵ ਮਾਨ ਜਿਹੇ ਗੀਤਕਾਰਾਂ ਦੇ ਲਿਖੇ ਗੀਤ ਮੇਰੇ ਲਈ ਪ੍ਰੇਰਣਾ ਸਰੋਤ ਬਣੇ। ਮੈਂ ਵੀ ਕੱਚੀ ਉਮਰੇ ਉਨ੍ਹਾਂ ਗੀਤਕਾਰਾਂ ਵਾਂਗ ਹੀ ਜੋੜ-ਤੋੜ ਕੇ ਗੀਤ ਲਿਖਣ ਦੀ ਕੋਸ਼ਿਸ਼ ਕੀਤੀ। ਇਹ ਗੀਤ ਨਾ ਤੇ ਗਾਏ ਹੀ ਅਤੇ ਨਾ ਹੀ ਕਿਧਰੇ ਛਪਣ ਲਈ ਭੇਜੇ।

ਕਵਿਤਾ ਬਾਰੇ ਬਹੁਤਾ ਗਿਆਨ ਨਹੀਂ ਸੀ, ਫਿਰ ਵੀ ਕਲਮ ਆਜ਼ਮਾਈ ਕਰਦਾ ਰਹਿੰਦਾ ਸੀ। ਉਨ੍ਹਾਂ ਦਿਨੀਂ ਅਜੀਤ ਦੇ ਹਫਤਾਵਾਰੀ ਕਾਲਮ ਫੁਲਵਾੜੀ ਵਿਚ ਇਕ ਸਮੱਸਿਆ ਦੇ ਕੇ ਬੰਦਿਸ਼ ਵਿਚ ਲਿਖਣ ਲਈ ਨਵੇਂ ਲੇਖਕਾਂ ਨੂੰ ਹਲਾਸ਼ੇਰੀ ਦਿੱਤੀ ਜਾਂਦੀ ਸੀ। ਉਸ ਕਾਲਮ ਵਿਚ ਅਕਸਰ ਦੀਦਾਰ ਗੜ੍ਹਦੀਵਾਲਾ ਦੀ ਕੋਈ ਰਚਨਾ ਛਪਦੀ ਤਾਂ ਦਿਲ ਬੜਾ ਕਰਦਾ ਕਿ ਕਾਸ਼ ਮੇਰੀ ਵੀ ਕੋਈ ਰਚਨਾ ਉਸ ਕਾਲਮ ਵਿਚ ਛਪੇ। ਫਿਰ ਮੈਂ ਦਸੂਹਾ ਗੜ੍ਹਦੀਵਾਲਾ ਸਾਹਿਤ ਸਭਾ ਦੇ ਗਠਨ ਨਾਲ ਪ੍ਰੋ. ਦੀਦਾਰ, ਅਮਰੀਕ ਡੋਗਰਾ, ਤਰਸੇਮ ਸਫ਼ਰੀ ਵਰਗੇ ਕਵੀਆਂ ਦੀ ਸੰਗਤ ਵਿਚ ਆ ਗਿਆ। ਸੰਖੇਪ ਅਤੇ ਘੱਟ ਗੱਲ ਕਰਨ ਕਰਕੇ ਗ਼ਜ਼ਲ ਮੇਰੀ ਰੂਹ ਨਾਲ ਮੇਲ ਖਾ ਗਈ।

**• ਕੀ ਸ਼ਾਇਰੀ ਸਿੱਖਣ ਲਈ ਤੁਸੀਂ ਕੋਈ ਉਸਤਾਦ ਵੀ ਧਾਰਿਆ?**

ਮੈਂ ਪ੍ਰੋ. ਦੀਦਾਰ ਦੇ ਉਸਤਾਦ ਜਨਾਬ ਮਜ਼ਰਮ ਦਸੂਹੀ ਅਤੇ ਤਰਸੇਮ ਸਫ਼ਰੀ ਦੇ ਉਸਤਾਦ ਜਨਾਬ ਦੀਪਕ ਜੈਤੋਈ ਜੀ ਦੇ ਇਕ ਦੋ ਵਾਰੀ ਦਰਸ਼ਨ ਤਾਂ ਜ਼ਰੂਰ ਕੀਤੇ ਪਰ ਉਨ੍ਹਾਂ ਵਿੱਚੋਂ ਕਿਸੇ ਦੀ ਵੀ ਸ਼ਾਗਿਰਦੀ ਪ੍ਰਾਪਤ ਕਰਨ ਵਿਚ ਅਸਫਲ ਹੀ ਰਿਹਾ। ਉਂਜ ਹਰ ਚੰਗੇ ਸ਼ਾਇਰ ਦਾ ਕਲਾਮ ਮੇਰੇ ਲਈ "ਏਕਲਵਿਆ" ਵਾਂਗ ਦਰੋਣਾਚਾਰਿਆ ਦਾ ਰੁਤਬਾ ਰੱਖਦਾ ਹੈ।

**• ਤੁਸੀਂ ਕਿਹੜੇ ਸ਼ਾਇਰ ਤੋਂ ਸਭ ਤੋਂ ਵੱਧ ਪ੍ਰਭਾਵਤ ਹੋਏ?**

ਮੈਂ ਸ਼ਿਵ ਕੁਮਾਰ ਬਟਾਲਵੀ ਦੀ ਸ਼ਾਇਰੀ ਤੋਂ ਬਹੁਤ ਪ੍ਰਭਾਵਤ ਸੀ। ਮੇਰੀਆਂ ਮੁੱਢਲੀਆਂ ਰਚਨਾਵਾਂ ਤੇ ਉਨ੍ਹਾਂ ਦਾ ਪ੍ਰਭਾਵ ਸਪਸ਼ਟ ਵੇਖਿਆ ਜਾ ਸਕਦਾ ਹੈ।

**• ਤੁਹਾਡੀ ਪਹਿਲੀ ਪੁਸਤਕ ਕਦੋਂ ਛਪੀ?**

ਮੇਰੀ ਪਹਿਲੀ ਗ਼ਜ਼ਲਾਂ, ਗੀਤਾਂ ਅਤੇ ਕਵਿਤਾਵਾਂ ਦੀ ਕਿਤਾਬ 2011 ਵਿਚ ਪ੍ਰਕਾਸ਼ਤ ਹੋਈ। ਜਿਸ ਨੂੰ ਸੂਝਵਾਨ ਪਾਠਕਾਂ ਅਤੇ ਵਿਦਵਾਨ ਅਲੋਚਕਾਂ ਵਲੋਂ ਭਰਵਾਂ ਹੁੰਗਾਰਾ ਮਿਲਿਆ। ਪੰਜਾਬੀ ਗ਼ਜ਼ਲ ਅਕਾਡਮੀ ( ਇੰਟਰਨੈਸ਼ਨਲ) ਵਲੋਂ ਛਾਪੀਆਂ ਗਈਆਂ ਪੁਸਤਕਾਂ ਵਿਚ ਵੀ ਮੇਰੀਆਂ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਅਤੇ ਉਸ ਪੁਸਤਕ ਲੜੀ ਦਾ ਨਾਂ 'ਲਟ ਲਟ ਬਲੇ ਚਿਰਾਗ਼' ਵੀ ਮੇਰੇ ਇਕ ਸ਼ੇਅਰ 'ਤੇ ਅਧਾਰਤ ਹੈ। ਸ਼ੇਅਰ ਇੰਜ ਹੈ-

'ਧੁਖਦੇ ਰਹਿਣਾ ਜ਼ਿੰਦਗੀ ਦਾ ਨਾਂ ਨਹੀਂ;
ਲਾਟ ਇਹ ਜਦ ਤਕ ਬਲੇ ਲਟ ਲਟ ਬਲੇ।'

'ਗ਼ਜ਼ਲ ਉਦਾਸ ਹੈ' ਅਤੇ 'ਉਦਾਸ ਮਨਾਂ 'ਚੋਂ ' ਆਦਿ ਸੰਗ੍ਰਹਿਆਂ ਵਿਚ ਵੀ ਮੇਰੀਆਂ ਗ਼ਜ਼ਲਾਂ ਨੂੰ ਢੁਕਵੀਂ ਥਾਂ ਪ੍ਰਾਪਤ ਹੋਈ ਹੈ।

**• ਤੁਹਾਡੀ ਪਹਿਲੀ ਰਚਨਾ ਕਦੋਂ ਤੇ ਕਿੱਥੇ ਛਪੀ?**

ਭਾਰਤ-ਪਾਕ ਦੀ ਪਹਿਲੀ ਜੰਗ ਸਮੇਂ ਬੜੇ ਹੀ ਉਤੇਜਿਤ ਮਾਹੌਲ ਵਿਚ ਮੈਂ ਇਕ ਕਵਿਤਾ ਲਿਖੀ ਜੋ ਸਕੂਲ ਦੇ ਮੈਗਜ਼ੀਨ ਵਿਚ ਛਪੀ ਅਤੇ ਇਹੋ ਕਵਿਤਾ ਟਾਂਡਾ ਵਿਖੇ ਇਕ ਸਮਾਗਮ ਵਿਚ ਕਿਸੇ ਵਿਦਿਆਰਥੀ ਵਲੋਂ ਸੁਰੀਲੀ ਆਵਾਜ਼ ਵਿਚ ਗਾਉਂਦਿਆਂ ਸੁਣਿਆ ਤਾਂ ਬਹੁਤ ਹੀ ਚੰਗਾ ਲਗਿਆ ਤੇ ਮੇਰਾ ਹੌਂਸਲਾ ਵਧਿਆ। ਇਸ ਮਗਰੋਂ ਪ੍ਰੀਤਲੜੀ, ਨਾਗਮਣੀ, ਸਾਹਿਤਕਾਰ, ਪੰਜਾਬੀ ਦੁਨੀਆ, ਜਨਸਾਹਿਤ ਤੇ ਜਾਗ੍ਰਿਤੀ ਆਦਿ ਵਿਚ ਮੇਰੀਆਂ ਰਚਨਾਵਾਂ ਛਪਦੀਆਂ ਰਹੀਆਂ।



'ਮੇਰਾ ਦਾਗਿਸਤਾਨ' ਮੇਰੀ ਸਭ ਤੋਂ ਪਸੰਦੀਦਾ ਪੁਸਤਕ ਹੈ। ਇਸ ਦੀ ਹਰ ਸਤਰ ਇਕ ਅਟੱਲ ਸੱਚਾਈ ਹੈ। ਇਹ ਹਰ ਤਰ੍ਹਾਂ ਨਾਲ ਲੇਖਕ ਲਈ ਪ੍ਰੇਰਨਾਦਾਇਕ ਹੈ...

ਰੂਬਰੂ

**• ਤੁਸੀਂ ਕਿਸੇ ਵਾਦ ਤੋਂ ਵੀ ਪ੍ਰਭਾਵਤ ਹੋਏ ਹੋ?**

ਨਹੀਂ ਜੀ; ਮੈਂ ਕਿਸੇ ਵੀ ਵਾਦ ਜਾਂ ਵਿਵਾਦ ਨਾਲ ਬੱਝਾ ਹੋਇਆ ਨਹੀਂ ਹਾਂ। ਫਿਰ ਵੀ ਮਾਨਵਵਾਦ ਨਾਲ ਮੇਰੀ ਆਸਥਾ ਹੈ। ਕਲਾ ਕਲਾ ਲਈ ਮੇਰੇ ਲਈ ਕੋਈ ਮਾਇਨੇ ਨਹੀਂ ਰਖਦੀ ਜੇ ਉਹ ਕਲਿਆਣਕਾਰੀ ਨਹੀਂ, ਜੇ ਉਹ ਸਰਬਤ ਦੇ ਭਲੇ ਲਈ ਪ੍ਰੇਰਿਤ ਨਹੀਂ ਕਰਦੀ।

**• ਤੁਹਾਡੀ ਪਸੰਦੀਦਾ ਪੁਸਤਕ ਕਿਹੜੀ ਹੈ?**

'ਮੇਰਾ ਦਾਗਿਸਤਾਨ' ਮੇਰੀ ਸਭ ਤੋਂ ਪਸੰਦੀਦਾ ਪੁਸਤਕ ਹੈ। ਇਸ ਪੁਸਤਕ ਦੀ ਹਰ ਸਤਰ ਇਕ ਅਟੱਲ ਸੱਚਾਈ ਹੈ। ਇਹ ਹਰ ਤਰ੍ਹਾਂ ਨਾਲ ਇਕ ਲੇਖਕ ਲਈ ਪ੍ਰੇਰਨਾਦਾਇਕ ਅਤੇ ਸਿੱਖਿਆਦਾਇਕ ਹੈ।

**• ਤੁਸੀਂ ਕਿਹੜੇ ਸ਼ਾਇਰਾਂ ਨੂੰ ਵਾਰ-ਵਾਰ ਪੜ੍ਹਨਾ ਪਸੰਦ ਕਰਦੇ ਹੋ।**

ਵਿਸ਼ੇਸ਼ ਤੌਰ 'ਤੇ ਗ਼ਜ਼ਲ ਨਾਲ ਲਗਾਉ ਹੋਣ ਕਰ ਕੇ ਸੁਰਜੀਤ ਪਾਤਰ, ਡਾ. ਜਗਤਾਰ, ਜਸਵਿੰਦਰ, ਸੁਖਵਿੰਦਰ ਅੰਮ੍ਰਿਤ, ਹਰਦਿਆਲ ਸਾਗਰ ਅਤੇ ਅਮਰੀਕ ਡੋਗਰਾ ਆਦਿ ਸ਼ਾਇਰਾਂ ਦੀਆਂ ਪੁਸਤਕਾਂ ਹਰ ਸਮੇਂ ਮੇਰੀ ਪਹੁੰਚ ਵਿਚ ਰਹਿੰਦੀਆਂ ਹਨ।

**• ਲਿਖਣ ਪੜ੍ਹਨ ਵਿਚ ਪਰਿਵਾਰ ਦਾ ਸਹਿਯੋਗ ਕਿੰਨਾ ਕੁ ਹੁੰਦਾ ਹੈ?**

ਲਿਖਣ ਪੜ੍ਹਨ ਵਿਚ ਪਰਿਵਾਰ ਵੱਲੋਂ ਕੋਈ ਰੁਕਾਵਟ ਨਹੀਂ ਹੈ। ਘਰ ਵਿਚ ਸੁਖਾਵਾਂ ਮਾਹੌਲ ਮਿਲਦਾ ਹੈ। ਕਈ ਵਾਰੀ ਜੀਵਨ ਸਾਥਣ ਮੇਰਾ ਲਿਖਿਆ ਕੋਈ ਵਰਕਾ, ਜਿਸ 'ਤੇ ਅੱਧਾ ਅਧੂਰਾ ਸ਼ੇਅਰ ਲਿਖਿਆ ਹੁੰਦਾ ਹੈ, ਸਾਂਭ ਲੈਂਦੀ ਹੈ ਅਤੇ ਓਹੀ ਅੱਧਾ ਅਧੂਰਾ ਸ਼ੇਅਰ ਕਈ ਵਾਰੀ ਪੂਰੀ ਗ਼ਜ਼ਲ ਦੀ ਸ਼ਕਲ ਅਖਤਿਆਰ ਕਰ ਲੈਂਦਾ ਹੈ। ਪਤਨੀ ਘਰੇਲੂ ਜ਼ਿੰਮੇਵਾਰੀਆਂ ਸਾਂਭ ਲੈਂਦੀ ਹੈ। ਮੈਨੂੰ ਕਿਧਰੇ ਸਾਹਿਤ ਸਮਾਗਮਾਂ ਵਿਚ ਜਾਣ ਲਈ ਕਦੇ ਰੁਕਾਵਟ ਨਹੀਂ ਪੈਣ ਦਿੰਦੀ।

**• ਸਾਹਿਤ ਸਭਾਵਾਂ ਦੀ ਭੂਮਿਕਾ ਬਾਰੇ ਕੀ ਕਹਿਣਾ ਚਾਹੋਗੇ?**

ਸਾਹਿਤ ਸਭਾਵਾਂ ਕਿਸੇ ਲੇਖਕ ਦੀ ਲਿਖਣ ਕਲਾ ਨੂੰ ਸੰਵਾਰਨ ਵਿਚ ਕਾਫੀ ਸਹਾਈ ਹੋ ਸਕਦੀਆਂ ਹਨ। ਪਰ ਅੱਜਕੱਲ੍ਹ ਵੱਖੋ ਵੱਖਰੇ ਗੱਟਾਂ ਵਿਚ ਵੰਡੀਆਂ ਹੋਣ ਕਰਕੇ ਇਸ ਪੱਖੋਂ ਅਵੇਸਲੀਆਂ ਹਨ। ਪ੍ਰਧਾਨਗੀਆਂ, ਸਕੱਤਰੀਆਂ ਦੀ ਜ਼ਿਆਦਾ ਫ਼ਿਕਰ ਲੱਗੀ ਰਹਿੰਦੀ ਹੈ।

**• ਲੇਖਕਾਂ ਨੂੰ ਮਿਲਦੇ ਮਾਨਾਂ ਸਨਮਾਨਾਂ ਬਾਰੇ ਤੁਹਾਡੀ ਕੀ ਰਾਏ ਹੈ?**

ਮੇਰੀ ਜਾਚੇ ਮਾਣ ਸਨਮਾਨ ਪ੍ਰਾਪਤ ਕਰਨ ਲਈ ਪ੍ਰਤਿਭਾ ਅਤੇ ਜੁਗਾੜਬੰਦੀ ਦੋਹਾਂ ਦੀ ਲੋੜ ਹੁੰਦੀ ਹੈ। ਇਹ ਹਰ ਬੰਦੇ ਦੇ ਵਸ ਦੀ ਗੱਲ ਨਹੀਂ।

**• ਆਜ਼ਾਦੀ ਦੇ 72 ਸਾਲਾਂ ਮਗਰੋਂ ਵੀ ਮਾਂ ਬੋਲੀ ਪੰਜਾਬੀ ਨੂੰ ਉਸ ਦਾ ਬਣਦਾ ਸਥਾਨ ਹਾਸਿਲ ਨਹੀਂ ਹੋ ਸਕਿਆ, ਇਸ ਦਾ ਕੀ ਕਾਰਣ ਸਮਝਦੇ ਹੋ?**

ਦਰਅਸਲ ਸਿਆਸੀ ਲੀਡਰਾਂ ਨੇ ਇਸ ਨੂੰ ਧਰਮਾਂ ਨਾਲ ਹੀ ਨਰੜੀ ਰਖਿਆ ਹੈ। ਉਰਦੂ ਮੁਸਲਮਾਨਾਂ ਦੀ ਭਾਸ਼ਾ, ਹਿੰਦੀ ਹਿੰਦੂਆਂ ਦੀ ਭਾਸ਼ਾ, ਪੰਜਾਬੀ ਸਿੱਖਾਂ ਦੀ ਭਾਸ਼ਾ। ਪੰਜਾਬ ਨੂੰ ਇਸ ਦਾ ਬਹੁਤ ਵੱਡਾ ਖਮਿਆਜ਼ਾ ਭੁਗਤਣਾ ਪਿਆ ਹੈ। ਇਸ ਦੀ ਪ੍ਰਫੁਲਤਾ ਲਈ ਕਾਨੂੰਨ ਤਾਂ ਕਈ ਬਣੇ ਪਰ ਲਾਗੂ ਇਕ ਵੀ ਨਹੀਂ ਹੋ ਸਕਿਆ।

**• ਲੇਖਕ ਦੀ ਸਮਾਜਕ ਤਬਦੀਲੀ ਵਿਚ ਕੀ ਭੂਮਿਕਾ ਹੋ ਸਕਦੀ ਹੈ?**

ਲੇਖਕ ਸਮਾਜਕ ਤਬਦੀਲੀ ਵਿਚ ਅਹਿਮ ਭੂਮਿਕਾ ਨਿਭਾ ਸਕਦਾ ਹੈ। ਪਰ ਅਜਿਹਾ ਹੋ ਨਹੀਂ ਰਿਹਾ। ਕਾਰਣ ਇਹ ਕਿ ਅਸੀਂ ਕਹਿੰਦੇ ਕੁਝ ਹੋਰ ਹਾਂ ਤੇ ਕਰਦੇ ਕੁਝ ਹੋਰ ਹਾਂ। ਇਸ ਨਾਲ ਸਬੰਧਤ ਮੈਂ ਇਕ ਸ਼ੇਅਰ ਵੀ ਕਿਹਾ ਹੈ-

'ਕਹਿਣੀ ਤੇ ਕਰਨੀ ਵਿਚਲਾ ਘਟਿਆ ਜਦੋਂ ਵੀ ਅੰਤਰ;
ਦੇਣੀ ਓਦੋਂ ਹੀ ਦਸਤਕ ਨਵਿਆਂ ਸਵੇਰਿਆਂ ਨੇ।' •

---



• ਓਮ ਪ੍ਰਕਾਸ਼ ਗਾਸੋ
9463561123

ਅਧੋਗਤੀ ਦੁਆਰਾ ਕਈ ਕਿਸਮ ਦੇ ਵਿਰਾਮ ਚਿੰਨ੍ਹ ਉਤਪੰਨ ਹੋਣ ਲੱਗ ਪੈਂਦੇ ਹਨ। ਇਹ ਵਿਰਾਮ ਚਿੰਨ੍ਹ ਜ਼ਿੰਦਗੀ ਵਿਚਲੇ ਜੀਵਤ ਤੱਤਾਂ ਦਾ ਨਾਸ਼ ਕਰਨ ਲੱਗ ਪੈਂਦੇ ਹਨ। ਜਿਉਂ-ਜਿਉਂ ਮਨੁੱਖੀ ਸੁਭਾਅ 'ਚੋਂ ਜੀਵਤ ਤੱਤ ਖ਼ਤਮ ਹੁੰਦੇ ਰਹਿੰਦੇ ਹਨ, ਤਿਉਂ-ਤਿਉਂ ਉਹ ਆਪਣੇ ਆਪੇ ਦੀ ਗਿਰਾਵਟ ਨੂੰ ਡਿੱਠ ਕਰਨ ਲੱਗ ਪੈਂਦਾ ਹੈ...



# ਅਣਡਿੱਠ ਹੋ ਰਹੀ ਅਧੋਗਤੀ

ਮਨੁੱਖ ਦੀ ਉਮਰ ਦੇ ਅਰਥਾਂ ਨੂੰ ਲੱਭਣ ਲਈ ਉਸ ਦੀ ਜ਼ਿੰਦਗੀ ਵਿਚਲੀ ਗਤੀਸ਼ੀਲਤਾ ਦਾ ਅਧਿਐਨ ਕਰਨਾ ਪੈਂਦਾ ਹੈ। ਉਮਰ ਅਤੇ ਆਦਮੀ ਦੀ ਗਤੀ ਅਤੇ ਗਤੀਰੋਧ ਵਰਗੇ ਸ਼ਬਦਾਂ ਦੀ ਆਪਣੀ ਇਕ ਵਿਸ਼ੇਸ਼ ਕਿਸਮ ਦੀ ਅਸਲੀਅਤ ਹੁੰਦੀ ਹੈ। ਅਸਲੀਅਤ ਦੀ ਜਾਣਕਾਰੀ ਦੁਆਰਾ ਜੀਵਨ ਧਾਰਾ ਦੀ ਪਛਾਣ ਹੁੰਦੀ ਰਹਿੰਦੀ ਹੈ। ਇੰਝ ਸਾਡੇ ਸਾਹਮਣੇ ਪਰਖ, ਪਛਾਣ ਅਤੇ ਪੜਤਾ ਵਰਗੇ ਵਿਸ਼ੇ ਆ ਟਿਕਦੇ ਹਨ। ਪਛਾਣ ਅਤੇ ਪਰਖ ਤੋਂ ਬਿਨਾਂ ਅਸਲੀਅਤ ਦੇ ਮੂਲ ਤੱਤ ਅਣਡਿੱਠ ਹੋਣ ਲੱਗ ਪੈਂਦੇ ਹਨ। ਇੱਥੇ ਆ ਕੇ ਸਾਡੇ ਸਨਮੁੱਖ ਉਸ ਜ਼ਿੰਦਗੀ ਬਾਰੇ ਜਿਸ ਨੂੰ ਸਮਾਜਿਕ ਰਹਿਤਾ ਆਪਣਾਉਂਦੀ ਰਹਿੰਦੀ ਹੈ ਨਾਲ ਸਬੰਧਿਤ ਕੁੱਝ ਕੁ ਮਹੱਤਵਪੂਰਨ ਸਰੋਕਾਰ ਆਉਣ ਲੱਗ ਪੈਂਦੇ ਹਨ।

## ਜ਼ਿੰਦਗੀ ਕੀ ਹੈ?

- ਜ਼ਿੰਦਗੀ ਨੂੰ ਜਜ਼ਬਿਆਂ ਦਾ ਭੰਡਾਰ ਕਿਹਾ ਜਾ ਸਕਦਾ ਹੈ।
- ਜ਼ਿੰਦਗੀ ਨੂੰ ਗਤੀਸ਼ੀਲ ਕਰਮਾਂ ਦੀ ਕਿਰਿਆ ਕਿਹਾ ਜਾ ਸਕਦਾ ਹੈ।
- ਜ਼ਿੰਦਗੀ ਨੂੰ ਸੰਵੇਦਨਸ਼ੀਲ ਚੇਤਨਾ ਦਾ ਪਾਠ ਕਿਹਾ ਜਾ ਸਕਦਾ ਹੈ।
- ਜ਼ਿੰਦਗੀ ਨੂੰ ਸੰਘਰਸ਼ਸ਼ੀਲ ਸਮਰੱਥਾ ਦੀ ਸੁੰਦਰਤਾ ਕਿਹਾ ਜਾ ਸਕਦਾ ਹੈ।
- ਜ਼ਿੰਦਗੀ ਨੂੰ ਰਚਨਾਤਮਿਕ ਗਤੀ ਕਿਹਾ ਜਾ ਸਕਦਾ ਹੈ।

ਇੱਥੇ ਆ ਕੇ ਇਕ ਦਮ ਅਧੋਗਤੀ ਵਰਗੀ ਚਿੰਤਾ ਸਾਡੇ ਆਪੇ ਦੇ ਆਲੇ-ਦੁਆਲੇ ਵਾ-ਵਰੋਲਿਆਂ ਵਾਂਗ ਘੁੰਮਣ-ਘੇਰੀਆਂ ਘੱਤਣ ਲੱਗ ਪੈਂਦੀ ਹੈ। ਵਾ-ਵਰੋਲਿਆਂ ਦੀਆਂ ਘੁੰਮਣ ਘੇਰੀਆਂ ਦੁਆਰਾ ਪੈਦਾ ਕੀਤੀਆਂ ਦਰਜਨਾਂ ਕਿਸਮ ਦੀਆਂ ਸਿਆਸੀ, ਸਮਾਜਿਕ ਸਭਿਆਚਾਰਕ, ਆਰਥਿਕ ਅਤੇ ਕਲਾਤਮਿਕ ਸਮੱਸਿਆਵਾਂ ਲੋਕਾਈ ਨੂੰ ਉਲਝਾਈ ਰੱਖਦੀਆਂ ਹਨ। ਇਸ ਕਿਸਮ ਦੀ ਉਲਝਣ ਅਧੋਗਤੀ ਵਿਚ ਵਾਧਾ ਕਰਦੀ ਰਹਿੰਦੀ ਹੈ।

- ਅਧੋਗਤੀ ਨੂੰ ਜਕੜ ਲਿਆ ਜਾ ਸਕਦਾ ਹੈ।
- ਖੜ੍ਹੋਤ ਨੂੰ ਅਧੋਗਤਾ ਕਿਹਾ ਜਾ ਸਕਦਾ ਹੈ।
- ਅਧੋਗਤੀ ਮਨੁੱਖ ਨੂੰ ਵਿਚਾਰਹੀਣ ਬਣਾਉਂਦੀ ਰਹਿੰਦੀ ਹੈ।
- ਅਧੋਗਤੀ ਕਾਰਨ ਰਚਨਾਤਮਿਕਤਾ, ਮੌਲਿਕਤਾ ਅਤੇ ਸਿਰਜਣਾਤਮਿਕਤਾ ਸਮਾਪਤ ਹੋਣ ਲੱਗ ਪੈਂਦੀ ਹੈ।
- ਅਧੋਗਤੀ ਅੰਧਕਾਰ ਪੈਦਾ ਕਰਨ ਲੱਗ ਪੈਂਦੀ ਹੈ।

ਅਧੋਗਤੀ ਦੁਆਰਾ ਕਈ ਕਿਸਮ ਦੇ ਵਿਰਾਮ ਚਿੰਨ੍ਹ ਉਤਪੰਨ ਹੋਣ ਲੱਗ ਪੈਂਦੇ ਹਨ। ਇਹ ਵਿਰਾਮ ਚਿੰਨ੍ਹ ਜ਼ਿੰਦਗੀ ਵਿਚਲੇ ਜੀਵਤ ਤੱਤਾਂ ਦਾ ਨਾਸ਼ ਕਰਨ ਲੱਗ ਪੈਂਦੇ ਹਨ।

ਇੰਝ ਜਿਉਂ-ਜਿਉਂ ਮਨੁੱਖੀ ਸੁਭਾਅ ਵਿਚੋਂ ਜੀਵਤ ਤੱਤ ਖ਼ਤਮ ਹੁੰਦੇ ਰਹਿੰਦੇ ਹਨ, ਤਿਉਂ-ਤਿਉਂ ਉਹ ਆਪਣੇ ਆਪੇ ਦੀ ਗਿਰਾਵਟ ਨੂੰ ਡਿੱਠ ਕਰਨ ਲੱਗ ਪੈਂਦਾ ਹੈ। ਗਿਰਾਵਟ ਨੂੰ ਅਣਡਿੱਠ ਕਰਨ ਵਾਲੀ ਲਾਹਨਤ ਨਾਲ ਆਦਮੀ ਹੀ ਨਹੀਂ ਸਿਆਸਤ, ਸਮਾਜ, ਸਮਾਂ ਅਤੇ ਮੁਲਕ ਵੀ ਬੇ-ਹਿਸਾਬ ਹੋਣ ਲੱਗ ਪੈਂਦਾ ਹੈ।

ਅੱਜ ਕੱਲ੍ਹ ਇਸ ਕਿਸਮ ਦੀਆਂ ਵੱਖ-ਵੱਖ ਸਾਰੀਆਂ ਬਦ-ਇਖ਼ਲਾਕੀਆਂ ਵਿਚ ਵਾਧਾ ਕਰਨਾ ਸ਼ੁਰੂ ਕੀਤਾ ਹੋਇਆ ਹੈ। ਆਰਥਿਕ ਮੰਦਹਾਲੀ ਨੂੰ ਆਰਥਿਕ ਬਦ-ਇਖ਼ਲਾਕੀ ਵੀ ਕਿਹਾ ਜਾ ਸਕਦਾ ਹੈ।

ਸੌ ਕਿਸਮ ਦੀਆਂ ਅਧੋਗਤੀਆਂ ਪ੍ਰਤੀ ਸੁਚੇਤ ਬਣਕੇ ਜ਼ਿੰਦਗੀ ਦੀ ਨੁਹਾਰ ਨੂੰ ਤੰਦਰੁਸਤੀ ਦੀ ਬਖਸ਼ਿਸ਼ ਬਖ਼ਸ਼ ਦੇਣਾ ਵਰਤਮਾਨ ਲਈ ਬੇਹੱਦ ਜ਼ਰੂਰੀ ਬਣਦਾ ਹੈ। ਇਸ ਕਰਤੱਵ ਨੂੰ ਅਣਡਿੱਠ ਕਿਉਂ ਕੀਤਾ ਜਾਵੇ? ਇਨ੍ਹਾਂ ਸਤਰਾਂ ਨੂੰ ਸਬਕ ਹੀ ਨਹੀਂ ਸੰਦੇਸ਼ ਵੀ ਸਮਝਿਆ ਜਾਣਾ ਚਾਹੀਦਾ ਹੈ। •

---

• ਤਰਸੇਮ ਲੰਡੇ, 9914586784

# ਅਸਲ ਜੀਵਨ ਦਾ ਆਨੰਦ

ਜੀਵਨ ਬਚਾਉਣ ਤੇ ਖ਼ੁਸ਼ਹਾਲ ਬਣਾਉਣ ਲਈ ਹਰਿਆਲੀ ਜ਼ਰੂਰੀ ਹੈ। ਵੈਸੇ ਵੀ ਹਰਿਆਲੀ ਨਾਲ ਕੁਦਰਤ ਸੋਹਦੀ ਹੈ। ਜੇ ਕੁਦਰਤ ਖ਼ੁਸ਼ ਹੈ ਤਾਂ ਸਾਡੇ ਮਨ ਨੂੰ ਖ਼ੁਸ਼ੀ ਮਿਲਦੀ ਹੈ। ਖ਼ੁਸ਼ ਰਹਿਣ ਨਾਲ ਸਰੀਰ ਤੰਦਰੁਸਤ ਤੇ ਨਿਰੋਗ ਰਹਿੰਦਾ ਹੈ। ਤੰਦਰੁਸਤ ਜੀਵਨ ਹੀ ਅਸਲ ਜੀਵਨ ਹੈ ਤਾਂ ਸਾਨੂੰ ਸਾਡੀ ਜ਼ਿੰਦਗੀ ਦਾ ਮੁੱਖ ਮਕਸਦ ਵੱਧ ਤੋਂ ਵੱਧ ਹਰਿਆਲੀ ਪੈਦਾ ਕਰ ਕੇ ਜਾਂ ਰੁੱਖ ਲਗਾ ਕੇ ਪੂਰਾ ਕਰਨਾ ਚਾਹੀਦਾ ਹੈ। ਇਹ ਹਰਿਆਲੀ ਦਾ ਸਾਡੇ ਸਰੀਰ ਨਾਲ ਕੁਦਰਤੀ ਸਬੰਧ ਹੈ।

ਹੁਣ ਦੂਸਰਾ ਤੱਥ ਇਹ ਹੈ ਕਿ ਰੁੱਖ ਮਨੁੱਖ ਨੂੰ ਆਕਸੀਜਨ ਦਿੰਦੇ ਹਨ ਤੇ ਕਾਰਬਨ ਡਾਈਅਕਸਾਈਡ ਜੋ ਮਨੁੱਖ ਛੱਡਦਾ ਹੈ ਉਸ ਨੂੰ ਪ੍ਰਾਪਤ ਕਰਦੇ ਹਨ। ਇਕ ਤਾਂ ਇਸ ਨਾਲ ਵਾਤਾਵਰਨ ਵਿਚ ਸੰਤੁਲਨ ਕਾਇਮ ਰਹਿੰਦਾ ਹੈ। ਦੂਸਰਾ ਆਕਸੀਜਨ ਦੀ ਬਹੁਤਾਤ ਨਾਲ ਉਸ ਨੂੰ ਸਾਹ ਲੈਣ ਵਿਚ ਸੌਖ ਰਹਿੰਦੀ ਹੈ। ਜਿਸ ਨਾਲ ਖ਼ੂਨ ਸ਼ੁੱਧ ਰਹਿੰਦਾ ਹੈ। ਸਾਫ਼ ਹਵਾ ਨਾਲ ਫੇਫੜੇ ਸਾਫ਼ ਰਹਿੰਦੇ ਹਨ। ਇਸਦਾ ਤਕਾਜ਼ਾ ਅਸੀਂ ਪਹਾੜਾਂ ਵਿਚ ਜਾ ਕੇ ਮਹਿਸੂਸ ਕਰਦੇ ਹਾਂ। ਜਿੱਥੇ ਵੱਖ-ਵੱਖ ਦਰੱਖ਼ਤਾਂ ਤੋਂ ਭਿੰਨੀ ਖ਼ੁਸ਼ਬੋ ਆਉਂਦੀ ਹੈ। ਛੋਟੇ-ਛੋਟੇ ਹੋਰ ਕਾਰਨਾਂ ਅਤੇ ਹਰਿਆਲੀ ਕਾਰਨ ਸਾਨੂੰ ਉੱਥੇ ਖ਼ੁਸ਼ੀ ਮਿਲਦੀ ਹੈ। ਰੁੱਖ ਬਾਰਸ਼ ਲਿਆਉਣ ਵਿਚ ਵੀ ਸਹਾਈ ਹੁੰਦੇ ਹਨ। ਵਰਖਾ ਦੀ ਸਹੀ ਮਾਤਰਾ ਨਾਲ ਫ਼ਸਲਾਂ ਦੀ ਝਾੜ ਸਮਰੱਥਾ ਵਿਚ ਵਾਧਾ ਹੁੰਦਾ ਹੈ। ਪਾਣੀ ਦਾ ਸਤਰ ਸਥਿਰ ਰਹਿੰਦਾ ਹੈ। ਹਰਿਆਲੀ ਵਿਚ ਵਾਧਾ ਹੁੰਦਾ ਹੈ। ਪਸ਼ੂ-ਪੰਛੀਆਂ ਦੀ ਚਹਿਕ-ਦਹਿਕ ਵਿਚ ਵਾਧਾ ਹੁੰਦਾ ਹੈ। ਆਲਾ ਦੁਆਲਾ ਨਸ਼ਿਆ ਜਾਂਦਾ ਹੈ, ਤਾਂ ਹੀ ਤਾਂ ਦੇਸੀ ਬਾਰ੍ਹਾਂ ਮਹੀਨਿਆਂ ਵਿੱਚੋਂ ਸਾਉਣ ਮਹੀਨੇ ਨੂੰ ਖ਼ੁਸ਼ੀਆਂ ਭਰਿਆ ਮੰਨਿਆ ਜਾਂਦਾ ਹੈ।



ਰੁੱਖ ਪੰਛੀਆਂ ਦੀਆਂ ਪਨਾਹਗਾਹਾਂ ਹਨ। ਸਾਨੂੰ ਬੈਠਣ ਲਈ ਥਾਂ ਤੇ ਮਾਣਨ ਲਈ ਛਾਂ ਦਿੰਦੇ ਹਨ। ਵੈਸੇ ਵੀ ਆਰਥਿਕ ਪੱਖ ਤੋਂ ਇਨ੍ਹਾਂ ਦੀ ਬੜੀ ਮਹੱਤਤਾ ਹੈ। ਬਹੁਤ ਸਾਰੇ ਉਦਯੋਗ ਇਨ੍ਹਾਂ ਉੱਪਰ ਅਧਾਰਿਤ ਹਨ। ਬਾਲਣ ਤੋਂ ਇਲਾਵਾ ਹੜ੍ਹਾਂ ਦੇ ਵੇਗ ਨੂੰ ਵੀ ਘਟਾਉਂਦੇ ਹਨ। ਇਸ ਤੋਂ ਇਲਾਵਾ ਇਨ੍ਹਾਂ ਦੇ ਨਿੱਕੇ-ਮੋਟੇ ਹੋਰ ਵੀ ਬਹੁਤ ਸਾਰੇ ਫ਼ਾਇਦੇ ਹਨ। ਅਸੀਂ ਦਿਨ-ਤਿਉਹਾਰਾਂ ਜਾਂ ਖ਼ੁਸ਼ੀਆਂ ਦੇ ਮੌਕਿਆਂ ਤੇ ਫਾਲਤੂ ਖ਼ਰਚ ਕਰਕੇ ਜਾਂ ਸਮਾਂ ਬਰਬਾਦ ਕਰਕੇ ਬੇਮਤਲਬ ਅਜਾਈਂ ਗਵਾਉਂਦੇ ਹਾਂ। ਜਿਵੇਂ ਪਟਾਕੇ ਚਲਾ ਕੇ, ਜਾਅਲੀ ਮਠਿਆਈਆਂ ਖਾ ਕੇ, ਨਸ਼ੇ ਕਰਕੇ ਜਾਂ ਹੋਰ ਫ਼ਜ਼ੂਲ ਖਰਚੇ ਨਾਲ ਇਹਨਾਂ ਨੂੰ ਮਨਾਉਂਦੇ ਹਾਂ। ਜਿਸ ਨਾਲ ਅਸੀਂ ਸਰੀਰ ਨੂੰ ਬਿਮਾਰੀਆਂ ਹੀ ਸਹੇੜ ਕੇ ਦਿੰਦੇ ਹਾਂ। ਇਸ ਤੋਂ ਵੱਧ ਅਜਿਹੇ ਤਰੀਕੇ ਨਾਲ ਖ਼ੁਸ਼ੀ ਮਨਾਉਣ ਦਾ ਕੋਈ ਫਾਇਦਾ ਨਹੀਂ ਹੁੰਦਾ।

ਤੁਸੀਂ ਕਿਸੇ ਨੂੰ ਕਿੰਨਾ ਵੀ ਹੱਥ ਚਟਾ ਕੇ ਦੇਖ ਲਉ। ਸਾਹਮਣੇ ਵਾਲੇ ਦੀ ਤਾਂ ਕਿਸੇ ਨਾ ਕਿਸੇ ਗੱਲੋਂ ਚੂਲ ਵਿੰਗੀ ਹੋ ਹੀ ਜਾਣੀ ਹੁੰਦੀ ਹੈ। ਜਦ ਜਹਾਨ ਦੇ ਹੈ ਹੀ ਦੋ ਪਾਸੇ ਦਿੰਦੇ ਹਨ ਤਾਂ ਅਜਿਹੇ ਕੰਮ ਕੀਤੇ ਜਾਣ ਜਿਸ ਨਾਲ ਕੋਈ ਫਾਇਦਾ ਵੀ ਹੋਵੇ। ਇਸ ਕਰ ਕੇ ਸਾਡਾ ਅਜਿਹੇ ਮੁੱਦਿਆਂ ਤੇ ਤਰਕ-ਵਿਤਰਕ ਨਾਲ ਸੋਚਣਾ ਨੈਤਿਕ ਫ਼ਰਜ਼ ਹੈ। ਭਲੇ ਪਾਸੇ ਸਰੀਰਕ ਊਰਜਾ ਲਗਾ ਕੇ ਹੀ ਅਸੀਂ ਪੜ੍ਹੇ-ਲਿਖੇ ਅਖਵਾ ਸਕਦੇ ਹਾਂ। •

---

• ਰਾਮਦਾਸ ਬੰਗੜ
9915353800

# ਕਦੇ ਸੁਣੇ ਨੀ ਪਰ ਨੈਣ ਬੋਲਦੇ ਨੇ

ਸਾਡੀ ਜ਼ਿੰਦਗੀ ਵਿਚ ਨੈਣਾਂ ਦੀ ਬੋਲੀ ਅਹਿਮ ਸਥਾਨ ਰੱਖਦੀ ਹੈ। ਇਹ ਇਕ ਵਿਲੱਖਣ ਭਾਸ਼ਾ ਹੈ, ਜੋ ਕਿਸੇ ਲਿਪੀ ਦੀ ਮੁਥਾਜ ਨਹੀਂ ਅਤੇ ਨਾ ਹੀ ਇਸ ਲਈ ਪੜ੍ਹੇ-ਲਿਖੇ ਜਾਂ ਅਨਪੜ੍ਹ ਹੋਣਾ ਮਾਅਨੇ ਰੱਖਦਾ ਹੈ। ਸੋਹਣੇ ਮੁਖੜੇ 'ਤੇ ਮਟਕਦੇ ਨੈਣ ਜਦੋਂ ਸ਼ਰਾਰਤੀ ਭਾਵ 'ਚ ਹੋਣ ਤਾਂ ਇਹ ਇਸ਼ਕ ਦੀ ਖੇਡ ਵੀ ਖੇਡ ਲੈਂਦੇ ਨੇ। ਦੁਨੀਆ ਦੀ ਭੀੜ 'ਚੋਂ ਆਪਣੇ ਦਿਲ ਦੇ ਮਹਿਰਮ ਨੂੰ ਪਛਾਣ ਕੇ ਮੁਹੱਬਤਾਂ ਦਾ ਸੱਦਾ ਵੀ ਦੇ ਦਿੰਦੇ ਨੇ ਅਤੇ ਜਦੋਂ ਮਨ ਤਲਖ਼ੀ ਵਿਚ ਹੋਵੇ ਤਾਂ ਇਹ ਨੈਣ ਸਾਡੇ ਰਹਖ ਨੂੰ ਬਿਆਨ ਕਰ ਦਿੰਦੇ ਹਨ। ਇਨ੍ਹਾਂ ਨੈਣਾਂ ਦਾ ਪਿਆਰ ਨਾਲ ਝਾਕਣਾ ਸੱਜਣ ਲਈ ਸ਼ਰਬਤ ਦਾ ਪਿਆਲਾ ਹੁੰਦਾ ਹੈ ਤੇ ਦੁਸ਼ਮਣ ਨੂੰ ਗੁੱਸੇ ਨਾਲ ਦੇਖਣਾ ਤਲਵਾਰ ਦੇ ਵਾਰ ਵਾਂਗ ਹੁੰਦਾ ਹੈ। ਇਹ ਨੈਣ ਬਿਨਾਂ ਰੌਲੇ-ਰੱਪੇ ਤੋਂ ਕਿਸੇ ਨੂੰ ਆਉਣ ਅਤੇ ਕਿਸੇ ਨੂੰ ਜਾਣ ਦਾ ਰਸਤਾ ਵਿਖਾਉਣ ਦੇ ਵੀ ਕਲਾਕਾਰ ਹਨ।

ਅਸੀਂ ਪੜ੍ਹੇ ਹੋਈਏ ਜਾਂ ਅਨਪੜ੍ਹ ਹੋਈਏ, ਪ੍ਰੰਤੂ ਸਾਡੇ ਨੈਣ ਆਪਣੀ ਭਾਸ਼ਾ ਨੂੰ ਕਦੇ ਨਹੀਂ ਭੁੱਲਦੇ, ਕਿਉਂਕਿ ਇਨ੍ਹਾਂ ਨੂੰ ਨਾ ਸ਼ਬਦਾਂ ਦੀ ਲੋੜ ਹੁੰਦੀ ਹੈ, ਨਾ ਤੁਕਬੰਦੀ ਦੀ, ਨਾ ਆਵਾਜ਼ ਦੀ। ਨੈਣਾਂ ਦੀ ਬੋਲੀ ਨੂੰ ਨਾ ਕੰਪਿਊਟਰ ਸਮਝ ਸਕਦਾ ਹੈ, ਨਾ ਰੋਬੋਟ ਸਮਝ ਸਕਦਾ ਹੈ। ਇਸ ਨੂੰ ਬਸ ਨੈਣ ਹੀ ਸਮਝ ਸਕਦੇ ਹਨ। ਨੈਣਾਂ ਦਾ ਦਿਲ ਨਾਲ ਗਹਿਰਾ ਰਿਸ਼ਤਾ ਜੁੜਿਆ ਹੋਇਆ ਹੈ। ਨੈਣ ਜਦੋਂ ਵੀ ਕਿਸੇ ਨੂੰ ਪਿਆਰ ਨਾਲ ਤੱਕ ਲੈਣ ਤਾਂ ਦਿਲਾਂ ਦੀ ਧੜਕਣ ਆਪ-ਮੁਹਾਰੇ ਤੇਜ਼ ਹੋ ਜਾਂਦੀ ਹੈ। ਕਿਸੇ ਦੇ ਅੰਦਰ ਰੂਹਾਨੀਅਤ ਹੋਵੇ, ਸ਼ੈਤਾਨੀਅਤ ਹੋਵੇ, ਮਾਸੂਮੀਅਤ ਹੋਵੇ ਜਾਂ ਫਿਰ ਇਸ਼ਕ ਦੀ ਕਰੂੰਬਲ ਫੁੱਟਦੀ ਹੋਵੇ। ਇਹ ਸਭ ਨੈਣਾਂ ਦੀ ਭਾਸ਼ਾ ਬਿਆਨ ਕਰ ਦਿੰਦੀ ਹੈ। ਸਾਡੇ ਸਭਿਆਚਾਰ, ਪੁਰਾਤਨ ਗੀਤ ਸੰਗੀਤ, ਲੋਕ ਬੋਲੀਆਂ ਇਸ ਗੱਲ ਦੇ ਗਵਾਹ ਹਨ ਕਿ ਜਦੋਂ ਨਾ ਪਾਠਸ਼ਾਲਾ ਹੁੰਦੀ ਸੀ, ਨਾ ਇੱਲ ਤੇ ਕੁੱਕੜ ਦਾ ਪਤਾ ਹੁੰਦਾ ਸੀ, ਉਦੋਂ ਪਿਆਰ ਦੀਆਂ ਚਿੱਠੀਆਂ ਦਾ ਕੰਮ ਨੈਣਾਂ ਦੀ ਬੋਲੀ ਪੂਰਾ ਕਰਿਆ ਕਰਦੀ ਸੀ। ਇਨ੍ਹਾਂ ਨੈਣਾਂ ਦੀ ਭਾਸ਼ਾ ਨੇ ਹੀ ਸੋਹਣੀ ਤੇ ਮਹੀਂਵਾਲ ਨੂੰ ਇਸ਼ਕ ਦੇ ਪਹਾੜੇ ਪੜ੍ਹਾ ਕੇ ਕੱਚੇ ਘੜੇ ਰਾਹੀਂ ਦਰਿਆ 'ਚ ਉਤਾਰ ਦਿੱਤਾ ਸੀ।



ਇਹ ਨੈਣਾਂ ਦੀ ਹੀ ਬੋਲੀ ਸੀ, ਜਿਨ੍ਹਾਂ ਦੀਆਂ ਗੱਲਾਂ ਨਾਲ ਲੈਲਾ-ਮਜਨੂੰ, ਹੀਰ-ਰਾਂਝਾ, ਸੱਸੀ-ਪੁੰਨੂ, ਮਿਰਜ਼ਾ-ਸਾਹਿਬਾਂ ਦੇ ਮੁਹੱਬਤਾਂ ਦੇ ਕਿੱਸੇ ਸਾਡੇ ਸਭਿਆਚਾਰ ਅਤੇ ਇਤਿਹਾਸ ਦਾ ਹਿੱਸਾ ਬਣ ਗਏ। ਇਕ ਅੱਖ ਖੋਲ੍ਹ ਕੇ ਤੇ ਦੂਜੀ ਨੂੰ ਦੱਬ ਕੇ ਰਫ਼ਲ ਦੀ ਗੋਲ਼ੀ ਵਾਂਗ ਵਾਰ ਕਰ ਜਾਣਾ ਇਸ਼ਕ ਦੀ ਹੀ ਖੋਜ ਰਹੀ ਹੋਵੇਗੀ। ਜੇਕਰ ਇਸ ਗੋਲ਼ੀ ਦਾ ਵਾਰ ਬਿਲੌਰੀ ਅੱਖਾਂ ਵੱਲੋਂ ਕੀਤਾ ਗਿਆ ਹੋਵੇ ਤਾਂ ਇਸ ਨੂੰ ਹੋਰ ਵੀ ਘਾਤਕ ਮੰਨਿਆ ਜਾਂਦਾ ਹੈ। ਨੈਣਾਂ ਦੀ ਬੋਲੀ ਨੂੰ ਲੋਕ ਗੀਤਾਂ ਤੇ ਲੋਕ ਬੋਲੀਆਂ ਵਿਚ ਆਪੋ-ਆਪਣੇ ਢੰਗਾਂ ਨਾਲ ਬਿਆਨ ਕੀਤਾ ਗਿਆ ਹੈ।

ਅੱਖਾਂ ਦੀ ਬੋਲੀ ਉੱਪਰ ਕਿਸੇ ਸ਼ਾਇਰ ਦੀਆਂ ਇਹ ਲਾਈਨਾਂ ਵੀ ਬਾਕਮਾਲ ਹਨ :

'ਆਂਖੇ ਨੀਚੀ ਹੁਈ ਤੋ ਹਯਾ ਬਨ ਗਈ
ਆਂਖੇ ਉਚੀ ਹੁਈ ਤੋ ਦੁਆ ਬਨ ਗਈ
ਆਂਖੇ ਉਠ ਕਰ ਝੁਕੀ ਤੋ ਅਦਾ ਬਨ ਗਈ
ਆਂਖੇ ਝੁਕ ਕਰ ਉਠੀ ਤੋ ਕਦਾ ਬਨ ਗਈ'

ਪਲਕਾਂ ਦਾ ਝੁਕਣਾ, ਸਾਹਮਣੇ ਖੜ੍ਹੇ ਨੈਣਾਂ ਦੇ ਪੜਾਕੂ ਨੂੰ ਦੱਸ ਦਿੰਦਾ ਹੈ ਕਿ ਤੈਨੂੰ ਮੁਹੱਬਤ ਦਾ ਸਲਾਮ ਹੈ, ਤੇਰੇ ਅੱਗੇ ਸਿਰ ਝੁਕ ਰਿਹਾ, ਤੇਰਾ ਸਵਾਗਤ ਹੈ। ਇਨ੍ਹਾਂ ਨੈਣਾਂ ਦਾ ਇਸ਼ਾਰਾ ਹੀ ਫਿਰ ਮੇਲ-ਮਿਲਾਪ ਕਰਨ ਦਾ ਸੱਦਾ ਦੇ ਦਿੰਦਾ ਹੈ। ਨੱਚਦੇ ਨੈਣ ਦੱਸ ਦਿੰਦੇ ਹਨ ਕਿ ਮਨ ਅੰਦਰ ਖ਼ੁਸ਼ੀਆਂ ਦੇ ਢੋਲ ਵੱਜ ਰਹੇ ਹਨ ਅਤੇ ਨੈਣਾਂ ਦਾ ਨੈਣਾਂ ਨਾਲ ਨਾ ਮਿਲਣਾ ਦਿਲਾਂ ਦੇ ਨਾਰਾਜ਼ ਹੋਣ ਦਾ ਸੁਨੇਹਾ ਵੀ ਦੇ ਦਿੰਦਾ ਹੈ। ਕਿਸੇ ਵੀ ਮਸਲੇ 'ਤੇ ਸਹਿਮਤ ਹੋਣਾ ਜਾਂ ਅਸਹਿਮਤ ਹੋਣਾ ਨੈਣ ਇਕ ਝਪਕ ਵਿਚ ਹੀ ਸਪੱਸ਼ਟ ਕਰ ਦਿੰਦੇ ਹਨ।

ਜਦੋਂ ਇਨ੍ਹਾਂ ਨੈਣਾਂ ਵਿਚ ਸਿੱਲ ਆ ਜਾਵੇ ਤਾਂ ਇਨ੍ਹਾਂ ਤੋਂ ਮਨ ਉਦਾਸ ਹੋਣ ਦਾ ਸੰਕੇਤ ਮਿਲ ਜਾਂਦਾ ਹੈ, ਪ੍ਰੰਤੂ ਇਨ੍ਹਾਂ ਨੈਣਾਂ 'ਚੋਂ ਜਦੋਂ ਪਾਣੀ ਵਗ ਪਵੇ ਤੇ ਹਉਕੇ ਉਸਦਾ ਸਾਥ ਦੇਣ ਲੱਗ ਪੈਣ ਤਾਂ ਅਨਰਥ ਹੋ ਜਾਣ ਭਾਵ ਪ੍ਰਗਟ ਕਰ ਦਿੰਦੇ ਹਨ। ਕਾਦਰ ਨੇ ਸਾਨੂੰ ਦੋ ਨੈਣ ਦੇ ਕੇ ਚੁੱਪ-ਚੁਪੀਤੇ ਬੋਲਣ ਦੀ ਮੁਹਾਰਤ ਬਖ਼ਸ਼ੀ ਹੈ। ਸੋ ਨੈਣਾਂ ਦੀ ਮਿੱਠੀ ਤੇ ਪਿਆਰੀ ਬੋਲੀ ਰਾਹੀਂ ਖ਼ੁਸ਼ੀਆਂ ਤੇ ਹਾਸੇ ਖੇੜੇ ਵੰਡਦੇ ਰਹੋ। •

---

# ਪੁਸਤਕ ਚਰਚਾ

'ਇਸਪਾਤੀ ਮਨੁੱਖ : ਉੱਜਲ ਦੁਸਾਂਝ' ਡਗਲਸ ਪੀ. ਵੈਲਬੈਂਕਸ ਦੁਆਰਾ ਲਿਖੀ ਅਤੇ ਪੰਜਾਬੀ ਦਾ ਬਹੁਪੱਖੀ ਲੇਖਕ ਕੇ.ਐੱਲ. ਗਰਗ ਦੁਆਰਾ ਅਨੁਵਾਦ ਕੀਤੀ ਪੁਸਤਕ ਹੈ ਜਿਸ ਵਿਚ ਉਜਲ ਦੁਸਾਂਝ ਦੀ ਜ਼ਿੰਦਗੀ ਅਤੇ ਕੈਨੇਡਾ ਵਿਚ ਉਸ ਦੁਆਰਾ ਕੀਤੇ ਕਾਰਨਾਂ ਬਾਰੇ ਵਿਸਥਾਰਪੂਰਬਕ ਦੱਸਿਆ ਗਿਆ ਹੈ। ਭਾਵੇਂ ਕਿ ਉੱਜਲ ਦੁਸਾਂਝ ਬਾਰੇ ਇਹ ਪੁਸਤਕ ਭਰਪੂਰ ਰੂਪ ਵਿਚ ਜਾਣਕਾਰੀ ਪ੍ਰਦਾਨ ਕਰਦੀ ਹੈ ਪਰ ਨਾਲ ਦੀ ਨਾਲ ਉਸ ਦੀ ਪਤਨੀ ਰੰਮੀ ਦੇ ਜੀਵਨ ਅਤੇ ਕੈਨੇਡਾ ਵਿਚ ਉਸ ਦੁਆਰਾ ਕੀਤੇ ਕੰਮਾਂ ਦੀ ਵੀ ਨਿਸ਼ਾਨਦੇਹੀ ਕਰਦੀ ਹੈ।

ਪੁਸਤਕ ਦੇ ਪਹਿਲੇ ਹਿੱਸੇ ਵਿਚ ਤਕਰੀਬਨ ਰੰਮੀ ਬਾਰੇ ਹੀ ਜਾਣਕਾਰੀ ਪ੍ਰਸਤੁਤ ਕੀਤੀ ਗਈ ਹੈ। ਉਸ ਦੀ ਪੜ੍ਹਾਈ, ਅਧਿਆਪਕੀ ਕਿੱਤੇ ਅਤੇ ਫਿਰ ਕੈਨੇਡਾ ਪਹੁੰਚਣ ਅਤੇ ਕੈਨੇਡਾ ਵਿਚ ਪਹੁੰਚਕੇ ਪੰਜਾਬੀ ਭਾਈਚਾਰੇ ਅਤੇ ਵਿਸ਼ੇਸ਼ ਕਰ ਕੇ ਔਰਤਾਂ ਦੇ ਹੱਕਾਂ ਲਈ ਕੀਤੇ ਕੰਮਾਂ ਬਾਰੇ ਵੀ ਪੁਸਤਕ ਵਿਚ ਜਾਣਕਾਰੀ ਦਿੱਤੀ ਗਈ ਹੈ। ਭਾਵੇਂ ਕਿ ਇਨ੍ਹਾਂ ਨੂੰ ਕਿਤੇ-ਕਿਤੇ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ। ਉੱਜਲ ਦੁਸਾਂਝ ਦੀ ਇਹ ਜੀਵਨੀ ਕੈਨੇਡਾ ਵਿਚ ਪੰਜਾਬੀ ਭਾਈਚਾਰੇ ਦੀਆਂ ਗਤੀਵਿਧੀਆਂ ਦਾ ਵਿਖਿਆਨ ਵੀ ਕਰਦੀ ਹੈ ਅਤੇ ਕੈਨੇਡਾ ਦੇ ਰਾਜਨੀਤਕ ਪਰੀਦ੍ਰਿਸ਼ ਨੂੰ ਪੇਸ਼ ਕਰਦੀ ਹੋਈ ਉੱਜਲ ਦੁਸਾਂਝ ਦੀ ਉੱਥੋਂ ਦੀ ਰਾਜਨੀਤੀ ਵਿਚ ਸ਼ਮੂਲੀਅਤ ਬਾਰੇ ਵੀ ਵਿਸਤ੍ਰਿਤ ਬਿਓਰਾ ਮੁਹੱਈਆ ਕਰਵਾਉਂਦੀ ਹੈ। ਇਹ ਜਾਣਕਾਰੀ ਤੱਥਾਤਮਕ ਰੂਪ ਵਿਚ ਪੇਸ਼ ਹੋਈ ਹੈ ਖ਼ਾਸ ਕਰ ਕੇ ਕੈਨੇਡਾ ਵਿਚ ਸਰਕਾਰ ਦੀ ਚੋਣ ਲਈ ਵੱਖ ਸਮੇਂ ਹੋਈਆਂ ਚੋਣਾਂ ਦਾ ਜਾਣਕਾਰੀ ਭਰਪੂਰ ਮਸਾਲਾ ਪੁਸਤਕ ਵਿਚ ਪੇਸ਼ ਹੋਇਆ ਮਿਲਦਾ ਹੈ। ਲੇਖਕ ਨੇ ਆਪਣੀ ਗੱਲ ਨੂੰ ਪ੍ਰਮਾਣਿਕ ਬਣਾਉਣ ਲਈ ਬਹੁਤੀਆਂ ਥਾਵਾਂ ਤੇ ਰੰਮੀ ਜਾਂ ਉੱਜਲ ਦੁਸਾਂਝ ਦੇ ਸ਼ਬਦਾਂ ਵਿਚ ਹੀ ਗੱਲ ਕਰਨ ਦੀ ਵਿਧੀ ਅਪਣਾਈ ਹੈ। ਇਸੇ ਤਰ੍ਹਾਂ ਕਈ ਹੋਰ ਵਿਅਕਤੀਆਂ ਦੇ ਸ਼ਬਦ ਵੀ ਹੂਬਹੂ ਪੇਸ਼ ਕੀਤੇ ਗਏ ਹਨ। ਬੇਸ਼ੱਕ ਦੁਸਾਂਝ ਨੂੰ ਜ਼ਿੰਦਗੀ 'ਚ ਭਾਰੀ ਔਕੜਾਂ ਤੇ ਪਾਰਟੀ ਦੇ ਅੰਦਰੂਨੀ ਵਿਰੋਧਾਂ ਦਾ ਸਾਹਮਣਾ ਕਰਨਾ ਪਿਆ ਪਰ ਉਸ ਨੇ ਦ੍ਰਿੜ ਇਰਾਦੇ ਨਾਲ ਕਾਮਯਾਬੀ ਹਾਸਲ ਕੀਤੀ। ਉਸ ਦੇ ਜੀਵਨ ਨਾਲ ਜੁੜੀਆਂ ਤਸਵੀਰਾਂ ਵੀ ਪੁਸਤਕ 'ਚ ਸ਼ਾਮਲ ਹਨ।




ਡਾ. ਫਕੀਰ ਜੋਤ ਭਾਵੇਂ ਪ੍ਰਸ਼ਾਸਨਿਕ ਅਧਿਕਾਰੀ ਹਨ ਪਰ ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਵੀ ਸਿਰਜਣਾਤਮਕ ਪਲਾਂ ਨੂੰ ਹੱਥੋਂ ਨਹੀਂ ਜਾਣ ਦਿੰਦੇ ਕਿਉਂਕਿ ਉਹ ਮਨੁੱਖ ਦੇ ਪ੍ਰਤੀਕੂਲ ਪ੍ਰਸਥਿਤੀਆਂ ਵਿਚ ਆਪਣੀ ਕਵਿਤਾ ਦੁਆਰਾ ਉਸ ਨੂੰ ਜੀਣ ਜੋਗਾ ਕਰਨ ਲਈ ਯਤਨਸ਼ੀਲ ਰਹਿੰਦੇ ਹਨ। ਇਥੇ ਹੀ ਉੱਦਮ ਵਿੱਚੋਂ ਉਨ੍ਹਾਂ ਦੀ ਕਾਵਿ-ਪੁਸਤਕ 'ਮੇਰੀ ਅਰਦਾਸ' ਦਾ ਜਨਮ ਹੋਇਆ ਹੈ। ਜਦੋਂ ਅਸੀਂ ਡਾ.ਫ਼ਕੀਰ ਜੋਤ ਦੇ ਕਾਵਿ-ਬਗ਼ੀਚੇ ਨੂੰ ਵਾਚਦੇ ਹਾਂ ਤਾਂ ਇਸ ਵਿੱਚੋਂ ਉਸ ਦੇ ਵਿਵਿਧ ਭਾਂਤੀ ਕਾਵਿ-ਰੰਗਾਂ ਦੇ ਦੀਦਾਰ ਹੁੰਦੇ ਹਨ ਉਹ ਆਪਣੀ ਕਵਿਤਾ ਵਿੱਚੋਂ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਹਮੇਸ਼ਾ ਹੀ ਦ੍ਰਿੜ ਵਿਸ਼ਵਾਸੀ ਮਨੁੱਖ ਕਿਸੇ ਵੀ ਮੰਜ਼ਿਲ ਨੂੰ ਸਰ ਕਰ ਸਕਦਾ ਹੈ ਇਸ ਦੇ ਵਿਪਰੀਤ ਧਰਮਾਂ-ਕਰਮਾਂ ਦੀਆਂ ਫ਼ਜ਼ੂਲ ਬਹਿਸਾਂ ਵਿਚ ਮਨੁੱਖ ਆਪਣੀ ਸਮਰਥਾ ਅਤੇ ਸੰਵੇਦਨਾ ਨੂੰ ਮਾਰ ਬੈਠਦਾ ਹੈ ਦੂਜਿਆਂ ਪ੍ਰਤੀ ਸ਼ੁਭ ਇੱਛਾ ਹੀ ਸਾਡੀ ਜ਼ਿੰਦਗੀ ਦਾ ਅਸਲ ਨਿਸ਼ਾਨਾ ਮਿੱਥਦੀ ਹੈ ਪਰ ਮਾਨਸਿਕ ਤੌਰ 'ਤੇ ਕਿਸੇ ਵੀ ਸਥਿਤੀ ਦਾ ਸਾਹਮਣਾ ਕਰਨਾ ਮਨੁੱਖੀ ਜ਼ਿੰਦਗੀ ਦੀ ਰਵਾਨਗੀ ਦੀ ਨਿਸ਼ਾਨੀ ਹੈ ਜਿਵੇਂ :

ਜਦੋਂ ਬੰਦਾ ਆਪਣੇ ਇਰਾਦਿਆਂ ਨੂੰ
ਆਕਾਸ਼ ਵਿਚ ਖਿਲਾਰਦਾ ਹੈ ਤਾਂ
ਰੱਬ ਨੂੰ ਵੀ ਆਪ ਆ ਕੇ
ਉਸ ਦਾ ਕੰਮ ਕਰਨਾ ਪੈਂਦਾ ਹੈ।

ਅਸਲ ਵਿਚ 'ਮੇਰੀ ਅਰਦਾਸ' ਪੁਸਤਕ ਦਾ ਜੇਕਰ ਕੇਂਦਰੀ ਥੀਮ ਦੇਖਿਆ ਜਾਵੇ ਤਾਂ ਉਹ ਇਹੀ ਹੈ ਕਿ ਸਾਂਝੀ ਮਨੁੱਖਤਾ ਸੁਖੀ ਵਸੇ, ਕਿਰਤ ਦੀ ਅਤੇ ਮਿਹਨਤ ਦੀ ਕਮਾਈ ਰੋਟੀ ਹੋਵੇ, ਨਵੀਆਂ ਰਾਹਾਂ 'ਤੇ ਤੁਰਨ ਦਾ ਜ਼ੇਰਾ ਹੋਵੇ ਅਤੇ ਮਨੁੱਖੀ ਰਿਸ਼ਤਿਆਂ ਦੀ ਕਦਰ ਹੋਵੇ ਇਹੀ ਕਵੀ ਦੀ ਅਰਦਾਸ ਹੈ। ਇਸ ਤੋਂ ਇਲਾਵਾ ਕਵੀ ਦੀ ਆਪਣੀ ਕਵਿਤਾ 'ਚ ਧੀਆਂ ਪ੍ਰਤੀ ਸਨੇਹ ਵੀ ਪੇਸ਼ ਹੋਇਆ ਭਾਵੇਂ ਕਿ ਉਸ ਦੀਆਂ ਧੀਆਂ ਲਾਡੋ ਅਤੇ ਧਰੁਵੀ ਦਾ ਜ਼ਿਕਰ ਹੈ ਪਰ ਇਹ ਧੀਆਂ ਨਿੱਜੀ ਤੋਂ ਸਮੂਹਿਕ ਰੂਪ 'ਚ ਧੀਆਂ ਪ੍ਰਤੀ ਸੁਚੱਜੀ ਅਤੇ ਸਕਾਰਾਤਮਕ ਰੂਪ 'ਚ ਸਾਹਮਣੇ ਆਉਂਦੀਆਂ ਹਨ। ਮਾਨਵੀ ਕਦਰਾਂ-ਕੀਮਤਾਂ ਦੀ ਹਾਮੀ ਭਰਦੀ ਇਹ ਕਾਵਿ ਪੁਸਤਕ ਚੰਗਾ ਉਪਰਾਲਾ ਹੈ।




• ਸਰਦੂਲ ਸਿੰਘ ਔਜਲਾ

ਇੱਕੋ ਸਮੇਂ ਕਹਾਣੀ, ਵਿਅੰਗ, ਕਵਿਤਾ, ਸਵੈਜੀਵਨੀ ਅਤੇ ਲੇਖ ਵਿਧਾ ਤੇ ਕਲਮ ਅਜ਼ਮਾਈ ਕਰਨ ਵਾਲੇ ਬਹੁਵਿਧਾਵੀ ਲੇਖਕ ਗੁਰਮੇਲ ਸਿੰਘ ਚੌਂਡੇ ਦਾ ਨਵਾਂ ਲੇਖ ਸੰਗ੍ਰਹਿ 'ਗੁਰੂ ਗੋਬਿੰਦ ਸਿੰਘ ਤੇ ਅਸੀ ' ਪਾਠਕਾਂ ਤੀਕ ਪੁੱਜਾ ਹੈ। ਇਸ ਵਿਚ ਕੁਲ 16 ਲੇਖ ਦਰਜ ਹਨ। ਇਨ੍ਹਾਂ ਵਿਚ ਲੇਖਕਾਂ ਦੇ ਦੋਗਲੇ ਵਿਵਹਾਰ, ਅੰਗਹੀਣਾਂ ਦੇ ਸਵੈਮਾਨ ਦੀ ਬਾਤ, ਸਿੱਖਿਆ ਪ੍ਰਤੀ ਸਰਕਾਰਾਂ ਦਾ ਨਾਂਹ-ਪੱਖੀ ਰਵਈਆ, ਗ਼ਦਰ ਸਮੇਂ ਦੀ ਲੋੜ, ਕੁਦਰਤੀ ਸਾਧਨਾਂ ਦੀ ਲੁੱਟ, ਮੋਬਾਈਲ ਨੈੱਟ ਰਾਹੀ ਨਵੀਂ ਪੀੜ੍ਹੀ ਦਾ ਘਾਣ, ਪੰਜਾਬ ਤੇ ਕਸ਼ਮੀਰ ਵਿਚਲਾ ਦੁਖਾਂਤ, ਸਿਆਸੀ ਪੈਂਤੜੇਬਾਜ਼ੀ, ਹਨੇਰੇ ਪਈ ਜਵਾਨੀ, ਨਸ਼ਿਆਂ ਨਾਲ ਗਰਕ ਹੁੰਦਾ ਸਮਾਜ, ਸਿੱਖਿਆ ਦਾ ਵਪਾਰੀਕਰਨ, ਫੋਕੀ ਚੌਧਰਬਾਜ਼ੀ ਵਿਚ ਗਲਤਾਨ ਮਾਨਸਿਕਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿੱਖਿਆਵਾਂ ਪ੍ਰਤੀ ਸਮਾਜ ਦੇ ਹਰੇਕ ਵਰਗ ਵਲੋਂ ਉਪਰਾਮਤਾ ਦਾ ਦੁਖਾਂਤ ਆਦਿ ਨੂੰ ਵਿਸ਼ੇ ਬਣਾਇਆ ਗਿਆ ਹੈ।

ਲੇਖਕ ਅੱਜ ਦੀ ਨਿਘਰੀ ਹੋਈ ਵਿਵਸਥਾ 'ਤੇ ਸਵਾਲ-ਦਰ-ਸਵਾਲ ਖੜ੍ਹੇ ਕਰਦਾ ਹੈ। ਪਰਸਥਿਤੀਆਂ ਦਾ ਪੋਸਟਮਾਰਟਮ ਕਰਦਾ ਹੈ, ਵਿਅੰਗ ਦੇ ਤਿੱਖੇ ਨਸ਼ਤਰ ਨਾਲ। ਉਹ ਸਮਾਜ ਦੇ ਉਸ ਹਰ ਤਬਕੇ ਦੇ ਵਿਅਕਤੀ ਨੂੰ ਲਾਹਣਤਾਂ ਪਾਉਂਦਾ ਹੈ ਜੋ ਅਜੋਕੇ ਹਾਲਾਤ ਲਈ ਭਾਵੇਂ ਅਸਿੱਧੇ ਤੌਰ 'ਤੇ ਭਾਗੀਦਾਰ ਹੈ ਅਤੇ ਸਭ ਕੁਝ ਮੂਕ ਦਰਸ਼ਕ ਬਣ ਕੇ ਤਮਾਸ਼ਬੀਨੀ ਕਰ ਰਿਹਾ ਹੈ।ਲੇਖਕ ਪਾਸ ਢੁੱਕਵੇਂ ਇਤਿਹਾਸਕ, ਸਾਹਿਤਕ, ਧਾਰਮਿਕ ਕਥਨ ਤੇ ਹਵਾਲੇ ਹਨ। ਸਮਾਜ ਦੇ ਰਾਹ ਦਸੇਰਿਆਂ ਲੇਖਕਾਂ ਸਿਆਸਤਦਾਨਾਂ ਨੂੰ ਕਰੜੇ ਹੱਥੀ ਲਿਆ ਹੈ। ਲੇਖਕ ਨੇ ਪੰਜਾਬ ਵਾਸੀਆਂ ਦੀ ਅਚੇਤ ਹੁੰਦੀ ਜਾਂਦੀ ਚੇਤਨਾ ਨੂੰ ਹਲੂਣਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਅਸੰਵੇਦਨਹੀਣ ਹੁੰਦੀ ਜਾ ਰਹੀ ਨਿੱਜੀ ਲਾਭ ਲਈ ਸਵਾਰਥੀ ਹੁੰਦੀ ਜਾ ਰਹੀ ਲੁਕਾਈ ਦੀ ਸੰਵੇਦਨਾ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਲੇਖ ਲੋਕ ਚੇਤਨਾ ਨੂੰ ਉਸਾਰਨ ਤੇ ਉਭਾਰਨ ਲਈ ਸਾਰਥਕ ਉਪਰਾਲਾ ਹਨ।




• ਡਾ. ਧਰਮ ਪਾਲ ਸਾਹਿਲ

ਹੱਥਲੀ ਪੁਸਤਕ ਜਗਦੇਵ ਸਿੰਘ ਘੁੰਗਰਾਲੀ ਦੀ ਪੰਜਵੀ ਪੁਸਤਕ ਹੈ। ਇਸ ਕਹਾਣੀ-ਸੰਗ੍ਰਹਿ 'ਚ ਉਸ ਨੇ ਆਮ ਵਿਅਕਤੀ ਦੇ ਜੀਵਨ ਸੰਘਰਸ਼, ਮਜਬੂਰੀਆਂ, ਅਗਿਆਨਤਾ, ਸਵਾਰਥੀ ਸੋਚ ਤੇ ਲੋਟੂ ਨਿਜ਼ਾਮ ਦਾ ਸਾਫ਼ ਸਪੱਸ਼ਟ ਸ਼ਬਦਾਂ ਵਿਚ ਖੁਲਾਸਾ ਕੀਤਾ ਹੈ। ਜਿੰਨੇ ਵੀ ਵਿਸ਼ੇ ਜਗਦੇਵ ਸਿੰਘ 'ਘੁੰਗਰਾਲੀ' ਨੇ ਛੋਹੇ ਹਨ ਬਾਖੂਬੀ ਨਿਭਾਏ ਵੀ ਹਨ। ਸਮਾਜ ਦੀ ਉੱਘੜਦੀ ਸੋਚ ਨੂੰ ਹਲੂਣਦੀਆਂ ਕਹਾਣੀਆਂ ਲੇਖਕ ਦੀ ਵਿਸ਼ਾਲ ਅਤੇ ਗੰਭੀਰ ਸੋਚ ਦੀ ਸ਼ਾਹਦੀ ਭਰਦੀਆਂ ਹਨ। ਪੁਸਤਕ ਦੀ ਟਾਈਟਲ ਕਹਾਣੀ 'ਅੱਤਵਾਦੀ' ਉਨ੍ਹਾਂ ਅੱਤਵਾਦੀਆਂ ਦੀ ਕਹਾਣੀ ਨਹੀਂ ਹੈ ਜੋ ਕਿਸੇ ਵੀ ਕੌਮ ਦੇ ਬੇਕਸੂਰ ਨਿਹੱਥੇ ਲੋਕਾਂ ਦਾ ਖ਼ੂਨ ਵਹਾਉਂਦੇ ਹਨ ਬਲਕਿ ਇਹ ਕਹਾਣੀ ਰਿਸ਼ਤਿਆਂ ਦੀ ਪ੍ਰੀਭਾਸ਼ਾ ਵਿਗਾੜਨ ਵਾਲੇ ਅਤੇ ਸਮਾਜਕ ਤੇ ਨੈਤਿਕ ਕਦਰਾਂ ਕੀਮਤਾਂ ਦਾ ਘਾਣ ਕਰਨ ਵਾਲੇ ਅਕ੍ਰਿਤਘਣ ਲੋਕਾਂ ਦੇ ਮੂੰਹ ਉੱਤੇ ਮਾਰੀ ਚਪੇੜ ਵਰਗੀ ਹੈ ਜੋ ਆਧੁਨਿਕਤਾ ਦੇ ਨਾਂ ਉੱਤੇ ਜ਼ਿਹਨੀ ਅੱਤਵਾਦ ਫੈਲਾਉਂਦੇ ਹਨ।

'ਅਣਹੋਣੀ' ਕਹਾਣੀ 'ਚ ਲੇਖਕ ਲੋਕਾਂ ਨੂੰ ਡੇਰਾਵਾਦ ਦੀ ਦਲਦਲ ਵਿੱਚੋਂ ਬਾਹਰ ਕੱਢਣ ਲਈ ਯਤਨਸ਼ੀਲ ਹੈ। ਕਹਾਣੀ 'ਓਪਰੇ ਬੰਦੇ' ਦਾ ਸੂਝਵਾਨ ਤੇ ਪ੍ਰੇਮ ਭਰਿਆ ਮਨ ਰੱਖਣ ਵਾਲਾ ਨਾਇਕ ਅਖੌਤੀ ਆਪਣਿਆਂ ਦੇ ਮਾੜੇ ਕਾਰਨਾਮੇ ਉੱਤੇ ਪਰਦਾ ਪਾਉਣ ਲਈ ਉਸ ਨੂੰ ਓਪਰਾ ਕਹਿ ਕੇ ਰਿਸ਼ਤਿਆਂ ਵਿਚ ਤ੍ਰੇੜ ਪੈਣ ਤੋਂ ਬਚਾਉਂਦਾ ਹੈ। ਆਮ ਜਨਜੀਵਨ ਦੇ ਸਰੋਕਾਰਾਂ ਨਾਲ ਜੁੜੀਆਂ ਕਹਾਣੀਆਂ ਵਿੱਚੋਂ 'ਕਿਰਨਾਂ' ਕਹਾਣੀ ਇੱਕੀਵੀਂ ਸਦੀ ਦੇ ਜਾਗਰੂਕ ਯੁੱਗ ਵਿਚ ਮੱਧ ਕਾਲ ਦੀ ਯਾਦ ਦਿਵਾਉਂਦੀ ਹੋਈ ਦੱਸਦੀ ਹੈ ਕਿ ਅਜੇ ਵੀ ਆਮ ਔਰਤ ਦੀ ਦਸ਼ਾ ਵਿਚ ਕੋਈ ਬਹੁਤਾ ਫ਼ਰਕ ਨਹੀਂ ਪਿਆ। ਸਮਾਜਕ ਬੰਧਨਾਂ ਵਿਚ ਬੰਨ੍ਹਿਆ ਉਸ ਦਾ ਅਧਿਆਪਕ ਚਾਹੁੰਦਾ ਹੋਇਆ ਵੀ ਉਸ ਦੀ ਮਦਦ ਨਹੀਂ ਕਰ ਸਕਦਾ ਤੇ ਇਕ ਬੇਵਸ ਕੁੜੀ ਅੰਦਰ ਛੁਪੀ ਹੋਈ ਪ੍ਰਤਿਭਾ ਸਹਿਕਦੀ ਹੋਈ ਦਮ ਤੋੜ ਜਾਂਦੀ ਹੈ। 'ਮਾਇਆ' ਕਹਾਣੀ ਅੱਜ ਦੇ ਭੇਖੀ ਲੋਕਾਂ ਤੇ ਬਾਬਿਆਂ ਦੇ ਪਾਜ ਉਧੇੜਦੀ ਹੈ। ਪੁਸਤਕ ਦੀ ਸ਼ਬਦਾਵਲੀ ਸਰਲ ਤੇ ਸਮਝ ਆਉਣ ਵਾਲੀ ਹੈ। ਕਹਾਣੀ ਪੜ੍ਹਦਿਆਂ ਮਨ ਉਕਤਾਉਂਦਾ ਨਹੀਂ।




• ਪਰਮਜੀਤ ਕੌਰ ਸਰਹਿੰਦ

# ਲੋਕ ਨਿਰਮਾਣ ਵਿਭਾਗ ਨੇ ਬਜਟ ਵਿੱਚ 46% ਵਾਧੇ ਸਦਕਾ ਸਾਲ 2024 ਵਿੱਚ ਅਹਿਮ ਮੀਲ ਪੱਥਰ ਸਥਾਪਤ ਕੀਤੇ: ਹਰਭਜਨ ਸਿੰਘ ਈਟੀਓ

**➢ ਵਿਭਾਗ ਨੇ ਵਿੱਤੀ ਵਰ੍ਹੇ 2024-25 ਲਈ ਮਿਥੀਆਂ 740 ਕਿਲੋਮੀਟਰ ਯੋਜਨਾ ਸੜਕਾਂ ਵਿੱਚੋਂ 643 ਕਿਲੋਮੀਟਰ ਦਾ ਕੰਮ ਕੀਤਾ ਮੁਕੰਮਲ: ਲੋਕ ਨਿਰਮਾਣ ਮੰਤਰੀ ➢ ਪਟਿਆਲਾ-ਸਰਹਿੰਦ ਮਾਰਗ ਦੀ 4-ਲੇਨਿੰਗ ਦਾ ਕੰਮ ਸ਼ੁਰੂ, ਖੇਤਰੀ ਸੰਪਰਕ ਨੂੰ ਮਿਲੇਗਾ ਹੁਲਾਰਾ**

**ਚੰਡੀਗੜ੍ਹ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਲੋਕ ਨਿਰਮਾਣ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਅੱਜ ਇਥੇ ਦੱਸਿਆ ਨੂੰ ਕਿ ਲੋਕ ਨਿਰਮਾਣ ਵਿਭਾਗ (ਪੀ.ਡਬਲਯੂ.ਡੀ) ਨੇ ਸਾਲ 2024 ਵਿੱਚ ਬਜਟ ਪ੍ਰਬੰਧਾਂ ਵਿੱਚ 46 ਪ੍ਰਤੀਸ਼ਤ ਦੇ ਵਾਧੇ ਕਾਰਨ, ਜੋ ਪਿਛਲੇ ਸਾਲ 1425.76 ਕਰੋੜ ਰੁਪਏ ਤੋਂ ਵੱਧ ਕੇ ਵਿੱਤੀ ਸਾਲ 2024-25 ਲਈ 2072 ਕਰੋੜ ਰੁਪਏ ਹੋ ਗਿਆ, ਬਹੁਤ ਸਾਰੇ ਪ੍ਰੋਜੈਕਟਾਂ ਨੂੰ ਸਫਲਤਾਪੂਰਵਕ ਚਲਾਇਆ ਹੈ।

ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਕਿਹਾ ਕਿ ਫੰਡਿੰਗ ਵਿੱਚ ਇਸ ਮਹੱਤਵਪੂਰਨ ਵਾਧੇ ਨੇ ਵਿਭਾਗ ਨੂੰ ਸਾਲ 2024-25 ਦੌਰਾਨ 740 ਕਿਲੋਮੀਟਰ ਯੋਜਨਾ ਵਾਲੀਆਂ ਸੜਕਾਂ 'ਤੇ 560 ਕਰੋੜ ਰੁਪਏ ਖਰਚਣ ਦੀ ਯੋਜਨਾ ਬਣਾਉਣ ਦੇ ਯੋਗ ਬਣਾਇਆ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ 367.53 ਕਰੋੜ ਰੁਪਏ ਦੀ ਲਾਗਤ ਨਾਲ 643 ਕਿਲੋਮੀਟਰ ਯੋਜਨਾ ਸੜਕਾਂ, ਜੋ ਮਹੱਤਵਪੂਰਨ ਅੰਤਰ-ਰਾਜੀ ਅਤੇ ਅੰਤਰ-ਜ਼ਿਲ੍ਹਾ ਸੰਪਰਕ ਪ੍ਰਦਾਨ ਕਰਦੀਆਂ ਹਨ, ਨੂੰ ਪੂਰਾ ਕਰ ਲਿਆ ਗਿਆ ਹੈ ਅਤੇ ਬਾਕੀ 'ਤੇ ਕੰਮ ਜਾਰੀ ਹੈ।

ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ ਇਨ੍ਹਾਂ ਸੜਕਾਂ ਦੀ ਚੋਣ ਇੱਕ ਪਾਰਦਰਸ਼ੀ ਪ੍ਰਕਿਰਿਆ ਰਾਹੀਂ ਕੀਤੀ ਗਈ ਹੈ ਜਿਸ ਦੌਰਾਨ ਰਾਜ ਦੀਆਂ ਸਾਰੀਆਂ ਯੋਜਨਾ ਸੜਕਾਂ ਦਾ ਵਿਆਪਕ ਸਰਵੇਖਣ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁਕੰਮਲ ਹੋ ਚੁੱਕੀਆਂ ਮੁੱਖ ਸੜਕਾਂ ਵਿੱਚ ਲੁਧਿਆਣਾ-ਮਾਲੇਰਕੋਟਲਾ-ਸੰਗਰੂਰ (ਸਟੇਟ ਹਾਈਵੇ-11), ਲੁਧਿਆਣਾ ਦੱਖਣੀ ਬਾਈਪਾਸ, ਸਰਦੂਲਗੜ੍ਹ-ਮਾਨਸਾ ਰੋਡ ਤੋਂ ਤਲਵੰਡੀ ਸਾਬੋ ਵਾਇਆ ਜਟਾਣਾ ਕਲਾਂ-ਕੁਸਲਾ ਅਤੇ ਪਟਿਆਲਾ-ਗੂਲ੍ਹਾ ਚੀਕਾ ਰੋਡ ਸ਼ਾਮਲ ਹਨ।

ਇਸ ਤੋਂ ਇਲਾਵਾ, ਭਵਾਨੀਗੜ੍ਹ-ਨਾਭਾ-ਗੋਬਿੰਦਗੜ੍ਹ, ਰੂਪਨਗਰ-ਸ਼੍ਰੀ ਚਮਕੌਰ ਸਾਹਿਬ-ਨੀਲੋਂ-ਦੋਰਾਹਾ, ਅਤੇ ਬਠਿੰਡਾ-ਤਲਵੰਡੀ-ਰੋੜੀ-ਸਰਦੂਲਗੜ੍ਹ ਵਰਗੇ ਕਈ ਸੜਕੀ ਕੰਮ ਮੁਕੰਮਲ ਹੋਣ ਦੇ ਨੇੜੇ ਹਨ।



ਸਾਰੀਆਂ ਵਿਧਾਨਕ ਪ੍ਰਵਾਨਗੀਆਂ ਤੋਂ ਬਾਅਦ ਪਟਿਆਲਾ-ਸਰਹਿੰਦ ਸੜਕ ਦੇ 4-ਮਾਰਗੀ ਕੰਮ ਦੀ ਸ਼ੁਰੂਆਤ ਬਾਰੇ ਚਾਨਣਾ ਪਾਉਂਦਿਆਂ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਦੱਸਿਆ ਕਿ ਇਸ ਪ੍ਰੋਜੈਕਟ ਦਾ ਐਲਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਟਿਆਲਾ ਵਿਖੇ ਵਿਉਪਾਰ ਮਿਲਨੀ ਦੌਰਾਨ ਕੀਤਾ ਸੀ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਨਾਲ ਖੇਤਰ ਵਿੱਚ ਆਵਾਜਾਈ ਦੇ ਪ੍ਰਵਾਹ ਅਤੇ ਸੰਪਰਕ ਵਿੱਚ ਕਾਫੀ ਸੁਧਾਰ ਹੋਣ ਦੀ ਉਮੀਦ ਹੈ।

ਆਵਾਜਾਈ ਦੇ ਨਿਰਵਿਘਨ ਵਹਾਅ ਨੂੰ ਯਕੀਨੀ ਬਣਾਉਣ ਲਈ ਕੀਤੇ ਗਏ ਯਤਨਾਂ ਦਾ ਖੁਲਾਸਾ ਕਰਦੇ ਹੋਏ, ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ ਵਿਭਾਗ ਵੱਲੋਂ 532.50 ਕਰੋੜ ਰੁਪਏ ਦੀ ਲਾਗਤ ਨਾਲ 33 ਰੋਡ ਓਵਰ ਬ੍ਰਿਜ, ਰੋਡ ਅੰਡਰ ਬ੍ਰਿਜ, ਅਤੇ ਯੋਜਨਾ ਸੜਕਾਂ 'ਤੇ ਵੱਡੇ ਪੁਲਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਭਾਗ ਨੇ ਅਗਲੇ ਵਿੱਤੀ ਸਾਲ 2025-26 ਵਿੱਚ 2056 ਕਿਲੋਮੀਟਰ ਯੋਜਨਾ ਸੜਕਾਂ 'ਤੇ 1967 ਕਰੋੜ ਰੁਪਏ ਖਰਚਣ ਦਾ ਪ੍ਰਸਤਾਵ ਤਿਆਰ ਕੀਤਾ ਹੈ।

ਰਾਜ ਦੇ ਸਿਹਤ ਸੰਭਾਲ ਬੁਨਿਆਦੀ ਢਾਂਚੇ ਨੂੰ ਵਧਾਉਣ ਵਿੱਚ ਵਿਭਾਗ ਦੇ ਯੋਗਦਾਨ ਬਾਰੇ ਜਾਣਕਾਰੀ ਦਿੰਦਿਆਂ ਕੈਬਿਨਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਲੋਕ ਨਿਰਮਾਣ ਵਿਭਾਗ ਨੇ 80 ਕਰੋੜ ਰੁਪਏ ਦੀ ਲਾਗਤ ਨਾਲ 400 ਆਮ ਆਦਮੀ ਕਲੀਨਿਕਾਂ ਦਾ ਨਿਰਮਾਣ ਪੂਰਾ ਕੀਤਾ ਹੈ, ਜੋ ਹੁਣ ਕਾਰਜਸ਼ੀਲ ਹਨ ਅਤੇ ਲੋਕਾਂ ਦੀ ਸੇਵਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਅਤੇ ਕਪੂਰਥਲਾ ਵਿੱਚ ਮੈਡੀਕਲ ਕਾਲਜ ਬਣਾਉਣ ਲਈ ਟੈਂਡਰ ਮੰਗੇ ਜਾ ਰਹੇ ਹਨ। ਇਸ ਤੋਂ ਇਲਾਵਾ, ਸਿਵਲ ਹਸਪਤਾਲਾਂ ਵਿੱਚ 370 ਕਰੋੜ ਰੁਪਏ ਦੀ ਲਾਗਤ ਨਾਲ 18 ਕ੍ਰਿਟੀਕਲ-ਕੇਅਰ ਬਲਾਕ ਅਤੇ 18 ਏਕੀਕ੍ਰਿਤ ਪਬਲਿਕ ਹੈਲਥ ਲੈਬਾਰਟਰੀਆਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ।

ਵਿਦਿਅਕ ਢਾਂਚੇ ਦੀ ਮਜ਼ਬੂਤੀ ਨੂੰ ਲੋਕ ਨਿਰਮਾਣ ਵਿਭਾਗ ਦੀ ਪਹਿਲ ਦੱਸਦਿਆਂ ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ ਵਿਭਾਗ ਵੱਲੋਂ 19 'ਸਕੂਲ ਆਫ਼ ਐਮਿਨੇਂਸ' ਦੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕੀਤਾ ਜਾ ਰਿਹਾ ਹੈ, ਜਿਨ੍ਹਾਂ ਵਿੱਚੋਂ 10 ਸਕੂਲਾਂ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਬਾਕੀ ਸਕੂਲਾਂ ਲਈ ਕੰਮ ਜਾਰੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਇਸ ਉਪਰਾਲੇ ਦਾ ਉਦੇਸ਼ ਸੂਬੇ ਭਰ ਦੇ ਵਿਦਿਆਰਥੀਆਂ ਨੂੰ ਉੱਚ ਪੱਧਰੀ ਸਿੱਖਿਆ ਸਹੂਲਤਾਂ ਪ੍ਰਦਾਨ ਕਰਨਾ ਹੈ।

ਲੋਕ ਨਿਰਮਾਣ ਮੰਤਰੀ ਨੇ ਇਹ ਵੀ ਦੱਸਿਆ ਕਿ ਰਾਜ ਦੀਆਂ ਸੜਕਾਂ 'ਤੇ ਬਿਨਾਂ ਕਿਸੇ ਰੁਕਾਵਟ ਦੇ ਸਫ਼ਰ ਨੂੰ ਯਕੀਨੀ ਬਣਾਉਣ ਲਈ 18 ਟੋਲ ਪਲਾਜ਼ਿਆਂ 'ਤੇ ਟੋਲ ਵਸੂਲੀ ਬੰਦ ਕਰ ਦਿੱਤੀ ਗਈ ਹੈ, ਜਿਸ ਨਾਲ ਯਾਤਰੀਆਂ ਨੂੰ ਸਾਲ ਦੌਰਾਨ 225 ਕਰੋੜ ਰੁਪਏ ਦਾ ਲਾਭ ਹੋਇਆ ਹੈ।

ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਆਉਂਦੇ ਸਾਲਾਂ ਵਿੱਚ ਵੀ ਬੁਨਿਆਦੀ ਢਾਂਚੇ ਅਤੇ ਜਨਤਕ ਸੇਵਾਵਾਂ ਵਿੱਚ ਸੁਧਾਰ ਲਈ ਵਿਭਾਗ ਦੇ ਯਤਨ ਜਾਰੀ ਰਹਿਣਗੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ 2024 ਵਿੱਚ ਲੋਕ ਨਿਰਮਾਣ ਵਿਭਾਗ ਦੀਆਂ ਪ੍ਰਾਪਤੀਆਂ ਵਿਭਾਗ ਦੇ ਅਧਿਕਾਰੀਆਂ ਅਤੇ ਸਟਾਫ਼ ਦੀ ਲਗਨ ਅਤੇ ਮਿਹਨਤ ਦਾ ਪ੍ਰਮਾਣ ਹਨ। ਲੋਕ ਨਿਰਮਾਣ ਮੰਤਰੀ ਨੇ ਸੂਬੇ ਦੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਲੋਕ ਵਿਭਾਗ ਇੱਕ ਬਿਹਤਰ ਅਤੇ ਖੁਸ਼ਹਾਲ ਪੰਜਾਬ ਦੀ ਉਸਾਰੀ ਲਈ ਆਪਣੇ ਮਿਸ਼ਨ ਵਿੱਚ ਡਟਿਆ ਰਹੇਗਾ।

## ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਸਮੂਹ ਐਸ.ਡੀ.ਐਮ ਨੂੰ ਇੰਤਕਾਲ ਦੇ ਲੰਬਿਤ ਪਏ ਮਾਮਲਿਆਂ ਨੂੰ ਜਲਦ ਤੋਂ ਜਲਦ ਨਿਪਟਾਉਣ ਦੇ ਦਿੱਤੇ ਨਿਰਦੇਸ਼



**ਰੂਪ ਨਗਰ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਲ ਵਿਭਾਗ ਦੇ ਸੰਬਧਿਤ ਲੰਬਿਤ ਪਏ ਜ਼ਮੀਨਾਂ ਦੇ ਇੰਤਕਾਲ ਦੇ ਮਾਮਲਿਆਂ ਨੂੰ ਨਿਪਟਾਉਣ ਦੇ ਮੰਤਵ ਨਾਲ ਡਿਪਟੀ ਕਮਿਸ਼ਨਰ ਰੂਪਨਗਰ ਸ਼੍ਰੀ ਹਿਮਾਂਸ਼ੂ ਜੈਨ ਨੇ ਅੱਜ ਆਪਣੇ ਦਫਤਰ ਵਿਖੇ ਜ਼ਿਲ੍ਹੇ ਦੇ ਸਮੂਹ ਐਸ.ਡੀ.ਐਮ ਨਾਲ ਮੀਟਿੰਗ ਕੀਤੀ ਤੇ ਇਨ੍ਹਾਂ ਮਾਮਲਿਆਂ ਨੂੰ ਸਮਾਂਬੱਧ ਸਮੇਂ ਵਿੱਚ ਨਿਪਟਾਉਣ ਦੇ ਨਿਰਦੇਸ਼ ਦਿੱਤੇ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਇੰਤਕਲ ਸਬੰਧੀ ਲੰਬਿਤ ਪਏ ਮਾਮਲਿਆਂ ਦੀ ਸਮੀਖਿਆ ਕੀਤੀ ਤੇ ਜ਼ਿਲ੍ਹੇ ਦੇ ਸਮੂਹ ਐਸ.ਡੀ.ਐਮਜ਼ ਨੂੰ ਆਪਣੇ ਸੰਬੰਧਤ ਬਲਾਕਾਂ ਦੇ ਇਨ੍ਹਾਂ ਮਾਮਲਿਆਂ ਦਾ ਨਿਪਟਾਰਾ ਕਰਨ ਲਈ ਰੋਜ਼ਾਨਾ ਅਦਾਲਤ ਲਗਾਉਣ ਦੇ ਆਦੇਸ਼ ਦਿੱਤੇ, ਤੇ ਕਿਹਾ ਕਿ ਲੰਬਿਤ ਮਾਮਲਿਆਂ ਨੂੰ ਜਲਦ ਤੋਂ ਜਲਦ ਨਿਪਟਾਇਆ ਜਾਵੇ ਤਾਂ ਜੋ ਆਮ ਲੋਕਾਂ ਨੂੰ ਰਾਹਤ ਮਿਲੇ।

ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜੇਕਰ ਪਟਵਾਰੀ ਰਿਕਾਰਡ ਦੀ ਸਾਂਭ-ਸੰਭਾਲ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਨਾ ਵਰਤੀ ਜਾਵੇ। ਉਨ੍ਹਾਂ ਕਿਹਾ ਕਿ ਲੋਕਾਂ ਦੇ ਜਾਇਜ਼ ਕੰਮਕਾਜ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਰੂਪਨਗਰ ਨੇ ਫ਼ਰਦ ਕੇਂਦਰ ਤੇ ਪਟਵਾਰਖਾਨਾ ਰੂਪਨਗਰ ਦਾ ਦੌਰਾ ਕੀਤਾ ਅਤੇ ਇਸ ਦੌਰਾਨ ਆਪਣੇ ਕੰਮ ਕਰਵਾਉਣ ਲਈ ਪਹੁੰਚੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਮਿਲ ਰਹੀਆਂ ਸੇਵਾਵਾਂ ਬਾਰੇ ਜਾਣਕਾਰੀ ਲਈ।

# ਪੰਜਾਬ ਟਰਾਂਸਪੋਰਟ ਵਿਭਾਗ ਵੱਲੋਂ ਸਾਲ 2024 ਦੌਰਾਨ ਮਾਲੀਏ 'ਚ 10.91 ਫ਼ੀਸਦੀ ਵਾਧਾ ਦਰਜ: ਲਾਲਜੀਤ ਸਿੰਘ ਭੁੱਲਰ

**➢ ਐਸ.ਟੀ.ਸੀ. ਦਫ਼ਤਰ, ਪੀ.ਆਰ.ਟੀ.ਸੀ ਅਤੇ ਪੰਜਾਬ ਰੋਡਵੇਜ਼/ਪਨਬੱਸ ਨੂੰ ਜਨਵਰੀ ਤੋਂ ਦਸੰਬਰ 2024 ਤੱਕ ਕੁੱਲ 3546.29 ਕਰੋੜ ਰੁਪਏ ਦੀ ਆਮਦਨ ਹੋਈ ➢ ਸਾਲ 2024 ਦੌਰਾਨ ਔਰਤਾਂ ਨੇ 14.88 ਕਰੋੜ ਤੋਂ ਵੱਧ ਮੁਫ਼ਤ ਬੱਸ ਯਾਤਰਾਵਾਂ ਦਾ ਲਿਆ ਲਾਭ**

**ਚੰਡੀਗੜ੍ਹ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਅੱਜ ਇਥੇ ਦੱਸਿਆ ਕਿ ਟਰਾਂਸਪੋਰਟ ਵਿਭਾਗ ਨੇ ਪਿਛਲੇ ਸਾਲ ਦੇ ਮੁਕਾਬਲੇ ਸਾਲ 2024 ਦੌਰਾਨ ਮਾਲੀਏ ਵਿੱਚ 349.01 ਕਰੋੜ ਰੁਪਏ ਦਾ ਚੋਖਾ ਵਾਧਾ ਦਰਜ ਕੀਤਾ ਹੈ।

ਉਨ੍ਹਾਂ ਕਿਹਾ ਕਿ ਵਿਭਾਗ ਦੇ ਤਿੰਨ ਵਿੰਗਾਂ- ਸਟੇਟ ਟਰਾਂਸਪੋਰਟ ਕਮਿਸ਼ਨਰ (ਐਸ.ਟੀ.ਸੀ.) ਦਫ਼ਤਰ, ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ) ਅਤੇ ਪੰਜਾਬ ਰੋਡਵੇਜ਼/ਪਨਬੱਸ ਨੂੰ ਪਿਛਲੇ ਸਾਲ ਦੇ 3197.28 ਰੁਪਏ ਦੇ ਮੁਕਾਬਲੇ ਸਾਲ 2024 ਦੌਰਾਨ 3546.29 ਕਰੋੜ ਰੁਪਏ ਦੀ ਆਮਦਨ ਹੋਈ ਹੈ, ਜੋ ਮਾਲੀਏ 'ਚ 10.91 ਫ਼ੀਸਦੀ ਵਾਧੇ ਨੂੰ ਦਰਸਾਉਂਦਾ ਹੈ।

ਤਿੰਨੋ ਵਿੰਗਾਂ ਦੀ ਕਾਰਗੁਜ਼ਾਰੀ ਬਾਰੇ ਦੱਸਦਿਆਂ ਸ. ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਐਸ.ਟੀ.ਸੀ. ਦਫ਼ਤਰ ਦਾ ਮਾਲੀਆ 1,855.79 ਕਰੋੜ ਰੁਪਏ ਤੋਂ ਵੱਧ ਕੇ 2,126.53 ਕਰੋੜ ਰੁਪਏ ਹੋ ਗਿਆ ਹੈ। ਉਨ੍ਹਾਂ ਕਿਹਾ ਕਿ 270.74 ਕਰੋੜ ਰੁਪਏ ਦਾ ਇਹ ਵਾਧਾ 14.59 ਫ਼ੀਸਦੀ ਬਣਦਾ ਹੈ।

ਉਨ੍ਹਾਂ ਦੱਸਿਆ ਕਿ ਪੀ.ਆਰ.ਟੀ.ਸੀ. ਦੀ ਆਮਦਨ ਵੀ ਸਾਲ 2023 ਵਿੱਚ 892.45 ਕਰੋੜ ਰੁਪਏ ਦੇ ਮੁਕਾਬਲੇ ਸਾਲ 2024 ਵਿੱਚ 900.98 ਕਰੋੜ ਰੁਪਏ ਹੋਈ, ਜੋ 8.53 ਕਰੋੜ ਰੁਪਏ ਦਾ ਵਾਧਾ ਦਰਸਾਉਂਦੀ ਹੈ।

ਪੰਜਾਬ ਰੋਡਵੇਜ਼/ਪਨਬੱਸ ਦੇ ਮਾਲੀਏ ਦੇ ਵੇਰਵੇ ਸਾਂਝੇ ਕਰਦਿਆਂ ਕੈਬਨਿਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਪੰਜਾਬ ਰੋਡਵੇਜ਼/ਪਨਬੱਸ ਨੂੰ ਸਾਲ 2023 ਵਿੱਚ 449.04 ਕਰੋੜ ਰੁਪਏ ਪ੍ਰਾਪਤ ਹੋਏ ਸਨ ਅਤੇ ਸਾਲ 2024 ਦੌਰਾਨ ਇਹ ਆਮਦਨ ਵਧ ਕੇ 518.78 ਕਰੋੜ ਰੁਪਏ ਹੋ ਗਈ ਅਤੇ 69.74 ਕਰੋੜ ਰੁਪਏ ਦੀ ਵਧੀ ਆਮਦਨ 15.53 ਫ਼ੀਸਦੀ ਬਣਦੀ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿਭਾਗ ਨੇ ਪਾਰਦਰਸ਼ੀ ਅਤੇ ਕੁਸ਼ਲ ਨੀਤੀਆਂ ਲਾਗੂ ਕੀਤੀਆਂ ਹਨ ਜਿਸ ਨਾਲ ਵਿਕਾਸ ਦੀ ਰਫ਼ਤਾਰ ਵਿੱਚ ਤੇਜ਼ੀ ਆਈ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਭਰ ਵਿੱਚ ਜਨਵਰੀ ਤੋਂ ਦਸੰਬਰ 2024 ਤੱਕ ਸੂਬੇ ਦੀਆਂ ਔਰਤਾਂ ਨੇ 14.88 ਕਰੋੜ ਮੁਫ਼ਤ ਬੱਸ ਸਫ਼ਰ ਕੀਤੇ ਜਿਸ 'ਤੇ ਵਿਭਾਗ ਦੇ 726.19 ਕਰੋੜ ਖਰਚ ਹੋਏ ਅਤੇ ਇਹ



ਆਪਣੇ ਆਪ ਵਿੱਚ ਇੱਕ ਵੱਡੀ ਪ੍ਰਾਪਤੀ ਹੈ। ਸੂਬਾ ਸਰਕਾਰ ਨੇ ਔਰਤਾਂ ਨੂੰ 1 ਅਪ੍ਰੈਲ, 2022 ਤੋਂ ਹੁਣ ਤੱਕ 1916.92 ਕਰੋੜ ਰੁਪਏ ਦੇ ਖਰਚ ਨਾਲ 40.45 ਕਰੋੜ ਮੁਫ਼ਤ ਬੱਸ ਯਾਤਰਾਵਾਂ ਦੀ ਸਹੂਲਤ ਪ੍ਰਦਾਨ ਕੀਤੀ ਹੈ। ਇਸ ਤੋਂ ਇਲਾਵਾ ਵਿਭਾਗ ਵੱਲੋਂ ਪੁਲਿਸ ਕਰਮਚਾਰੀਆਂ, ਵਿਦਿਆਰਥੀਆਂ, ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਅਤੇ ਥੈਲੇਸੀਮੀਆ ਤੇ ਕੈਂਸਰ ਦੇ ਮਰੀਜ਼ਾਂ ਸਮੇਤ ਵੱਖ-ਵੱਖ ਸ਼੍ਰੇਣੀਆਂ ਨੂੰ ਮੁਫ਼ਤ ਅਤੇ ਬੱਸ ਕਿਰਾਏ ਵਿੱਚ ਰਿਆਇਤ ਦਾ ਲਾਭ ਦਿੱਤਾ ਜਾ ਰਿਹਾ ਹੈ।

ਸ. ਭੁੱਲਰ ਨੇ ਕਿਹਾ ਕਿ ਵਿਭਾਗ ਸਰਗਰਮੀ ਨਾਲ ਆਪਣੇ ਬੁਨਿਆਦੀ ਢਾਂਚੇ ਦਾ ਵਿਸਥਾਰ ਕਰ ਰਿਹਾ ਹੈ ਅਤੇ 3.36 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਨਾਲ ਜ਼ਿਲ੍ਹਾ ਬਠਿੰਡਾ ਦੇ ਦੌਲਾ ਵਿਖੇ ਪੀ.ਆਰ.ਟੀ.ਸੀ. ਦਾ ਪਹਿਲਾ ਸਬ-ਡਿਪੂ ਉਸਾਰੀ ਅਧੀਨ ਹੈ। 1.6 ਏਕੜ ਵਿੱਚ ਫੈਲਿਆ ਇਹ ਪ੍ਰਾਜੈਕਟ ਆਉਣ ਵਾਲੇ ਸਾਲ ਦੀ ਪਹਿਲੀ ਤਿਮਾਹੀ ਵਿੱਚ ਪੂਰਾ ਹੋਣ ਦੀ ਉਮੀਦ ਹੈ।

ਇਸ ਤੋਂ ਇਲਾਵਾ ਵਿਭਾਗ ਨੇ ਪੜਾਅਵਾਰ ਪਹੁੰਚ ਅਪਣਾਉਂਦਿਆਂ ਗੁਆਂਢੀ ਕਸਬਿਆਂ ਨਾਲ ਸੰਪਰਕ ਵਧਾਉਣ ਲਈ ਪਟਿਆਲਾ ਦੇ ਪੁਰਾਣੇ ਬੱਸ ਸਟੈਂਡ ਨੂੰ ਮੁੜ ਸੁਰਜੀਤ ਕੀਤਾ ਹੈ। ਪਹਿਲੇ ਪੜਾਅ ਤਹਿਤ ਪਟਿਆਲਾ ਸ਼ਹਿਰ ਨੂੰ ਨੇੜਲੇ ਕਸਬਿਆਂ ਨਾਭਾ, ਸਮਾਣਾ, ਭਵਾਨੀਗੜ੍ਹ, ਭਾਦਸੋਂ ਅਤੇ ਘਨੌਰ ਨਾਲ ਜੋੜਨ ਵਾਲੀਆਂ 75 ਬੱਸਾਂ ਚਲਾਈਆਂ ਗਈਆਂ ਹਨ। ਇਸ ਤੋਂ ਇਲਾਵਾ ਦੂਜੇ ਪੜਾਅ ਅਧੀਨ ਪਟਿਆਲਾ ਸ਼ਹਿਰ ਦੇ 30 ਕਿਲੋਮੀਟਰ ਘੇਰੇ ਵਿੱਚ ਪੈਂਦੇ ਚੀਕਾ, ਦੇਵੀਗੜ੍ਹ, ਪਿਹੋਵਾ, ਸਨੌਰ ਰੂਟ ਲਈ ਬੱਸਾਂ ਚਲਾਈਆਂ ਗਈਆਂ ਹਨ।

ਉਨ੍ਹਾਂ ਦੱਸਿਆ ਕਿ ਬੱਸਾਂ ਦੇ ਬੇੜੇ ਵਿੱਚ ਵਾਧੇ ਲਈ ਪੰਜਾਬ ਰੋਡਵੇਜ਼/ਪਨਬੱਸ ਵੱਲੋਂ ਕਿਲੋਮੀਟਰ ਸਕੀਮ ਅਧੀਨ 20 ਸੁਪਰ ਇੰਟੈਗਰਲ ਬੀ.ਐਸ-6 ਅਨੁਕੂਲ ਬੱਸਾਂ ਅਤੇ 19 ਐਚ.ਵੀ.ਏ.ਸੀ. ਬੱਸਾਂ ਦੀ ਖ਼ਰੀਦ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਪੀ.ਆਰ.ਟੀ.ਸੀ. ਵੱਲੋਂ ਵੀ 83 ਨਵੀਆਂ ਬੀ.ਐਸ-6 ਅਨੁਕੂਲ ਸਧਾਰਣ ਸਟੈਂਡਰਡ ਬੱਸਾਂ ਆਪਣੇ ਬੇੜੇ ਵਿੱਚ ਸ਼ਾਮਲ ਕਰਨ ਦੀ ਕਾਰਵਾਈ ਅਮਲ ਅਧੀਨ ਹੈ। ਉਨ੍ਹਾਂ ਦੱਸਿਆ ਕਿ ਇਹ ਬੱਸਾਂ ਕਿਲੋਮੀਟਰ ਸਕੀਮ ਅਧੀਨ ਛੇ ਸਾਲਾਂ ਲਈ ਲੀਜ਼ ਆਧਾਰ 'ਤੇ ਲਈਆਂ ਜਾਣਗੀਆਂ।

ਉਨ੍ਹਾਂ ਅੱਗੇ ਦੱਸਿਆ ਕਿ ਸਰਕਾਰ ਨੇ ਸੂਬਾ ਵਾਸੀਆਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਾਉਣ ਲਈ 27 ਨਵੰਬਰ, 2023 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੋਂ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਦੀ ਸ਼ੁਰੂਆਤ ਕੀਤੀ ਜਿਸ ਤਹਿਤ ਦੇਸ਼ ਭਰ ਵਿੱਚ ਵੱਖ-ਵੱਖ ਤੀਰਥ ਅਸਥਾਨਾਂ ਦੇ ਦਰਸ਼ਨਾਂ ਲਈ ਸੂਬਾ ਵਾਸੀਆਂ ਨੂੰ ਮੁਫ਼ਤ ਸਫ਼ਰ ਦੀ ਸਹੂਲਤ ਮਿਲ ਰਹੀ ਹੈ। ਇਸ ਸਕੀਮ ਤਹਿਤ ਪਾਵਨ ਅਸਥਾਨ ਸ੍ਰੀ ਹਜ਼ੂਰ ਸਾਹਿਬ (ਨਾਂਦੇੜ), ਸ੍ਰੀ ਪਟਨਾ ਸਾਹਿਬ (ਬਿਹਾਰ), ਵਾਰਾਨਸੀ ਮੰਦਿਰ, ਮਥੁਰਾ ਅਤੇ ਵਰਿੰਦਾਵਨ ਧਾਮ (ਉੱਤਰ ਪ੍ਰਦੇਸ਼), ਖ਼ਵਾਜ਼ਾ ਅਜਮੇਰ ਸ਼ਰੀਫ਼ ਦਰਗਾਹ (ਰਾਜਸਥਾਨ) ਤੋਂ ਇਲਾਵਾ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ), ਸਾਲਾਸਰ ਧਾਮ, ਸ੍ਰੀ ਖਾਟੂ ਸ਼ਿਆਮ ਜੀ, ਮਾਤਾ ਚਿੰਤਪੁਰਨੀ ਜੀ, ਮਾਤਾ ਜਵਾਲਾ ਜੀ, ਮਾਤਾ ਨੈਣਾ ਦੇਵੀ ਜੀ, ਮਾਤਾ ਵੈਸ਼ਨੂੰ ਦੇਵੀ ਜੀ ਆਦਿ ਅਸਥਾਨਾਂ ਦੀ ਯਾਤਰਾ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਕਰੀਬ 35000 ਸ਼ਰਧਾਲੂ ਵੱਖ-ਵੱਖ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰ ਚੁੱਕੇ ਹਨ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਡਰਾਈਵਿੰਗ ਲਾਇਸੈਂਸ ਅਤੇ ਵਾਹਨ ਰਜਿਸਟ੍ਰੇਸ਼ਨ ਨਾਲ ਸਬੰਧਤ 55 ਸਮਾਰਟ ਸੇਵਾਵਾਂ ਦੀ ਸ਼ੁਰੂਆਤ ਕੀਤੀ ਗਈ ਹੈ, ਜਿਨ੍ਹਾਂ ਵਿੱਚੋਂ 38 ਸੇਵਾਵਾਂ ਪੂਰੀ ਤਰ੍ਹਾਂ ਆਨਲਾਈਨ ਉਪਲਬਧ ਹਨ ਜਦਕਿ 17 ਸੇਵਾਵਾਂ ਲਈ ਘੱਟੋ-ਘੱਟ ਦਫ਼ਤਰ ਜਾਣ ਦੀ ਲੋੜ ਹੈ। ਡਰਾਈਵਿੰਗ ਲਾਇਸੈਂਸ ਅਤੇ ਆਰ.ਸੀਜ਼ ਦੇ ਸਮਾਰਟ ਕਾਰਡਾਂ ਦੀ ਚੰਡੀਗੜ੍ਹ ਵਿਖੇ ਇਕੋ ਥਾਂ 'ਤੇ ਪ੍ਰਿੰਟਿੰਗ ਕਰਕੇ ਸਪੀਡ ਪੋਸਟ ਰਾਹੀਂ ਬਿਨੈਕਾਰ ਦੇ ਘਰ ਭੇਜਣ ਦੀ ਸਹੂਲਤ ਦਿੱਤੀ ਗਈ ਹੈ।

ਸਰਕਾਰ ਨੇ ਮੋਟਰ ਵਹੀਕਲ ਇੰਸਪੈਕਟਰ ਵੱਲੋਂ ਮੋਬਾਈਲ ਟੈਬ ਰਾਹੀਂ ਆਧੁਨਿਕ ਤਕਨਾਲੌਜੀ ਆਧਾਰਤ ਵਾਹਨ ਫਿਟਨੈਸ ਦੀ ਸ਼ੁਰੂਆਤ ਕੀਤੀ ਹੈ। ਇਸ ਤੋਂ ਇਲਾਵਾ ਡੀਲਰ ਪੱਧਰ 'ਤੇ ਰਜਿਸਟ੍ਰੇਸ਼ਨ ਦੀ ਸ਼ੁਰੂਆਤ ਕੀਤੀ ਗਈ ਹੈ।

## ਟਰੈਫ਼ਿਕ ਪੁਲਿਸ ਨੇ ਲੋਕਾਂ ਨੂੰ ਆਵਾਜਾਈ ਨਿਯਮਾਂ ਬਾਰੇ ਕੀਤਾ ਜਾਗਰੂਕ



**ਗੁਰਦਾਸਪੁਰ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪੁਲਿਸ ਗੁਰਦਾਸਪੁਰ ਦੇ ਟਰੈਫ਼ਿਕ ਐਜੂਕੇਸ਼ਨ ਸੈੱਲ ਵੱਲੋਂ ਅੱਜ ਲਾਇਬਰੇਰੀ ਚੌਂਕ ਗੁਰਦਾਸਪੁਰ ਵਿਖੇ ਟਰੈਫ਼ਿਕ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ ਜਿਸ ਵਿੱਚ ਐਜੂਕੇਸ਼ਨ ਸੈੱਲ ਦੇ ਕਰਮੀਆਂ ਵੱਲੋਂ ਆਮ ਲੋਕਾਂ ਨੂੰ ਆਵਾਜਾਈ ਨਿਯਮਾਂ ਬਾਰੇ ਜਾਣਕਾਰੀ ਦਿੱਤੀ ਗਈ। ਸੈਮੀਨਾਰ ਵਿੱਚ ਏ.ਐੱਸ.ਆਈ. ਅਮਨਦੀਪ ਸਿੰਘ, ਸੁਰਜੀਤ ਸਿੰਘ, ਗੁਰਵਿੰਦਰ ਸਿੰਘ, ਰਾਜ ਕੁਮਾਰ, ਸੈਮੂਅਲ ਮਸੀਹ ਅਤੇ ਬਲਦੇਵ ਰਾਜ ਨੇ ਲੋਕਾਂ ਨੂੰ ਆਵਾਜਾਈ ਨਿਯਮਾਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਕਿਸੇ ਨੂੰ ਵਾਹਨ ਚਲਾਉਂਦੇ ਸਮੇਂ ਆਵਾਜਾਈ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਆਪਣੇ ਵਾਹਨ ਦੇ ਕਾਗ਼ਜ਼ਾਤ ਅਤੇ ਡਰਾਈਵਿੰਗ ਲਾਇਸੰਸ ਜ਼ਰੂਰ ਰੱਖਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਨਾਬਾਲਗ ਬੱਚਿਆਂ ਨੂੰ ਵਾਹਨ ਨਹੀਂ ਚਲਾਉਣੇ ਚਾਹੀਦਾ ਅਤੇ ਜੇਕਰ ਕੋਈ ਨਾਬਾਲਗ ਬੱਚਾ ਇਸ ਦੀ ਉਲੰਘਣਾ ਕਰਦਾ ਹੈ ਤਾਂ ਉਸਦੇ ਮਾਪਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਹੋ ਸਕਦੀ ਹੈ। ਉਨ੍ਹਾਂ ਦੱਸਿਆ ਕਿ ਨਸ਼ਾ ਕਰਕੇ ਕੋਈ ਵੀ ਵਾਹਨ ਨਹੀਂ ਚਲਾਉਣਾ ਚਾਹੀਦਾ ਇਹ ਗੈਰ-ਕਾਨੂੰਨੀ ਹੈ ਅਤੇ ਇਸ ਨਾਲ ਹਮੇਸ਼ਾ ਹੀ ਦੁਰਘਟਨਾ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਦੌਰਾਨ ਲੋਕਾਂ ਨੂੰ ਫ਼ਰਿਸ਼ਤੇ ਸਕੀਮ ਬਾਰੇ ਵੀ ਜਾਗਰੂਕ ਕਰਦਿਆਂ ਪ੍ਰੇਰਿਤ ਕੀਤਾ ਕਿ ਉਹ ਦੁਰਘਟਨਾ ਪੀੜਤ ਲੋਕਾਂ ਦੀ ਮਦਦ ਲਈ ਅੱਗੇ ਆਉਣ। ਉਨ੍ਹਾਂ ਦੱਸਿਆ ਕਿ ਧੁੰਦ ਦੌਰਾਨ ਵਾਹਨ ਚਲਾਉਂਦੇ ਸਮੇਂ ਹੋਰ ਵੀ ਸਾਵਧਾਨੀ ਵਰਤੀ ਜਾਵੇ। ਇਸ ਮੌਕੇ ਹੈਲਪ ਲਾਈਨ ਨੰਬਰਾਂ 112, 1930 ਅਤੇ 1033 ਬਾਰੇ ਵੀ ਲੋਕਾਂ ਨੂੰ ਦੱਸਿਆ ਗਿਆ।

# ਕੈਨੇਡਾ 'ਚ ਫ਼ਿਰੌਤੀ ਮਾਮਲਿਆਂ 'ਚ ਚਾਰ ਪੰਜਾਬੀ ਗ੍ਰਿਫ਼ਤਾਰ

**ਮਿਸੀਸਾਗਾ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਨੇਡਾ 'ਚ ਭਾਰਤੀ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਉਣ ਅਤੇ ਜਬਰੀ ਵਸੂਲੀ ਕਰਨ ਦੇ ਦੋਸ਼ 'ਚ ਚਾਰ ਪੰਜਾਬੀ ਗ੍ਰਿਫ਼ਤਾਰ ਕੀਤੇ ਗਏ ਹਨ। ਇਨ੍ਹਾਂ ਚਾਰਾਂ 'ਤੇ ਸੋਸ਼ਲ ਮੀਡੀਆ ਰਾਹੀਂ ਕੈਨੇਡਾ 'ਚ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾ ਕੇ ਜਬਰੀ ਵਸੂਲੀ ਅਤੇ ਧਮਕਾਉਣ ਦਾ ਦੋਸ਼ ਹੈ। ਬਾਅਦ 'ਚ ਉਨ੍ਹਾਂ ਨੂੰ ਓਨਟੈਰੀਓ ਕੋਰਟ ਔਫ਼ ਜਸਟਿਸ 'ਚ ਪੇਸ਼ ਕੀਤਾ ਗਿਆ ਸੀ।

ਪੁਲੀਸ ਨੇ ਇੱਕ ਵੀਡੀਓ ਬਿਆਨ ਜਾਰੀ ਕੀਤਾ ਜਿਸ 'ਚ ਉਨ੍ਹਾਂ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਨੇ ਅਜਿਹੀਆਂ ਧਮਕੀਆਂ ਅਤੇ ਜਬਰੀ ਵਸੂਲੀ ਦੇ 60 ਤੋਂ ਵੱਧ ਮਾਮਲਿਆਂ ਦੀ ਜਾਂਚ ਕੀਤੀ ਗਈ ਹੈ ਜਿਸ 'ਚ ਭਾਰਤੀ ਮੂਲ ਦੇ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ




ਗਿਆ ਹੈ। ਉਹ ਕੈਨੇਡਾ 'ਚ ਫ਼ਿਰੌਤੀ ਦਾ ਰੈਕੇਟ ਚਲਾ ਰਹੇ ਸਨ ਜਿਸ 'ਚ ਦੱਖਣੀ-ਏਸ਼ੀਆਈ ਕਾਰੋਬਾਰਾਂ ਨੂੰ ਵਿਸ਼ੇਸ਼ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ ਸੀ।

ਇਨ੍ਹਾਂ ਲੋਕਾਂ 'ਤੇ ਕੁੱਝ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਦਾ ਵੀ ਦੋਸ਼ ਲਗਾਇਆ ਜਾ ਰਿਹਾ ਹੈ। ਇਸ ਸਾਲ ਪੀਲ ਰੀਜਨਲ ਪੁਲੀਸ ਨੇ ਪੰਜ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਿਨ੍ਹਾਂ 'ਚੋਂ ਚਾਰ ਭਾਰਤੀ ਮੂਲ ਦੇ ਸਨ ਜਿਨ੍ਹਾਂ 'ਚ ਬੰਧੂਮਨ ਸੇਖੋਂ, ਹਰਮਨਜੀਤ ਸਿੰਘ, ਤੇਜਿੰਦਰ ਤਤਲਾ, ਦਿਨੇਸ਼ ਕੁਮਾਰ ਆਦਿ ਭਾਰਤੀ ਮੂਲ ਦੇ ਵਿਅਕਤੀਆਂ ਦੇ ਨਾਂ ਸ਼ਾਮਿਲ ਸਨ। ਪੁਲੀਸ ਜਾਂਚ ਤੋਂ ਬਾਅਦ ਉਨ੍ਹਾਂ ਖ਼ਿਲਾਫ਼ ਜ਼ਬਰਦਸਤੀ, ਅਸਲਾ ਖੋਹਣ ਅਤੇ ਕੁੱਟਮਾਰ ਦੇ ਦੋਸ਼ ਵੀ ਦਰਜ ਕੀਤੇ ਜਾ ਰਹੇ ਹਨ। ਇਨ੍ਹਾਂ ਚਾਰ ਲੋਕਾਂ ਦੇ ਨਾਲ ਪੰਜਵੀਂ ਜਿਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਉਹ ਅਫ਼ਗਾਨ ਮੂਲ ਦੀ ਇੱਕ ਲੜਕੀ ਸੀ ਜੋ ਇੰਸਟਾਗ੍ਰਾਮ 'ਤੇ ਮਸ਼ਹੂਰ ਸੀ। ਉਹ ਕਾਰ ਡੀਲਰਸ਼ਿਪਾਂ ਨਾਲ ਗ਼ੈਰ-ਕਾਨੂੰਨੀ ਗਤੀਵਿਧੀਆਂ 'ਚ ਸ਼ਾਮਿਲ ਸੀ। ਪੀਲ ਪੁਲੀਸ ਮੁਖੀ ਨੇ ਕਿਹਾ ਕਿ ਇਨ੍ਹਾਂ ਲੋਕਾਂ ਵਲੋਂ ਕੀਤੀਆਂ ਗਈਆਂ ਹਰਕਤਾਂ ਦਾ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ 'ਤੇ ਸਿੱਧਾ ਅਸਰ ਪਿਆ ਹੈ। ਉਨ੍ਹਾਂ ਵਲੋਂ ਧਮਕਾਉਣ, ਜਬਰੀ ਵਸੂਲੀ ਕਰਨ ਅਤੇ ਨਿਸ਼ਾਨਾ ਬਣਾਉਣ ਦੇ ਦੋਸ਼ ਲਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕੈਨੇਡਾ 'ਚ ਦੱਖਣੀ ਏਸ਼ੀਆਈ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਦੇ ਲਗਾਤਾਰ ਵੱਧ ਰਹੇ ਮਾਮਲਿਆਂ ਦਰਮਿਆਨ ਸਾਲ 2023 ਤਕ 21 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ ਕੋਲੋਂ ਹਥਿਆਰ, ਚੋਰੀ ਦੇ ਵਾਹਨਾਂ ਸਮੇਤ ਕਈ ਨਾਜਾਇਜ਼ ਸਾਮਾਨ ਵੀ ਬਰਾਮਦ ਕੀਤਾ ਗਿਆ ਸੀ।

ਇਨ੍ਹਾਂ ਲੋਕਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਦੱਖਣੀ ਏਸ਼ੀਆਈ ਭਾਈਚਾਰੇ, ਜਿਨ੍ਹਾਂ ਨੂੰ ਮੁਲਜ਼ਮ ਨਿਸ਼ਾਨਾ ਬਣਾ ਰਹੇ ਸਨ, ਨੂੰ ਰਾਹਤ ਮਿਲੀ ਹੈ, ਪਰ ਫ਼ਿਰ ਵੀ ਇਸ ਵਿਰੁੱਧ ਸਖ਼ਤ ਕਦਮ ਚੁੱਕੇ ਜਾਣੇ ਚਾਹੀਦੇ ਹਨ ਤਾਂ ਜੋ ਕੋਈ ਹੋਰ ਅਜਿਹਾ ਨਾ ਕਰੇ। ਗ੍ਰਿਫ਼ਤਾਰ ਕੀਤੇ ਗਏ ਹਰਮਨਜੀਤ ਸਿੰਘ (25) ਨੂੰ 4 ਜੁਲਾਈ ਨੂੰ ਬਰੈਂਪਟਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ 'ਤੇ ਮਈ 2024 'ਚ ਵਾਪਰੀਆਂ ਘਟਨਾਵਾਂ ਨੂੰ ਲੈ ਕੇ ਦੋਸ਼ ਲਾਏ ਜਾ ਰਹੇ ਹਨ। ਜਿਸ 'ਚ ਇੱਕ ਪੁਲੀਸ ਅਧਿਕਾਰੀ ਦੇ ਸਾਹਮਣੇ ਜ਼ਬਰਦਸਤੀ ਅਤੇ ਹਥਿਆਰ ਚੁੱਕਣ ਦੇ ਦੋਸ਼ ਵੀ ਸ਼ਾਮਿਲ ਸਨ। 44 ਸਾਲਾ ਤੇਜਿੰਦਰ ਤਤਲਾ ਨੂੰ ਵੀ 25 ਜੁਲਾਈ ਨੂੰ ਬਰੈਂਪਟਨ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ 'ਤੇ ਜੂਨ 2024 'ਚ ਇੱਕ ਕਾਰੋਬਾਰੀ ਨੂੰ ਧਮਕੀ ਦੇਣ ਦਾ ਦੋਸ਼ ਸੀ। ਗ੍ਰਿਫ਼ਤਾਰੀ ਸਮੇਂ ਉਸ ਕੋਲੋਂ ਤਿੰਨ ਹਥਿਆਰ ਵੀ ਬਰਾਮਦ ਕੀਤੇ ਗਏ। 24 ਸਾਲਾ ਦਿਨੇਸ਼ ਕੁਮਾਰ ਨੂੰ 14 ਅਗਸਤ ਨੂੰ ਹੈਮਿਲਟਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਵਿਰੁੱਧ ਜੁਲਾਈ 2024 ਦੀ ਜ਼ਬਰਦਸਤੀ ਦੀ ਘਟਨਾ ਸਬੰਧੀ ਕਾਰਵਾਈ ਕੀਤੀ ਗਈ ਸੀ। ਰੁਖ਼ਸਾਰ ਅਚਕਜ਼ਈ (21) ਨੂੰ 30 ਜੁਲਾਈ ਨੂੰ ਬਰੈਂਪਟਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ 'ਤੇ ਵੀ ਉਪਰੋਕਤ ਦੋਸ਼ ਲਾਏ ਜਾ ਰਹੇ ਸਨ।ਇਨ੍ਹਾਂ ਸਾਰੇ ਸ਼ੱਕੀਆਂ ਨੂੰ ਓਨਟੈਰੀਓ ਕੋਰਟ ਔਫ਼ ਜਸਟਿਸ 'ਚ ਪੇਸ਼ ਕੀਤਾ ਗਿਆ। ਇਨ੍ਹਾਂ ਨੇ ਵਪਾਰੀਆਂ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਅਤੇ ਧਮਕੀਆਂ ਦਿੱਤੀਆਂ। ਇਸ ਸਬੰਧੀ ਇੱਕ ਵੀਡੀਓ ਵੀ ਸ਼ੇਅਰ ਕੀਤੀ ਗਈ ਹੈ। ਇਸ 'ਚ ਪੁਲੀਸ ਨੇ ਕਿਹਾ ਕਿ ਉਨ੍ਹਾਂ ਨੇ ਜਬਰਨ ਵਸੂਲੀ ਨਾਲ ਸਬੰਧਤ 60 ਜਾਂਚਾਂ ਕੀਤੀਆਂ ਸਨ ਜਿਨ੍ਹਾਂ 'ਚੋਂ 21 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਪਤਾ ਲੱਗਾ ਹੈ ਕਿ ਮੁਲਜ਼ਮਾਂ ਨੇ ਸੋਸ਼ਲ ਮੀਡੀਆ ਪਲੈਟਫ਼ੌਰਮਾਂ ਤੋਂ ਵੀ ਲੋਕਾਂ ਨੂੰ ਧਮਕੀਆਂ ਦਿੱਤੀਆਂ ਹਨ। ਇਸ ਦੇ ਨਾਲ ਹੀ ਪੁਲੀਸ ਨੇ 20 ਹਥਿਆਰ, ਕਈ ਗੋਲੀਆਂ, ਉੱਚ ਸਮਰੱਥਾ ਵਾਲੇ ਬੰਦੂਕ ਦੇ ਮੈਗਜ਼ੀਨ, 11 ਕਿੱਲੋ ਮੈਥਮਫ਼ੈਟੇਮਾਈਨ ਅਤੇ 10 ਹਜ਼ਾਰ ਡਾਲਰ ਬਰਾਮਦ ਕੀਤੇ ਹਨ। ਇਸ ਦੇ ਨਾਲ ਹੀ ਪੁਲੀਸ ਵਲੋਂ ਛੇ ਚੋਰੀ ਦੇ ਵਾਹਨ ਵੀ ਜ਼ਬਤ ਕੀਤੇ ਹਨ।

## ਫ਼ੂਡ ਸੇਫ਼ਟੀ ਆਨ ਵੀਲਜ ਵੈਨ ਦਾ ਪੂਰਾ ਲਾਭ ਉਠਾਉਣ ਤਰਨ ਤਾਰਨ ਵਾਸੀ : ਵਧੀਕ ਡਿਪਟੀ ਕਮਿਸ਼ਨਰ



**ਤਰਨ ਤਾਰਨ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਦਫ਼ਤਰ ਡਿਪਟੀ ਕਮਿਸ਼ਨਰ ਜ਼ਿਲ੍ਹਾ ਪ੍ਰਬੰਧਕੀ ਕੈਪਲੈਕਸ ਵਿਖੇ ਵਧੀਕ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਫੂਡ ਸੇਫਟੀ ਦੀ ਜ਼ਿਲ੍ਹਾ ਪੱਧਰੀ ਅਡਵਾਇਜ਼ਰੀ ਕਮੇਟੀ ਦੀ ਮੀਟਿੰਗ ਹੋਈ, ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸ਼ਹਿਰ ਦੇ ਹਰ ਫੂਡ ਬਿਜਨੈਸ ਉਪਰੇਟਰ ਲਈ ਫੂਡ ਦਾ ਲਾਇਸੰਸ ਅਤੇ ਰਜਿਸਟ੍ਰੇਸ਼ਨ ਲਾਜ਼ਮੀ ਹੈ। ਜੇਕਰ ਕੋਈ ਵੀ ਦੁਕਾਨਦਾਰ, ਰੈਸਟੋਰੈਂਟ, ਢਾਬੇ ਵਾਲਾ, ਲਾਇਸੰਸ ਜਾਂ ਰਜ਼ਿਸਟ੍ਰੇਸ਼ਨ ਲਈ ਅਪਲਾਈ ਨਹੀਂ ਕਰਦਾ ਤਾਂ ਉਸਦੇ ਉੱਪਰ ਫੂਡ ਐੱਕਟ ਮੁਤਾਬਿਕ ਕਾਰਵਾਈ ਕੀਤੀ ਜਾਵੇਗੀ ਨਾਲ ਹੀ ਉਨ੍ਹਾਂ ਨੇ ਸਕੂਲਾਂ ਅਤੇ ਆਂਗਨਵਾੜੀਆਂ ਵਿੱਚ ਵੀ ਫੂਡ ਸੇਫਟੀ ਦਾ ਰਜ਼ਿਸਟ੍ਰੇਸ਼ਨ ਕਰਵਾਉਣ ਲਈ ਹਦਾਇਤ ਦਿੱਤੀ।

ਇਸ ਮੌਕੇ ਤੇ ਜ਼ਿਲ੍ਹਾ ਸਿਹਤ ਅਫ਼ਸਰ ਡਾ ਸੁਖਬੀਰ ਕੌਰ (ਕਨਵੀਨਰ) ਨੇ ਸਾਰੇ ਮੈਂਬਰਾਂ ਨੂੰ ਨਵੰਬਰ ਮਹੀਨੇ ਵਿੱਚ ਫੂਡ ਸੇਫ਼ਟੀ ਦੀਆਂ ਹੋਈਆਂ ਗਤੀਵਿਧੀਆਂ ਬਾਰੇ ਜਾਗਰੂਕ ਕਰਵਾਇਆ । ਵਧੀਕ ਡਿਪਟੀ ਕਮਿਸ਼ਨਰ ਨੇ ਸਕੂਲਾਂ ਨਾਲ ਸੰਬੰਧਿਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਕੂਲਾਂ ਵਿੱਚ ਫੂਡ ਸੇਫਟੀ ਦੀ ਰਜ਼ਿਸਟ੍ਰੇਸ਼ਨ ਜਲਦ ਤੋਂ ਜਲਦ ਕਰਵਾਈ ਜਾਵੇ ਅਤੇ ਬੱਚਿਆਂ ਨੂੰ ਦਿੱਤੇ ਜਾਣ ਵਾਲੇ ਭੋਜਨ ਨੂੰ ਫੂਡ ਸੇਫਟੀ ਦੀਆਂ ਹਦਾਇਤਾਂ ਅਨੁਸਾਰ ਬਣਾਇਆ ਜਾਵੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨੇ ਫੂਡ ਸੇਫਟੀ ਟੀਮ ਨੂੰ ਹਦਾਇਤ ਕੀਤੀ ਕਿ ਰੇਹੜੀ ਵਾਲਿਆ ਦੀ ਚੈਕਿੰਗ ਕਰਨ ਅਤੇ ਸਾਫ-ਸਫਾਈ ਦੀ ਟ੍ਰੇਨਿੰਗ ਦਿੱਤੀ ਜਾਵੇ। ਜਿਸ ਬਾਰੇ ਜ਼ਿਲ੍ਹਾ ਸਿਹਤ ਅਫ਼ਸਰ ਡਾ. ਸੁਖਬੀਰ ਕੌਰ (ਕਨਵੀਨਰ) ਨੇ ਸਾਰੇ ਮੈਂਬਰਾਂ ਨੂੰ ਦੱਸਦਿਆ ਹੋਇਆ ਕਿਹਾ ਕਿ ਉਹਨਾਂ ਦੀ 02 ਬੈਚਾਂ ਦੀਆਂ ਟ੍ਰੇਨਿੰਗਾਂ ਹੋ ਚੁੱਕੀਆਂ ਹਨ ਅਤੇ ਅੱਗੇ ਵੀ ਕਰਵਾਈਆ ਜਾਣਗੀਆਂ।

ਫੂਡ ਸੇਫਟੀ ਆੱਨ ਵੀਲਜ਼ ਵੈੱਨ ਬਾਰੇ ਜਾਣਕਾਰੀ ਦਿੰਦਿਆ ਹੋਇਆ ਡਾ. ਸੁਖਬੀਰ ਕੌਰ ਨੇ ਕਿਹਾ ਕਿ ਜਨਵਰੀ 2024 ਤੋਂ ਤਰਨ ਤਾਰਨ ਦੀ ਫੂਡ ਸੇਫ਼ਟੀ ਆੱਨ ਵੀਲਸ ਉਪਰੇਸ਼ਨਲ ਹੋ ਗਈ ਹੈ ਅਤੇ ਉਹ ਵੱਖ-ਵੱਖ ਪਿੰਡਾਂ ਵਿੱਚ ਅਤੇ ਸਕੂਲਾਂ ਵਿੱਚ ਅਵੇਰਨੈਸ ਟੈਸਟਿੰਗ ਅਤੇ ਟਰੇਨਿੰਗ ਦਾ ਕੰਮ ਕਰ ਰਹੀ ਹੈ। ਨਾਲ ਹੀ ਇਹ ਅਪੀਲ ਕੀਤੀ ਕਿ ਸਭ ਮੈਬਰਾਨ ਲੋਕਾਂ ਨੂੰ ਇਸ ਦਾ ਵੱਧ ਤੋਂ ਵੱਧ ਲਾਭ ਲੈਣ ਬਾਰੇ ਦੱਸਣ ( ਮੋਬਾਇਲ ਨੰ. 8360237546 ਇਸ ਸੰਬੰਧੀ ਰਾਬਤਾ ਕੀਤਾ ਜਾਂ ਸਕਦਾ ਹੈ)। ਇਸ ਤੋਂ ਇਲਾਵਾ ਮੀਟਿੰਗ ਵਿੱਚ ਆਏ ਹਲਵਾਈ ਯੂਨੀਅਰ ਦੇ ਨੁਮਾਇੰਦੀਆਂ ਨੂੰ ਹਦਾਇਤ ਕੀਤੀ ਗਈ ਕਿ ਖਾਣ ਪੀਣ ਵਾਲੀਆਂ ਵਸਤੂਆਂ ਨੂੰ ਫਰਾਈ ਕਰਨ ਵਾਲੇ ਤੇਲ ਨੂੰ ਵਾਰ ਵਾਰ ਫਰਾਈ ਨਾ ਕੀਤਾ ਜਾਵੇ ਕਿਉਂਕਿ ਇਸ ਨਾਲ ਇਸ ਵਿੱਚ ਟਰਾਸਫੇਟਸ ਬਣਦੇ ਹਨ ਜਿਹੜੇ ਕਿ ਸਿਹਤ ਵਾਸਤੇ ਹਾਨੀਕਾਰਕ ਹਨ ਅਤੇ ਨਾਲ ਹੀ ਕਿਹਾ ਕਿ ਰੀਪਰਪਸ ਯੂਜਡ ਕੁਕਿੰਗ ਉਇਲ ਮੁਹਿੰਮ ਦੇ ਤਹਿਤ ਵਧੇ ਹੋਏ ਤੇਲ ਨੂੰ ਬਾਇਓਡੀਜ਼ਲ ਬਣਾਉਣ ਵਾਸਤੇ ਦੇ ਦਿੱਤਾ ਜਾਵੇ।

# ਘਰ ਦੀ ਚਿਮਨੀ ਤੋਂ ਲੀਕ ਹੋਈ ਕਾਰਬਨ ਮੋਨੋਆਕਸਾਈਡ ਕਾਰਨ ਮਸ਼ਹੂਰ ਅਦਾਕਾਰਾ ਦੀ ਮੌਤ

**ਵਾਸ਼ਿੰਗਟਨ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਸ਼ਹੂਰ ਅਦਾਕਾਰਾ ਅਤੇ ਮਾਡਲ ਡੇਲ ਹੈਡਨ ਦੀ ਅਮਰੀਕਾ ਦੇ ਪੈਨਸਿਲਵੇਨੀਆ 'ਚ ਇੱਕ ਘਰ 'ਚ ਸ਼ੱਕੀ ਹਾਲਾਤ 'ਚ ਮੌਤ ਹੋ ਗਈ। ਪੁਲੀਸ ਮੁਤਾਬਿਕ ਹੈਡਨ ਦੀ ਮੌਤ ਕਾਰਬਨ ਮੋਨੋਆਕਸਾਈਡ ਗੈਸ ਲੀਕ ਹੋਣ ਕਾਰਨ ਹੋਈ। ਉਹ 76 ਸਾਲਾਂ ਦੀ ਸੀ। ਦਰਅਸਲ, ਬਕਸ ਕਾਊਂਟੀ ਦੇ ਅਧਿਕਾਰੀਆਂ ਨੂੰ ਸਵੇਰੇ ਸੂਚਿਤ ਕੀਤਾ ਗਿਆ ਸੀ ਕਿ ਸੋਲਬਰੀ ਟਾਊਨਸ਼ਿਪ ਦੇ ਇੱਕ ਘਰ 'ਚ ਇੱਕ ਵਿਅਕਤੀ ਬੇਹੋਸ਼ ਪਾਇਆ ਗਿਐ। ਬੇਹੋਸ਼ ਹੋਏ 76 ਸਾਲਾ ਵਿਅਕਤੀ ਦੀ ਪਛਾਣ ਵਾਲਟਰ ਜੇ. ਬਲੂਕਾਸ ਵਜੋਂ ਹੋਈ ਜਿਸ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਹੈਡਨ ਘਰ ਦੀ ਦੂਜੀ ਮੰਜ਼ਿਲ 'ਤੇ ਬੈੱਡਰੂਮ 'ਚ ਮ੍ਰਿਤਕ ਪਾਈ ਗਈ ਸੀ।

ਪੁਲੀਸ ਮੁਤਾਬਿਕ ਨਿਊ ਹੋਪ



ਈਗਲ ਵੌਲੰਟੀਅਰ ਫ਼ਾਇਰ ਕੰਪਨੀ ਵੀ ਮੌਕੇ 'ਤੇ ਸੀ, ਅਤੇ ਉਸ ਨੇ ਘਰ 'ਚ ਕਾਰਬਨ ਮੋਨੋਆਕਸਾਈਡ ਗੈਸ ਦਾ ਬਹੁਤ ਉੱਚਾ ਪੱਧਰ ਪਾਇਆ। ਕਾਰਬਨ ਮੋਨੋਆਕਸਾਈਡ ਦੇ ਸੰਪਰਕ 'ਚ ਆਉਣ ਕਾਰਨ ਦੋ ਡਾਕਟਰ ਅਤੇ ਇੱਕ ਪੁਲੀਸ ਅਧਿਕਾਰੀ ਵੀ ਬੇਹੋਸ਼ ਹੋ ਗਏ। ਇਸ ਮਾਮਲੇ ਦੀ ਫ਼ਿਲਹਾਲ ਸੋਲਬਰੀ ਟਾਊਨਸ਼ਿਪ ਪੁਲੀਸ ਵਿਭਾਗ ਵਲੋਂ ਜਾਂਚ ਕੀਤੀ ਜਾ ਰਹੀ ਹੈ। ਪੁਲੀਸ ਮੁਤਾਬਿਕ ਗੈਸ ਹੀਟਿੰਗ ਸਿਸਟਮ 'ਤੇ ਗੰਦੀ ਚਿਮਨੀ ਅਤੇ ਐਗਜ਼ੌਸਟ ਪਾਈਪ ਕਾਰਨ ਕਾਰਬਨ ਮੋਨੋਆਕਸਾਈਡ ਗੈਸ ਲੀਕ ਹੋਈ।ਜ਼ਿਕਰਯੋਗ ਹੈ ਕਿ ਮਾਡਲ ਦੇ ਤੌਰ 'ਤੇ ਹੈਡਨ 1970 ਅਤੇ 1980 ਦੇ ਦਹਾਕੇ 'ਚ ਵੋਗ, ਕੌਸਮੋਪੋਲੀਟਨ, ਐੱਲ ਅਤੇ ਐਸਕਵਾਇਰ ਦੇ ਕਵਰਜ਼ 'ਤੇ ਨਜ਼ਰ ਆਈ ਸੀ। ਉਹ 1973 ਦੇ ਸਪੋਰਟਸ ਇਲਸਟ੍ਰੇਟਿਡ ਸਵਿਮਸੂਟ ਐਡਿਸ਼ਨ 'ਚ ਵੀ ਦਿਖਾਈ ਦਿੱਤੀ ਸੀ। **IMDb.com** ਮੁਤਾਬਿਕ ਉਹ 1970 ਤੋਂ 1990 ਦੇ ਦਹਾਕੇ ਤਕ ਲਗਭਗ ਦੋ ਦਰਜਨ ਫ਼ਿਲਮਾਂ 'ਚ ਵੀ ਦਿਖਾਈ ਦਿੱਤੀ ਜਿਨ੍ਹਾਂ 'ਚ 1994 ਦੀ ਬੁਲੇਟ ਓਵਰ ਬ੍ਰੌਡਵੇਅ ਵੀ ਸ਼ਾਮਿਲ ਹੈ ਜਿਸ 'ਚ ਜੌਨ ਕੁਸੈਕ ਵੀ ਸੀ।

ਹੈਡਨ ਨੇ ਆਪਣੀ ਧੀ ਰਿਆਨ ਨੂੰ ਜਨਮ ਦੇਣ ਤੋਂ ਬਾਅਦ 1970 ਦੇ ਦਹਾਕੇ ਦੇ ਅੱਧ 'ਚ ਮੌਡਲਿੰਗ ਤੋਂ ਸੰਨਿਆਸ ਲੈ ਲਿਆ ਸੀ, ਪਰ 1991 'ਚ ਆਪਣੇ ਪਤੀ ਦੀ ਮੌਤ ਤੋਂ ਬਾਅਦ ਕੰਮ 'ਤੇ ਵਾਪਿਸ ਆ ਗਈ। ਉਸ ਨੇ 2003 'ਚ ਦਾ ਨਿਊ ਯੌਰਕ ਟਾਈਮਜ਼ ਨੂੰ ਦੱਸਿਆ ਕਿ ਲੋਕਾਂ ਨੇ ਉਸ ਨੂੰ ਕਿਹਾ ਕਿ ਉਹ ਆਪਣੀ ਉਮਰ 'ਚ ਮੌਡਲਿੰਗ ਲਈ ਫ਼ੱਬਦੀ ਨਹੀਂ।

ਬਾਅਦ 'ਚ ਇੱਕ ਇਸ਼ਤਿਹਾਰ ਏਜੰਸੀ 'ਚ ਇੱਕ ਮਾਮੂਲੀ ਨੌਕਰੀ ਕਰਦੇ ਹੋਏ ਹੈਡਨ ਨੇ ਕੌਸਮੈਟਿਕਸ ਕੰਪਨੀਆਂ ਨਾਲ ਸੰਪਰਕ ਕਰਨਾ ਸ਼ੁਰੂ ਕੀਤਾ। ਉਨ੍ਹਾਂ ਦੱਸਿਆ ਕਿ ਵਧਦੀ ਉਮਰ ਦੇ ਬੇਬੀ ਬੂਮਰਜ਼ ਨੂੰ ਬਿਊਟੀ ਪ੍ਰੌਡਕਟਸ ਵੇਚਣ ਦਾ ਬਾਜ਼ਾਰ ਵੱਧ ਰਿਹਾ ਸੀ।

ਆਖਿਰਕਾਰ ਉਸ ਨੇ ਇੱਕ ਦਹਾਕੇ ਤੋਂ ਵੱਧ ਸਮੇਂ ਤੱਕ ਕੰਪਨੀ ਦੇ ਐਂਟੀ-ਏਜਿੰਗ ਉਤਪਾਦਾਂ ਦਾ ਪ੍ਰਚਾਰ ਕਰਦੇ ਹੋਏ ਕਲੈਰਲ, ਫ਼ਿਰ ਐਸਤੇ ਲੌਡਰ ਅਤੇ ਫ਼ਿਰ ਲੌਰੀਆਲ ਨਾਲ ਸਮਝੌਤੇ ਕੀਤੇ। ਉਸ ਨੇ ਦਾ ਅਰਲੀ ਸ਼ੋਅ ਲਈ ਇੱਕ ਬਿਊਟੀ ਸੈੱਗਮੈਂਟ ਦੀ ਮੇਜ਼ਬਾਨੀ ਵੀ ਕੀਤੀ।

## ਸਕਿੱਲ ਡਿਵੈਲਪਮੈਂਟ ਮਿਸ਼ਨ ਵੱਲੋਂ ਚਲਾਏ ਜਾ ਰਹੇ ਮੁਫ਼ਤ ਹੁਨਰ ਵਿਕਾਸ ਕੋਰਸ 'ਚ ਦਾਖਲਾ ਸ਼ੁਰੂ

**ਹੁਸ਼ਿਆਰਪੁਰ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਨੌਜਵਾਨਾਂ ਨੂੰ ਵੱਧ ਤੋਂ ਵੱਧ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਪੰਜਾਬ ਹੁਨਰ ਵਿਕਾਸ ਮਿਸ਼ਨ ਵੱਲੋਂ ਮੁਫ਼ਤ ਸਕਿੱਲ ਕੋਰਸ ਲਈ ਦਾਖ਼ਲਾ ਸ਼ੁਰੂ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)- ਕਮ ਨੋਡਲ ਅਫ਼ਸਰ, ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਹੁਸ਼ਿਆਰਪੁਰ ਨਿਕਾਸ ਕੁਮਾਰ ਨੇ ਦੱਸਿਆ ਕਿ ਜਨਰਲ ਡਿਊਟੀ ਅਸਿਸਟੈਂਟ ਟਰੇਨੀ ਲਈ ਘੱਟੋ-ਘੱਟ ਯੋਗਤਾ 10ਵੀਂ ਪਾਸ ਹੈ। ਇਸ ਕੋਰਸ ਲਈ ਸਿਖਲਾਈ ਕੇਂਦਰ ਦਾ ਸਥਾਨ ਰੂਰਲ ਸਕਿੱਲ ਸੈਂਟਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਚੱਬੇਵਾਲ ਹੋਵੇਗਾ।

ਉਨ੍ਹਾਂ ਦੱਸਿਆ ਕਿ ਜਨਰਲ ਡਿਊਟੀ ਅਸਿਸਟੈਂਟ ਨਰਸਿੰਗ ਕੋਰਸ ਲਈ ਯੋਗਤਾ 10ਵੀਂ ਪਾਸ ਹੈ।

ਇਹ ਕੋਰਸ ਗੁਰੂ ਤੇਗ ਬਹਾਦਰ ਚੈਰੀਟੇਬਲ ਹੈਲਥ ਐਂਡ ਐਜੂਕੇਸ਼ਨ ਅਵੇਅਰਨੈਸ ਸੁਸਾਇਟੀ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਬੇਵਾਲ ਵਿਖੇ ਸਥਿਤ ਰੂਰਲ ਸਕਿੱਲ ਸੈਂਟਰ ਵਿਖੇ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਸਿਖਲਾਈ ਕੋਰਸ ਪੇਂਡੂ ਅਤੇ ਸ਼ਹਿਰੀ ਬਿਨੈਕਾਰ ਕਰ ਸਕਦੇ ਹਨ।

ਇਸ ਕੋਰਸ ਦੀ ਮਿਆਦ ਤਿੰਨ ਤੋਂ ਚਾਰ ਮਹੀਨੇ ਹੈ। ਸਿਖਲਾਈ ਪੂਰੀ ਕਰਨ ਤੋਂ ਬਾਅਦ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਪ੍ਰਾਈਵੇਟ ਨੌਕਰੀ ਦਿੱਤੀ ਜਾਵੇਗੀ। ਇਹ ਕੋਰਸ ਕਰਨ ਲਈ ਵਿਦਿਆਰਥੀ ਦੀ ਉਮਰ 18 ਸਾਲ ਹੋਣੀ ਚਾਹੀਦੀ ਹੈ।

# ਡਿਪਟੀ ਕਮਿਸ਼ਨਰ ਵੱਲੋਂ ਪੀ.ਡੀ.ਏ. ਦੇ ਵਿਕਾਸ ਪ੍ਰਾਜੈਕਟਾਂ ਦੀ ਸਮੀਖਿਆ

## ਪੀ.ਡੀ.ਏ. ਨਗਰ ਨਿਗਮ, ਬਿਜਲੀ ਨਿਗਮ, ਡਰੇਨੇਜ ਤੇ ਹੋਰ ਵਿਭਾਗ ਆਪਸੀ ਤਾਲਮੇਲ ਨਾਲ ਸਾਰੇ ਪ੍ਰਾਜੈਕਟਾਂ ਨੂੰ ਤੇਜੀ ਨਾਲ ਪੂਰਾ ਕਰਨ

**ਪਟਿਆਲਾ, 4 ਜਨਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਪੀ.ਡੀ.ਏ. (ਪਟਿਆਲਾ ਵਿਕਾਸ ਅਥਾਰਟੀ) ਦੇ ਵਿਕਾਸ ਪ੍ਰਾਜੈਕਟਾਂ ਦੀ ਸਮੀਖਿਆ ਕਰਦਿਆਂ ਪੀ.ਡੀ.ਏ., ਨਗਰ ਨਿਗਮ, ਬਿਜਲੀ ਨਿਗਮ, ਡਰੇਨੇਜ ਤੇ ਹੋਰ ਵਿਭਾਗਾਂ ਨੂੰ ਆਪਸੀ ਤਾਲਮੇਲ ਨਾਲ ਸਾਰੇ ਪ੍ਰਾਜੈਕਟਾਂ ਨੂੰ ਤੇਜੀ ਨਾਲ ਪੂਰਾ ਕਰਨ ਲਈ ਕਿਹਾ।

ਡਿਪਟੀ ਕਮਿਸ਼ਨਰ ਨੇ ਪੀ.ਡੀ.ਏ. ਦੀਆਂ 7 ਵੱਖ-ਵੱਖ ਸਾਇਟਾਂ ਨਗਰ ਨਿਗਮ ਨੂੰ ਤਬਦੀਲ ਕਰਨ, ਹੈਰੀਟੇਜ ਸਟਰੀਟ, ਛੋਟੀ ਨਦੀ ਅਤੇ ਵੱਡੀ ਨਦੀ ਦੇ ਨਵੀਨੀਕਰਨ ਦੇ ਲੰਬਿਤ ਪਏ ਕੰਮਾਂ ਸਮੇਤ ਹੋਰ ਪ੍ਰਾਜੈਕਟਾਂ ਦਾ ਜਾਇਜ਼ਾ ਲਿਆ। ਇਸ ਮੌਕੇ ਪੀ.ਡੀ.ਏ. ਦੇ ਮੁੱਖ ਪ੍ਰਸ਼ਾਸਕ ਮਨੀਸ਼ਾ ਰਾਣਾ, ਨਗਰ ਨਿਗਮ ਦੇ ਕਮਿਸ਼ਨਰ ਡਾ. ਰਜਤ ਓਬਰਾਏ, ਵਣ ਮੰਡਲ ਅਫ਼ਸਰ ਵਿੱਦਿਆ ਸਾਗਰੀ, ਵਧੀਕ ਪ੍ਰਸ਼ਾਸਕ ਪੀ.ਡੀ.ਏ. ਜਸ਼ਨਪ੍ਰੀਤ ਕੌਰ ਗਿੱਲ ਸਮੇਤ ਹੋਰ ਅਧਿਕਾਰੀ ਮੌਜੂਦ ਸਨ।


ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਪਟਿਆਲਾ ਸ਼ਹਿਰ ਦੇ ਵਿਕਾਸ ਪ੍ਰਾਜੈਕਟਾਂ ਦੀ ਸਮੀਖਿਆ ਕਰਦੇ ਹੋਏ। ਉਨ੍ਹਾਂ ਦੇ ਨਾਲ ਪੀਡੀਏ ਦੇ ਸੀਏ ਮਨੀਸ਼ਾ ਰਾਣਾ, ਨਗਰ ਨਿਗਮ ਦੇ ਕਮਿਸ਼ਨਰ ਡਾ. ਰਜਤ ਓਬਰਾਏ ਤੇ ਹੋਰ ਅਧਿਕਾਰੀ ਨਜ਼ਰ ਆ ਰਹੇ ਹਨ।

ਡਾ. ਪ੍ਰੀਤੀ ਯਾਦਵ ਨੇ ਸਾਂਝੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਅਕਾਲ ਕੰਪਲੈਕਸ ਨੇੜੇ ਅਮਰ ਆਸ਼ਰਮ, 15 ਏਕੜ ਸਾਈਟ (ਨੇੜੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ), 3.65 ਏਕੜ ਪੀ.ਆਰ.ਟੀ.ਸੀ. ਸਾਈਟ ਨਾਭਾ ਰੋਡ, 2.26 ਏਕੜ ਸਾਇਟ ਪਾਕੇਟ ਬੀ ਫੂਲਕੀਆਂ ਇਨਕਲੇਵ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਸਾਹਮਣੇ ਕਮਰਸ਼ੀਅਲ ਪਾਕੇਟ, ਫੂਲਕੀਆਂ ਇਨਕਲੇਵ, ਸ਼ੇਰ-ਏ-ਪੰਜਾਬ ਮਾਰਕੀਟ ਨੇੜੇ ਕਮਰਸ਼ੀਅਲ ਪਾਕੇਟ ਸਾਈਟਾਂ ਨਗਰ ਨਿਗਮ ਨੂੰ ਤਬਦੀਲ ਕਰਨ ਦੀ ਪ੍ਰਕ੍ਰਿਆ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਪੀ.ਡੀ.ਏ., ਨਗਰ ਨਿਗਮ, ਬਿਜਲੀ ਨਿਗਮ, ਡਰੇਨੇਜ ਤੇ ਹੋਰ ਵਿਭਾਗਾਂ ਨੂੰ ਕਿਹਾ ਕਿ ਸਾਰੇ ਕੰਮ ਆਪਸੀ ਤਾਲਮੇਲ ਕਰਦਿਆਂ ਸਮਾਂਬੱਧ ਢੰਗ ਨਾਲ ਨਿਪਟਾਏ ਜਾਣ। ਇਸੇ ਦੌਰਾਨ ਡਿਪਟੀ ਕਮਿਸ਼ਨਰ ਨੇ ਹੈਰੀਟੇਜ ਸਟਰੀਟ ਦੇ ਲਮਕਦੇ ਮਸਲਿਆਂ ਦੀ ਸਮੀਖਿਆ ਕਰਦਿਆਂ ਪੀ.ਡੀ.ਏ., ਬਿਜਲੀ ਨਿਗਮ ਤੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਲੋਕਾਂ ਦੀ ਮੁਸ਼ਕਿਲ ਦੇ ਮੱਦੇਨਜ਼ਰ ਇਸ ਪ੍ਰਾਜੈਕਟ ਦੇ ਲਮਕਦੇ ਕੰਮਾਂ ਨੂੰ ਸਮਾਂਬੱਧ ਢੰਗ ਨਾਲ ਮੁਕੰਮਲ ਕਰਨ ਨੂੰ ਤਰਜੀਹ ਦਿੱਤੀ ਜਾਵੇ। ਉਨ੍ਹਾਂ ਨੇ ਛੋਟੀ ਨਦੀ ਤੇ ਵੱਡੀ ਨਦੀ ਦੇ ਨਵੀਨੀਕਰਨ ਦੇ ਬਕਾਇਆ ਕੰਮਾਂ ਲਈ ਜੰਗਲਾਤ ਤੇ ਜੰਗਲੀ ਜੀਵ ਵਿਭਾਗਾਂ ਤੋਂ ਐਨ.ਓ.ਸੀ. ਲੈਣ ਲਈ ਲੋੜੀਂਦੀ ਪ੍ਰਕ੍ਰਿਆ ਤੁਰੰਤ ਮੁਕੰਮਲ ਕੀਤੀ ਜਾਵੇ। ਇਸ ਬੈਠਕ ਮੌਕੇ ਜੰਗਲੀ ਜੀਵ ਵਣ ਮੰਡਲ ਅਫ਼ਸਰ ਗੁਰਮਨਪ੍ਰੀਤ ਸਿੰਘ, ਨਗਰ ਨਿਗਮ ਦੇ ਨਿਗਰਾਨ ਇੰਜੀਨੀਅਰ ਹਰਕਿਰਨਿ ਸਿੰਘ, ਡਰੇਨੇਜ ਵਿਭਾਗ ਦੇ ਨਿਗਰਾਨ ਇੰਜੀਨੀਅਰ ਰਜਿੰਦਰ ਘਈ, ਪੀ.ਡੀ.ਏ., ਬਿਜਲੀ ਨਿਗਮ, ਸੀਵਰੇਜ ਬੋਰਡ ਤੇ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

## ਮੁੱਖ ਚੋਣ ਅਧਿਕਾਰੀ ਵੱਲੋਂ 'ਪੰਜਾਬ ਚੋਣ ਕੁਇਜ਼-2025' ਦਾ ਐਲਾਨ

## ਕੁਇਜ਼ ਮੁਕਾਬਲਾ ਕੌਮੀ ਵੋਟਰ ਦਿਵਸ ਨੂੰ ਮਨਾਉਣ ਲਈ ਸ਼ਾਨਦਾਰ ਪਹਿਲਕਦਮੀ: ਸਿਬਿਨ ਸੀ

**ਚੰਡੀਗੜ੍ਹ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਚੋਣ ਦਫ਼ਤਰ, ਪੰਜਾਬ ਵੱਲੋਂ 25 ਜਨਵਰੀ, 2025 ਨੂੰ ਮਨਾਏ ਜਾਣ ਵਾਲੇ ਕੌਮੀ ਵੋਟਰ ਦਿਵਸ ਮੌਕੇ ਪੰਜਾਬ ਚੋਣ ਕੁਇਜ਼-2025 ਸਿਰਲੇਖ ਹੇਠ ਸੂਬਾ-ਪੱਧਰੀ ਕੁਇਜ਼ ਮੁਕਾਬਲਾ ਕਰਵਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਪਹਿਲਕਦਮੀ ਦਾ ਉਦੇਸ਼ ਪੰਜਾਬ ਦੇ ਮੌਜੂਦਾ ਅਤੇ ਭਵਿੱਖ ਵਿੱਚ ਵੋਟਰ ਵਜੋਂ ਰਜਿਸਟਰ ਹੋਣ ਵਾਲੇ ਨੌਜਵਾਨਾਂ ਨੂੰ ਸ਼ਾਮਲ ਕਰਦਿਆਂ ਉਨ੍ਹਾਂ ਦਰਮਿਆਨ ਚੋਣ ਪ੍ਰਕਿਰਿਆਵਾਂ ਅਤੇ ਚੋਣ ਗਤੀਵਿਧੀਆਂ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਹੈ।

ਪੰਜਾਬ ਦੇ ਮੁੱਖ ਚੋਣ ਅਫ਼ਸਰ ਸਿਬਿਨ ਸੀ ਨੇ ਇਸ ਮੁਕਾਬਲੇ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਕੁਇਜ਼, ਪੰਜਾਬ ਦੇ ਲੋਕਾਂ ਵਿੱਚ ਚੋਣ ਪ੍ਰਕਿਰਿਆਵਾਂ ਸਬੰਧੀ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ ਅਤੇ ਉਨ੍ਹਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਕਦਮ ਹੈ। ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਇਸ ਸਮਾਗਮ ਵਿੱਚ ਮੀਡੀਆ ਅਤੇ ਵਿਦਿਅਕ ਸੰਸਥਾਵਾਂ ਸਮੇਤ ਵੱਖ-ਵੱਖ ਭਾਈਵਾਲਾਂ ਨੂੰ ਸ਼ਾਮਲ ਕਰਕੇ ਚੋਣਾਂ ਪ੍ਰਤੀ ਜਾਗਰੂਕਤਾ ਅਤੇ ਜ਼ਿੰਮੇਵਾਰ ਵੋਟਿੰਗ ਵਾਲਾ ਇੱਕ ਜੀਵੰਤ ਸੱਭਿਆਚਾਰ ਪੈਦਾ ਕਰਨਾ ਹੈ।

ਉਨ੍ਹਾਂ ਦੱਸਿਆ ਕਿ ਪੰਜਾਬ ਚੋਣ ਕੁਇਜ਼-2025 ਦੋ ਪੜਾਵਾਂ ਵਿੱਚ ਕਰਵਾਇਆ ਜਾਵੇਗਾ ਅਤੇ ਪਹਿਲੇ ਪੜਾਅ ਅਧੀਨ ਜ਼ਿਲ੍ਹਾ ਪੱਧਰ ਦੇ ਜੇਤੂਆਂ ਦੀ ਚੋਣ ਲਈ ਆਨਲਾਈਨ ਕੁਇਜ਼ ਮੁਕਾਬਲਾ ਹੋਵੇਗਾ, ਜਿਸ ਤੋਂ ਬਾਅਦ ਦੂਜੇ ਪੜਾਅ ਅਧੀਨ 24 ਜਨਵਰੀ, 2025 ਨੂੰ ਲੁਧਿਆਣਾ ਵਿਖੇ ਇੱਕ ਔਫਲਾਈਨ ਫਾਈਨਲ ਮੁਕਾਬਲਾ ਕਰਵਾਇਆ ਜਾਵੇਗਾ, ਜਿੱਥੇ ਚੋਟੀ ਦੇ ਸਨਮਾਨਾਂ ਲਈ 23 ਜ਼ਿਲ੍ਹਾ ਪੱਧਰੀ ਜੇਤੂਆਂ ਦਾ ਮੁਕਾਬਲਾ ਹੋਵੇਗਾ। ਕੌਮੀ ਵੋਟਰ ਦਿਵਸ ਨੂੰ ਮਨਾਉਣ ਲਈ ਲੁਧਿਆਣਾ ਵਿਖੇ 25 ਜਨਵਰੀ, 2025 ਨੂੰ ਹੋਣ ਵਾਲੇ ਮੁੱਖ ਸਮਾਗਮ ਤੋਂ ਪਹਿਲਾਂ ਕਰਵਾਇਆ ਜਾਣ ਵਾਲਾ ਇਹ ਇਵੈਂਟ ਢੁਕਵਾਂ ਮਾਹੌਲ ਤਿਆਰ ਕਰੇਗਾ। ਹਿੱਸਾ ਲੈਣ ਦੇ ਚਾਹਵਾਨ ਰਜਿਸਟ੍ਰੇਸ਼ਨ ਅਤੇ ਹੋਰ ਵੇਰਵਿਆਂ ਲਈ https://punjab.indiastatquiz.com/ 'ਤੇ ਲਾਗਇਨ ਕਰ ਸਕਦੇ ਹਨ।

ਇਸ ਮੁਕਾਬਲੇ ਪ੍ਰਤੀ ਉਤਸ਼ਾਹ ਨੂੰ ਵਧਾਉਣ ਲਈ ਸੂਬਾ-ਪੱਧਰੀ ਜੇਤੂਆਂ ਲਈ ਆਕਰਸ਼ਕ ਇਨਾਮ ਜਿਵੇਂ ਕਿ ਲੈਪਟਾਪ, ਟੈਬਲੇਟ ਤੇ ਸਮਾਰਟ ਵਾਚ ਅਤੇ ਜ਼ਿਲ੍ਹਾ ਪੱਧਰੀ ਜੇਤੂਆਂ ਨੂੰ ਸਮਾਰਟਫ਼ੋਨ ਜਿੱਤਣ ਦਾ ਮੌਕਾ ਮਿਲੇਗਾ।

ਇਹ ਇਨਾਮ ਵੰਡਣ ਦਾ ਉਦੇਸ਼ ਇਸ ਮੁਕਾਬਲੇ ਵਿੱਚ ਵੱਧ ਤੋਂ ਵੱਧ ਭਾਗੀਦਾਰੀ ਨੂੰ ਉਤਸ਼ਾਹਿਤ ਕਰਨਾ ਅਤੇ ਪ੍ਰਤੀਯੋਗੀਆਂ ਦੇ ਗਿਆਨ ਅਤੇ ਉਤਸ਼ਾਹ ਨੂੰ ਮਾਨਤਾ ਦੇਣਾ ਹੈ।

ਇੱਕ ਬੁਲਾਰੇ ਨੇ ਦੱਸਿਆ ਕਿ ਆਨਲਾਈਨ ਰਜਿਸਟ੍ਰੇਸ਼ਨ 28 ਦਸੰਬਰ, 2024 ਤੋਂ ਸ਼ੁਰੂ ਹੋ ਚੁੱਕੀ ਹੈ ਅਤੇ ਚਾਹਵਾਨ ਉਮੀਦਵਾਰ 17 ਜਨਵਰੀ, 2025 ਤੱਕ ਰਜਿਸਟਰ ਕਰ ਸਕਣਗੇ। ਆਨਲਾਈਨ ਕੁਇਜ਼ ਮੁਕਾਬਲਾ 19 ਜਨਵਰੀ, 2025 ਨੂੰ ਹੋਵੇਗਾ ਅਤੇ ਆਫ਼ਲਾਈਨ ਰਾਜ ਪੱਧਰੀ ਫਾਈਨਲ ਕੁਇਜ਼ ਮੁਕਾਬਲਾ ਲੁਧਿਆਣਾ ਵਿਖੇ 24 ਜਨਵਰੀ, 2025 ਨੂੰ ਹੋਵੇਗਾ। ਇਹ ਈਵੈਂਟ ਡੇਟਾਨੈੱਟ ਇੰਡੀਆ ਪ੍ਰਾਈਵੇਟ ਲਿਮਟਿਡ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

ਕੌਮੀ ਵੋਟਰ ਦਿਵਸ, 2025 ਮੌਕੇ ਕਰਵਾਇਆ ਜਾ ਰਿਹਾ ਇਹ ਕੁਇਜ਼ ਮੁਕਾਬਲਾ, ਨਾਗਰਿਕਾਂ ਅਤੇ ਵਿਦਿਆਰਥੀਆਂ ਦਰਮਿਆਨ ਜਾਗਰੂਕਤਾ ਪੈਦਾ ਕਰਦਿਆਂ ਜਮਹੂਰੀਅਤ ਅਤੇ ਸ਼ਮੂਲੀਅਤ ਦੀਆਂ ਕਦਰਾਂ-ਕੀਮਤਾਂ ਨੂੰ ਹੋਰ ਮਜ਼ਬੂਤ ਕਰਨ ਲਈ ਢੁਕਵਾਂ ਮੰਚ ਪ੍ਰਦਾਨ ਕਰੇਗਾ।

## ਲੋਕ ਆਵਾਜ਼ ਪ੍ਰੈਸ ਕਲੱਬ ਪਾਤੜਾਂ ਦੇ ਰਜਿਸਟਰਡ ਹੋਣ 'ਤੇ ਖੁਸ਼ੀ ਪ੍ਰਗਟ



**ਪਾਤੜਾਂ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਆਵਾਜ਼ ਪ੍ਰੈਸ ਕਲੱਬ ਪਾਤੜਾਂ ਦੀ ਵਿਸ਼ੇਸ਼ ਮੀਟਿੰਗ ਕਲੱਬ ਦੇ ਪ੍ਰਧਾਨ ਹਰਭਜਨ ਸਿੰਘ ਮਹਿਰੋਕ ਦੀ ਅਗਵਾਈ ਹੇਠ ਹੋਈ । ਜਿਸ ਵਿਚ ਲੋਕ ਆਵਾਜ਼ ਪ੍ਰੈਸ ਕਲੱਬ ਪਾਤੜਾਂ ਦੇ ਰਜਿਸਟਰਡ ਹੋਣ ਦੀ ਖੁਸ਼ੀ ਵਿੱਚ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ ।

ਇਸ ਮੌਕੇ ਪ੍ਰੈਸ ਕਲੱਬ ਦੇ ਆਹੁਦੇਦਾਰ ਐਡਵੋਕੇਟ ਬਿਕਰਮਜੀਤ ਸਿੰਘ ਘੁੰਮਣ ਦਾ ਸਨਮਾਨ ਚਿੰਨ੍ਹ ਨਾਲ ਸਵਾਗਤ ਕੀਤਾ ਗਿਆ । ਇਸ ਦੌਰਾਨ ਕਲੱਬ ਦੇ ਪ੍ਰਧਾਨ ਹਰਭਜਨ 0ਮਹਿਰੋਕ ਅਤੇ ਸੀਨੀਅਰ ਮੀਤ ਪ੍ਰਧਾਨ ਹਰਪਾਲ ਸਨੇਹੀ ਘੱਗਾ ਨੇ ਨਵ ਨਿਯੁਕਤ ਪ੍ਰੈਸ ਕਲੱਬ ਨੂੰ ਰਜਿਸਟਰਡ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਬਿਕਰਮਜੀਤ ਸਿੰਘ ਘੁੰਮਣ ਦਾ ਸਵਾਗਤ ਕਰਦਿਆਂ ਕਿਹਾ ਕਿ ਪ੍ਰੈਸ ਕਲੱਬ ਦੇ ਸਮੂਹ ਆਹੁਦੇਦਾਰ ਸਾਫ - ਸੁਥਰੀ, ਪ੍ਰਤੱਖ, ਬਿਨਾਂ ਲਾਲਚ ਅਤੇ ਸਮੱਸਿਆਵਾਂ ਉਜਾਗਰ ਕਰਨ ਵਾਲੀ ਨਿਰਪੱਖ ਪੱਤਰਕਾਰੀ ਕਰਨ ਲਈ ਬਚਨਬੱਧ ਹਨ ।

## ਬੀਤ ਇਲਾਕੇ ਦੇ ਪਿੰਡ ਪੰਡੋਰੀ ਵਿਚ ਲਗਾਤਾਰ ਹੋ ਰਹੀ ਨਾਜਾਇਜ਼ ਮਾਈਨਿੰਗ, ਵਿਭਾਗ ਬੇਖਬਰ



**ਗੜ੍ਹਸ਼ੰਕਰ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤ ਇਲਾਕੇ ਦੇ ਪਿੰਡ ਪੰਡੋਰੀ-ਭਡਿਆਰ ਵਿਚ ਪਿਛਲੇ ਕਰੀਬ ਤਿੰਨ ਹਫਤਿਆਂ ਤੋਂ ਲਗਾਤਾਰ ਨਾਜਾਇਜ਼ ਮਾਈਨਿੰਗ ਕੀਤੀ ਜਾ ਰਹੀ ਹੈ। ਮੌਕੇ 'ਤੇ ਜਾ ਕੇ ਇਕੱਤਰ ਜਾਣਕਾਰੀ ਮੁਤਾਬਕ ਪੰਡੋਰੀ ਤੋਂ ਬਾਹਰ ਵਾਰ ਪਿੰਡ ਤੋਂ ਲਹਿੰਦੇ ਪਾਸੇ ਮੈਹਿੰਦਵਾਣੀ ਨੂੰ ਜਾ ਰਹੀ ਸੜਕ 'ਤੇ ਸਾਈਂ ਬਾਬਾ ਮੰਦਰ ਦੇ ਨੇੜੇ ਮੇਨ ਸੜਕ ਤੋਂ ਕਰੀਬ 150 ਫੁੱਟ ਦੂਰੀ ਤੇ ਲਹਿੰਦੇ ਪਾਸੇ ਸ਼ਮਸ਼ਾਨ ਘਾਟ ਦੇ ਪਿਛਲੇ ਪਾਸੇ (ਜੰਗਲ ਨਾਲ) ਵੱਡੇ-ਵੱਡੇ ਪਹਾੜਾਂ ਨੂੰ ਜੇ. ਸੀ. ਬੀ. ਮਸ਼ੀਨ ਨਾਲ ਪੁੱਟ ਕੇ ਪਹਾੜੀ ਹੇਠੋਂ ਚਿੱਟੀ ਰੇਤ ਕੱਢ ਕੇ ਸਪਲਾਈ ਕੀਤੀ ਜਾਂਦੀ ਹੈ। ਮੌਕੇ 'ਤੇ ਕੱਟੀਆਂ ਹੋਈਆਂ ਪਹਾੜੀਆਂ ਦੂਰ ਤੋਂ ਦਿਖਾਈ ਦਿੰਦੀਆਂ ਹਨ ਅਤੇ ਮੌਕੇ 'ਤੇ ਟਰੈਕਟਰ ਟਰਾਲੀਆਂ ਅਤੇ ਟਿੱਪਰਾਂ ਦੇ ਟਾਈਰਾਂ ਦੇ ਨਿਸ਼ਾਨ ਸਾਫ-ਸਾਫ ਦਿਖਾਈ ਦੇ ਰਹੇ ਹਨ।ਮੌਕੇ 'ਤੇ ਮੌਜੂਦ ਕੁਝ ਲੋਕਾਂ ਨੇ ਦੱਸਿਆ ਕਿ ਰਾਤ' ਦੇ ਹਨੇਰੇ ਵਿਚ ਜੇ. ਸੀ. ਬੀ. ਨਾਲ ਰੇਤ ਕੱਢੀ ਜਾਂਦੀ ਹੈ ਤੇ ਟਰਾਲੀਆਂ ਟਿੱਪਰ ਭਰਕੇ ਰੇਤ ਕੱਢ ਕੇ ਵੇਚੀ ਜਾ ਰਹੀ ਹੈ। ਇਹ ਧੰਦਾ ਪਿਛਲੇ ਕਰੀਬ ਤਿੰਨ ਹਫਤਿਆਂ ਤੋਂ ਲਗਾਤਾਰ ਰਾਤ ਨੂੰ ਚਲਾਇਆ ਜਾ ਰਿਹਾ ਹੈ ਅਤੇ ਦਿਨ ਵੇਲੇ ਜੇ. ਸੀ. ਬੀ. ਤੇ ਹੋਰ ਵਾਹਨ ਇਥੋਂ ਹਟਾ ਲਏ ਜਾਂਦੇ ਹਨ। ਹਰ ਰੋਜ਼ ਜਿਸ ਥਾਂ ਤੋਂ ਰੇਤ ਵੇਚੀ 'ਜਾ ਰਹੀ ਹੈ ਉਨ੍ਹਾਂ ਟੋਇਆਂ ਨੂੰ ਪੂਰ ਕੇ ਮਾਈਨਿੰਗ ਵਾਲੀ ਜ਼ਮੀਨ ਨੂੰ ਪੱਧਰੀ ਕਰ ਕੇ ਨਿਸ਼ਾਨ ਮਿਟਾ ਦਿੱਤੇ ਜਾਂਦੇ ਹਨ।

ਇਸ ਸਬੰਧੀ ਮਾਈਨਿੰਗ ਵਿਭਾਗ ਦੇ ਐੱਸ. ਡੀ. ਓ. ਹਰਜਿੰਦਰ ਸਿੰਘ ਨੇ ਦੱਸਿਆ ਕਿ ਉਹ ਮੌਕੇ 'ਤੇ ਜਾ ਰਹੇ ਹਨ ਤੇ ਬਣਦੀ ਕਾਰਵਾਈ ਕਰਨਗੇ । ਵਣ ਰੇਂਜ ਅਫਸਰ ਮਨੋਹਰ ਲਾਲ ਨੇ ਵਾਰ ਵਾਰ ਕਰਨ 'ਤੇ ਵੀ ਫੋਨ ਨਹੀਂ ਚੁੱਕਿਆ।

## ਪੰਜਾਬ ਸਰਕਾਰ ਵੱਲੋਂ ਸੂਬੇ ਦੇ ਆਂਗਣਵਾੜੀ ਸੈਂਟਰਾਂ 'ਚ 7 ਜਨਵਰੀ ਤੱਕ ਛੁੱਟੀਆਂ 'ਚ ਵਾਧਾ: ਡਾ. ਬਲਜੀਤ ਕੌਰ

**ਚੰਡੀਗੜ੍ਹ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਨੇ ਸੂਬੇ ਦੇ ਆਂਗਣਵਾੜੀ ਸੈਂਟਰਾਂ ਵਿੱਚ ਸਰਦੀਆਂ ਦੇ ਮੌਸਮ ਦੇ ਮੱਦੇਨਜ਼ਰ 3-6 ਸਾਲ ਦੇ ਬੱਚਿਆ ਨੂੰ 7 ਜਨਵਰੀ, 2025 ਤੱਕ ਛੁੱਟੀਆਂ ਕਰਨ ਦਾ ਫ਼ੈਸਲਾ ਕੀਤਾ ਹੈ।

ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ ਬਲਜੀਤ ਕੌਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਰਦੀਆਂ ਦੇ ਮੌਸਮ ਕਾਰਨ ਛੋਟੇ ਬੱਚਿਆ ਦਾ ਆਂਗਣਵਾੜੀ ਸੈਂਟਰਾਂ ਵਿੱਚ ਆਉਣਾ ਬਹੁਤ ਮੁਸ਼ਕਿਲ ਹੈ, ਜਿਸ ਦੇ ਮੱਦੇਨਜਰ ਪੰਜਾਬ ਸਰਕਾਰ ਵੱਲੋਂ ਆਂਗਣਵਾੜੀ ਸੈਂਟਰਾਂ ਵਿੱਚ 3 ਤੋਂ 6 ਸਾਲ ਦੇ ਬੱਚਿਆਂ ਨੂੰ 7 ਜਨਵਰੀ 2025 ਤੱਕ ਛੁੱਟੀਆਂ ਕੀਤੀਆਂ ਹਨ। ਆਂਗਣਵਾੜੀ ਵਰਕਰਾਂ ਵੱਲੋਂ 3-6 ਸਾਲ ਦੇ ਬੱਚਿਆ ਨੂੰ ਛੁੱਟੀਆਂ ਦੌਰਾਂਨ ਟੇਕਹੋਮ ਰਾਸ਼ਨ ਦਿੱਤਾ ਜਾਵੇ।

## ਕਲਾਸ ਫੌਰਥ ਇੰਪਲਾਇਜ਼ ਯੂਨੀਅਨ ਵੱਲੋਂ ਮਰਹੂਮ ਮੁਲਾਜ਼ਮ ਆਗੂਆਂ ਨੂੰ ਸਮਰਪਿਤ ਸਾਲ 2025 ਦਾ ਕਲੰਡਰ ਜਾਰੀ

**ਪਟਿਆਲਾ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ, ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਵੱਲੋਂ ਇਕੱਤਰਤਾ ਕਰਕੇ ਨਵੇਂ ਸਾਲ ਦਾ ਕਲੰਡਰ ਮੁਲਾਜਮ ਲਹਿਰ ਦੇ ਮਹਿਰੂਮ ਆਗੂ ਕਾ. ਸੱਜਣ ਸਿੰਘ, ਕਾ. ਰਣਬੀਰ ਸਿੰਘ ਢਿੱਲੋਂ ਨੂੰ ਸਮਰਪਿਤ ਜਾਰੀ ਕੀਤਾ। ਇਸ ਮੌਕੇ ਜੋ ਪ੍ਰਮੁੱਖ ਆਗੂ ਹਾਜਰ ਸਨ। ਜਿਸ ਵਿੱਚ ਦਰਸ਼ਨ ਸਿੰਘ ਲੁਬਾਣਾ, ਰਣਜੀਤ ਸਿੰਘ ਰਾਣਵਾਂ, ਸਵਰਨ ਸਿੰਘ ਬੰਗਾ, ਬਲਜਿੰਦਰ ਸਿੰਘ, ਰਾਮ ਲਾਲ ਰਾਮਾ, ਰਾਜੇਸ਼ ਗੋਲੂ, ਦੀਪ ਚੰਦ ਹੰਸ, ਮਾਧੋ ਰਾਹੀ, ਰਾਮ ਪ੍ਰਸਾਦ ਸਹੋਤਾ, ਰਾਮ ਕਿਸ਼ਨ, ਵਰਿੰਦਰ ਬੈਣੀ, ਅਸ਼ੋਕ ਬਿੱਟੂ, ਦਰਸ਼ੀ ਕਾਂਤ, ਸ਼ਿਵ ਚਰਨ, ਲਖਵੀਰ ਲੱਕੀ, ਮੇਜਰ ਸਿੰਘ, ਰਾਮ ਦਾਸ, ਹਰਬੰਸ ਵਰਮਾ, ਬਾਬੂ ਰਾਮ ਬੱਬੂ, ਤਰਲੋਚਨ ਮਾੜੂ, ਵੈਦ ਪ੍ਰਕਾਸ਼, ਮੱਖਣ ਸਿੰਘ, ਨਾਰੰਗ ਸਿੰਘ, ਬਲਬੀਰ ਸਿੰਘ, ਗੁਰਿੰਦਰ ਗੁਰੀ, ਭੀਮ ਸਿੰਘ, ਪ੍ਰਕਾਸ਼ ਲੁਬਾਣਾ, ਸਤਿ ਨਰਾਇਣ ਗੋਨੀ, ਬੰਸੀ ਲਾਲ, ਨਿਸ਼ਾ ਰਾਣੀ, ਹਰਦੀਪ ਸਿੰਘ, ਜਗਤਾਰ ਲਾਲ, ਦਰਸ਼ਨ ਜੋੜੇਮਾਜਰਾ, ਰਾਜ ਕੁਮਾਰ, ਲਖਵੀਰ ਸਿੰਘ, ਵਿਕਰਮਜੀਤ ਸਿੰਘ ਆਦਿ।



ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਨੇ ਕਿਹਾ ਕਿ ਮੁਲਾਜਮ ਤੇ ਪੈਨਸ਼ਨਰ ਮੰਗਾਂ ਲਈ ਕਾ. ਸੱਜਣ ਸਿੰਘ ਅਤੇ ਕਾ. ਰਣਬੀਰ ਸਿੰਘ ਢਿੱਲੋਂ ਨੇ ਆਪਣੀ ਪੂਰੀ ਜਿੰਦਗੀ ਲਗਾ ਦਿੱਤੀ, ਇਹਨਾਂ ਵੱਲੋਂ ਮਰਨ ਵਰਤ ਰੱਖਕੇ ਮੁਲਾਜਮਾਂ ਲਈ ਤੇ ਪੈਨਸ਼ਨਰਾਂ ਲਈ ਵੇਤਨ ਕਮਿਸ਼ਨਾਂ ਦਾ ਗਠਨ ਕਰਵਾਇਆ ਤੇ ਇਹਨਾਂ ਦੀਆਂ ਰਿਪੋਰਟਾਂ ਵੀ ਸੰਘਰਸ਼ਾਂ ਰਾਹੀਂ ਪ੍ਰਾਪਤ ਕਰਕੇ ਲਾਗੂ ਕਰਵਾਈਆਂ ਅਤੇ ਹੋਰ ਵੀ ਕੱਚੇ ਕਾਮਿਆਂ ਨੂੰ ਪੱਕਾ ਕਰਵਾਇਆ ਗਿਆ ਸਮੇਤ ਅਨੇਕਾਂ ਪ੍ਰਾਪਤੀਆਂ ਇਹਨਾਂ ਦੀ ਦੂਰ ਅੰਦੇਸ਼ੀ ਸੰਘਰਸ਼ਾਂ ਸਦਕਾ ਹੋਇਆ। ਇਹਨਾਂ ਆਗੂਆਂ ਨੇ ਕਿਹਾ ਕਿ ਮੌਜੂਦਾ ਸਰਕਾਰ ਮੁਲਾਜਮਾਂ—ਪੈਨਸ਼ਨਰਾਂ ਨੂੰ ਮਿਲ ਰਹੀਆਂ ਸਹੂਲਤਾਂ ਖੋਹਣ ਵੱਲ ਜਾ ਰਹੀਆਂ ਹਨ। 2004 ਦੀ ਪੈਨਸ਼ਨ ਬਹਾਲੀ ਕੱਚੇ ਕਰਮੀਆਂ, ਮਿਡ ਡੇ ਮੀਲ, ਆਸ਼ਾ ਵਰਕਰਾਂ, ਆਂਗਣਵਾੜੀ ਸਮੇਤ ਅਨੇਕਾਂ ਸਕੀਮ ਵਰਕਰਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ। ਨਿਚਲੀ ਸ਼੍ਰੇਣੀ ਦੀਆਂ ਨਿਯੁਕਤੀਆਂ ਲਈ ਸਰਕਾਰੀ ਅਦਾਰਿਆਂ ਵਿੱਚ ਰੈਗੂਲਰ ਭਰਤੀ ਦੇ ਦਰਵਾਜੇ ਪੱਕੇ ਬੰਦ ਕਰ ਦਿੱਤੇ ਹਨ। ਵਿਭਾਗਾਂ ਦੇ ਪੁਨਰਗਠਨ ਦੇ ਸਮੇਂ ਤੇ ਅਸਾਮੀਆਂ ਖਤਮ ਕਰਕੇ ਵਿਭਾਗਾ ਨੂੰ ਠੇਕੇਦਾਰੀ ਪ੍ਰਥਾ ਵੱਲ ਧੱਕਿਆ ਜਾ ਰਿਹਾ ਹੈ। ਜੰਗਲਾਤ, ਸਿੱਖਿਆ ਵਿਭਾਗ, ਸਿਹਤ ਵਿਭਾਗ, ਸਥਾਨਕ ਸਰਕਾਰਾਂ ਵਿਭਾਗ ਵਿਚਲੇ ਕੱਚੇ ਕਰਮੀਆਂ, ਸਫਾਈ ਸੇਵਕਾਂ, ਸੀਵਰਮੈਨਾਂ ਆਦਿ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਵਿਚਲੇ ਦਿਹਾੜੀਦਾਰ, ਕੰਟਰੈਕਟ, ਆਉਟ ਸੋਰਸ, ਡੀ.ਸੀ. ਰੇਟਾਂ ਤੇ ਕੰਮ ਕਰ ਕਰਦੇ ਤੇ ਏਜੰਸੀਆਂ ਰਾਹੀਂ ਕੰਮ ਕਰਦੇ ਕਰਮੀਆਂ ਨੂੰ ਰੈਗੂਲਰ ਕਰਵਾਉਣ ਲਈ ਜਨਵਰੀ ਦੇ ਅੱਧ ਵਿੱਚ ਮਿਤੀ 15 ਜਨਵਰੀ ਨੂੰ ਮੋਹਾਲੀ ਵਿਖੇ ਵੱਖ-ਵੱਖ ਵਿਭਾਗ ਅੱਗੇ ਰੈਲੀਆਂ ਕੀਤੀਆਂ ਜਾਣਗੀਆਂ ਅਤੇ ਮਿਤੀ 25 ਅਤੇ 26 ਜਨਵਰੀ ਨੂੰ ਜਿਲਾ ਸਦਰ ਮੁਕਾਮਾ ਤੇ ਕਲਾਸ ਫੋਰਥ ਯੂਨੀਅਨ ਵਲੋਂ ਸਮੂਹਕ ਭੁੱਖ ਹੜਤਾਲਾਂ ਕੀਤੀਆ ਜਾਣਗੀਆਂ। ਅੱਜ ਦੀ ਇਕੱਤਰਤਾ ਵਿੱਚ ਕਿਸਾਨਾਂ ਦੇ ਪ੍ਰਮੁੱਖ ਆਗੂ ਜਗਜੀਤ ਸਿੰਘ ਡਲੇਵਾਲ ਦੇ 36 ਦਿਨ ਮਰਨ ਵਰਤ ਦੀ ਪੁਰਜੋਰ ਹਮਾਇਤ ਕੀਤੀ ਗਈ ਅਤੇ ਮਰਹੂਮ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਟਰੇਡ ਯੂਨੀਅਨ ਦੇ ਮਰਹੂਮ ਆਗੂ ਗੁਰਬੰਸ ਸਿੰਘ ਬਠਿੰਡਾ ਤੇ ਧਰਮ ਸਿੰਘ ਲਹਿਰਾਗਾਗ ਪ੍ਰਤੀ ਸ਼ਰਧਾਂਜਲੀ ਭੇਂਟ ਕੀਤੀ ਗਈ।

## ਅਗਰਵਾਲ ਸਭਾ ਸੁਨਾਮ ਵੱਲੋਂ ਏਕਮ ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ

**ਸੁਨਾਮ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਭਾ ਵੱਲੋਂ ਇਹ ਦਿਹਾੜਾ ਹਰ ਦੇਸੀ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਦੀ ਪੂਜਾ ਅਤੇ ਭੋਗ ਪ੍ਰਸਾਦਿ ਦੀ ਸੇਵਾ ਸਭਾ ਦੇ ਚੇਅਰਮੈਨ ਸ੍ਰੀ ਮਨਪ੍ਰੀਤ ਬਾਂਸਲ ਅਤੇ ਉਸ ਦੇ ਪਰਿਵਾਰ ਵੱਲੋਂ ਨਿਭਾਈ ਗਈ। ਇਸ ਮੌਕੇ ਤੇ ਭਾਰੀ ਗਿਣਤੀ ਵਿੱਚ ਸਭਾ ਦੇ ਮੈਂਬਰਾਂ ਨੇ ਭਾਗ ਲਿਆ। ਸਭਾ ਦੇ ਪ੍ਰਧਾਨ ਹਕੂਮਤ ਰਾਏ ਜਿੰਦਲ, ਚੇਅਰਮੈਨ ਮਨਪ੍ਰੀਤ ਬਾਂਸਲ, ਸਰਪ੍ਰਸਤ ਵੇਦ ਪ੍ਰਕਾਸ਼ ਹੋਡਲਾ, ਜਨਰਲ ਸਕੱਤਰ ਕ੍ਰਿਸ਼ਨ ਸੰਦੋਹਾ, ਪ੍ਰੋਜੈਕਟ ਚੇਅਰਮੈਨ ਵਿਕਰਮ ਗਰਗ ਵਿੱਕੀ ਨੇ ਇਹ ਦਿਹਾੜਾ ਮਨਾਉਣ ਲਈ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਨਵੇਂ ਸਾਲ ਦੀ ਵਧਾਈ ਦਿੱਤੀ ਤੇ ਸਾਰਿਆ ਦੀ ਚੰਗੀ ਸੇਹਤ ਦੀ ਕਾਮਨਾ ਕੀਤੀ।




ਇਸ ਮੌਕੇ ਤੇ ਐਡਵੋਕੇਟ ਦੀਪਕ ਗੋਇਲ ਨੂੰ ਨਵੇਂ ਈ,ਓ, ਸਲੈਕਟ ਹੋਣ ਤੇ ਅਤੇ ਸ੍ਰੀ ਰੋਨਿਤ ਗੋਇਲ ਨੂੰ ਸੀ, ਏ, ਬਨਣ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਹਰੀ ਦੇਵ ਗੋਇਲ,ਰਾਮ ਲਾਲ ਰਾਮਾ ਆਲਮਪੁਰੀਆ, ਮਾਸਟਰ ਰਾਜੀਵ ਬਿੰਦਲ,ਭੀਮ ਸੈਨ ਧਰਮਗੜ੍ਹ, ਯਸ਼ਪਾਲ ਸਿੰਗਲਾ, ਰਾਜੀਵ ਬਿੱਟੂ,ਆਰ,ਡੀ ਕਾਸਲ, ਗੌਰਵ ਜ਼ਨਾਲੀਆ,ਪਵਨ ਸੈਕਟਰੀ, ਵਿਨੋਦ ਕੁਮਾਰ, ਗਿਰਧਾਰੀ ਲਾਲ ਜਿੰਦਲ, ਅਸ਼ੋਕ ਕੁਮਾਰ ਬਾਂਸਲ,ਧੀਰਜ ਗੋਇਲ, ਮੁਕੇਸ਼ ਕੁਮਾਰ, ਆਸ਼ੀਸ਼ ਜੈਨ,ਕਮਲ ਗਰਗ, ਰਾਮ ਲਾਲ ਤਾਇਲ, ਅਤੁਲ ਕੁਮਾਰ,ਤਨੁੱਜ ਜਿੰਦਲ, ਵਿਮਲ ਕੁਮਾਰ,ਹਰੀ ਓਮ, ਨਰੇਸ਼ ਕੁਮਾਰ ਸਿੰਗਲਾ, ਸੁਭਾਸ਼ ਚੰਦ ਗੋਇਲ, ਸ਼੍ਰੀਮਤੀ ਰੇਵਾ ਛਾਹੜੀਆਂ, ਹੈਪੀ ਜੈਨ, ਮੰਜੂ ਗਰਗ, ਦਰਸ਼ਨਾਂ ਦੇਵੀ ਅਤੇ ਪ੍ਰਵੀਨ ਦੇਵੀ ਸਮੇਤ ਭਾਰੀ ਗਿਣਤੀ ਵਿੱਚ ਸਭਾ ਦੇ ਮੈਂਬਰ ਹਾਜ਼ਰ ਸਨ।

## ਅਜੋਕੇ ਸਮੇਂ ਵਿੱਚ ਚੱਲ ਰਹੇ ਕਿਸਾਨ ਅੰਦੋਲਨ ਨੂੰ ਸਮਰਥਨ ਦੇਣ ਲਈ ਕੀਤੀ ਗੇਟ ਰੈਲੀ



**ਸਮਾਣਾ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਪੰਜਾਬ ਅੰਦਰ ਚੱਲ ਰਹੇ ਕਿਸਾਨੀ ਸੰਘਰਸ਼ ਦੇ ਮੱਦੇਨਜ਼ਰ ਖਨੌਰੀ ਬਾਡਰ ਤੇ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਨੂੰ ਸਮਰਥਨ ਦੇਣ ਲਈ ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਡਵੀਜ਼ਨ ਸਮਾਣਾ ਵੱਲੋਂ ਇੱਕ ਗੇਟ ਰੈਲੀ ਬਿਜਲੀ ਬੋਰਡ ਦੇ ਦਫ਼ਤਰ ਅੱਗੇ ਕੀਤੀ ਗਈ। ਗੇਟ ਰੈਲੀ ਦੀ ਅਗਵਾਈ ਡਵੀਜ਼ਨ ਪ੍ਰਧਾਨ ਗੁਰਮੇਲ ਰਾਮ ਵੱਲੋਂ ਕੀਤੀ ਗਈ। ਰੈਲੀ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੀਆਂ ਮੰਗਾਂ ਨੂੰ ਪੂਰਾ ਨਾ ਕਰਨ ਦੇ ਅੜੀਅਲ ਵਤੀਰੇ ਦੀ ਨਿੰਦਾ ਕੀਤੀ।

ਉਹਨਾਂ ਨੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੀ ਗੱਲਬਾਤ ਸੁਣਨ ਲਈ ਅਤੇ ਉਹਨਾਂ ਦੀਆਂ ਮੰਗਾਂ ਮੰਨਣ ਦੀ ਅਪੀਲ ਕੀਤੀ।ਇਸ ਤੋਂ ਇਲਾਵਾ ਲੰਮੇ ਸਮੇਂ ਤੋਂ ਕਿਸਾਨ ਆਗੂ ਸ੍ਰੀ ਜਗਜੀਤ ਸਿੰਘ ਡੱਲੇਵਾਲ ਜਿਹੜੇ ਮਰਨ ਵਰਤ ਤੇ ਬੈਠੇ ਹਨ ਉਹਨਾਂ ਦੀ ਸਿਹਤ ਵੱਲ ਪੰਜਾਬ ਸਰਕਾਰ ਜਲਦੀ ਧਿਆਨ ਦੇਵੇ ।

ਬੁਲਾਰਿਆਂ ਵਲੋਂ ਦੱਸਿਆ ਗਿਆ ਕਿ ਪਿਛਲੇ ਸਮੇਂ ਤੋਂ ਕਿਸਾਨ ਮਜ਼ਦੂਰ ਅਤੇ ਹੋਰ ਮਿਹਨਤਕਸ਼ ਲੋਕਾਂ ਦੀਆਂ ਜੱਥੇਬੰਦੀਆਂ ਵੱਲੋਂ ਮੋਦੀ ਸਰਕਾਰ ਵਿਰੁੱਧ ਕਾਲੇ ਕਾਨੂੰਨ ਰੱਦ ਕਰਵਾਉਣ ਲਈ ਅਤੇ ਫ਼ਸਲੀ ਐਮ ਐਸ ਪੀ ਲੈਣ ਲਈ, ਸਰਕਾਰੀ ਅਦਾਰੇ ਪ੍ਰਾਈਵੇਟ ਕਰਨ ਤੋਂ ਰੋਕਣ ਲਈ ਸੰਘਰਸ਼ ਕਰ ਰਹੀਆਂ ਹਨ। ਇਸ ਤੋਂ ਇਲਾਵਾ ਸਰਕਾਰ ਵੱਲੋਂ ਚੰਡੀਗੜ੍ਹ ਬੋਰਡ ਨੂੰ ਪ੍ਰਾਈਵੇਟ ਕਰਨ ਦਾ ਵੀ ਜੱਥੇਬੰਦੀ ਸਖ਼ਤ ਵਿਰੋਧ ਕਰਦੀ ਹੈ। ਅੱਜ ਦੀ ਰੈਲੀ ਵਿਚ ਪ੍ਰਧਾਨ ਗੁਰਮੇਲ ਰਾਮ ਸੀਨੀਅਰ ਮੀਤ ਪ੍ਰਧਾਨ ਜਗਦੀਸ਼ ਸਿੰਘ ਸਕੱਤਰ ਜਗਵਿੰਦਰ ਸਿੰਘ ਕੈਸ਼ੀਅਰ ਚਮਕੌਰ ਸਿੰਘ ਪਿਆਰਾ ਸਿੰਘ ਸਤਿਗੁਰੂ ਸਿੰਘ ਪ੍ਰਧਾਨ ਮੱਘਰ ਸਿੰਘ ਰਟਾਇਰੀ ਯੂਨੀਅਨ ਏਟਕ ਸਮਾਣਾ ਅਮਰੀਕ ਸਿੰਘ ਗੁਰਮੀਤ ਸਿੰਘ ਅਤੇ ਹੋਰ ਬਹੁਤ ਸਾਰੇ ਸਾਥੀਆਂ ਨੇ ਹਾਜ਼ਰ ਸਨ

## ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਮਨਾਉਣ ਸਬੰਧੀ ਕੀਤੀਆਂ ਵਿਚਾਰਾਂ



**ਸਾਹਨੇਵਾਲ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਲਿਤ ਜਾਗ੍ਰਿਤੀ ਫੈਡਰੇਸ਼ਨ ਦੇ ਪ੍ਰਧਾਨ ਸਰਬਜੀਤ ਸਿੰਘ ਕਡਿਆਣਾ ਸਮੇਤ ਸਮੂਹ ਮੈਂਬਰਾਂ ਵੱਲੋਂ ਧੰਨ-ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਵੱਡੇ ਪੱਧਰ ਤੇ ਮਨਾਉਣ ਸਬੰਧੀ ਮੀਟਿੰਗ ਕੀਤੀ ਗਈ।ਮੀਟਿੰਗ ਉਪਰੰਤ ਪ੍ਰਧਾਨ ਸਰਬਜੀਤ ਸਿੰਘ ਕਡਿਆਣਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਜਾਗ੍ਰਿਤੀ ਮਿਸ਼ਨ ਅਤੇ ਦਲਿਤ ਜਾਗ੍ਰਿਤੀ ਫੈਡਰੇਸ਼ਨ ਦੇ ਸਮੂਹ ਮੈਂਬਰਾਂ ਵੱਲੋਂ ਧੰਨ-ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਮਨਾਉਣ ਸਬੰਧੀ ਮੀਟਿੰਗ ਕੀਤੀ ਗਈ ਅਤੇ ਮੀਟਿੰਗ ਦੌਰਾਨ ਹਰ ਮੈਂਬਰ ਵੱਲੋਂ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ ਗਏ ਅਤੇ ਵਿਚਾਰਾਂ ਕਰਨ ਉਪਰੰਤ ਆਉਣ ਵਾਲੀ ਦੋ ਮਾਰਚ ਨੂੰ ਪਿੰਡ ਚੌਤਾ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਬੜੀ ਹੀ ਧੂਮਧਾਮ ਨਾਲ ਮਨਾਉਣ ਸਬੰਧੀ ਸਮੂਹ ਮੈਂਬਰਾਂ ਵੱਲੋਂ ਮਤਾ ਪਾਸ ਕੀਤਾ ਗਿਆ। ਮੀਟਿੰਗ ਦੌਰਾਨ ਬਿੱਟੂ ਸਰਪੰਚ, ਸ਼ਿੰਦਰ ਸਿੰਘ ਸਰਪੰਚ, ਅਮਰਜੀਤ ਸਿੰਘ ਬੌਕੜਾ , ਦਰਸ਼ਨ ਸਿੰਘ ਬੋੜੇ, ਬਿੱਲੂ ਸਿੰਘ ਸਲੇਮਪੁਰ, ਰਣਜੀਤ ਸਿੰਘ ਚੌਤਾ, ਬਿੰਦਰ ਸਿੰਘ ਫਤਿਹਗੜ੍ਹ, ਜਸਦੇਵ ਸਿੰਘ ਬਲੀਏਵਾਲ, ਨਾਜਰ ਸਿੰਘ ਚੌਤਾ ਆਦਿ ਭਾਰੀ ਗਿਣਤੀ ਵਿੱਚ ਹੋਰ ਪਤਵੰਤੇ ਹਾਜਰ ਸਨ।

## ਸਾਂਝ ਕੇਂਦਰ ਸਿਟੀ 2 ਵੱਲੋਂ ਲੋੜਵੰਦ ਮਰੀਜ਼ਾਂ ਦੀ ਮਦਦ ਲਈ ਖ਼ੂਨਦਾਨ ਕੈਂਪ ਦਾ ਆਯੋਜਨ


ਸਾਂਝ ਕੇਂਦਰ ਸਿਟੀ 1 ਵਲੋਂ ਲਗਾਏ ਖ਼ੂਨਦਾਨ ਕੈਂਪ ਦੌਰਾਨ ਪਹੁੰਚੇ ਡੀ ਐਸ ਪੀ ਮਨੋਜ ਗੋਰਸੀ, ਸੁਖਜਿੰਦਰ ਸਿੰਘ, ਭੁਪਿੰਦਰ ਸਿੰਘ, ਜਸਪਾਲ ਸਿੰਘ, ਸਟੇਟ ਐਵਾਰਡੀ ਪਰਮਿੰਦਰ ਭਲਵਾਨ।

**ਪਟਿਆਲਾ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਂਝ ਕੇਂਦਰ ਸਿਟੀ 2 ਵਲੋਂ ਮਾਨਯੋਗ ਡਾਇਰੈਕਟਰ ਜਨਰਲ ਆਫ਼ ਪੁਲਿਸ ਗੋਰਵ ਯਾਦਵ, ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ ਕਮਾਊਨਟੀ ਅਫੇਅਰ ਗੁਰਪ੍ਰੀਤ ਕੌਰ ਦਿਓ ਡੀ ਆਈ ਜੀ ਪਟਿਆਲਾ ਰੇਂਜ ਮਨਦੀਪ ਸਿੰਘ ਸਿੱਧੂ, ਐਸ ਐਸ ਪੀ ਪਟਿਆਲਾ ਡਾਕਟਰ ਨਾਨਕ ਸਿੰਘ, ਐਸ ਪੀ ਹੈਡਕੁਆਰਟਰ ਹਰਵੰਤ ਕੌਰ ਦੀ ਸਰਪ੍ਰਸਤੀ ਹੇਠ ਲੋੜਵੰਦ ਮਰੀਜ਼ਾਂ ਲਈ ਖ਼ੂਨਦਾਨ ਕੈਂਪ ਦਾ ਆਯੋਜਨ ਥਾਣਾ ਅਰਬਨ ਅਸਟੇਟ ਵਿਖੇ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਡੀ ਐਸ ਪੀ ਸਿਟੀ 2 ਮਨੋਜ਼ ਗੋਰਸੀ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਨੇ ਕੀਤੀ। ਪ੍ਰੋਗਰਾਮ ਦਾ ਉਦਘਾਟਨ ਇੰਸਪੈਕਟਰ ਅਮਨਦੀਪ ਸਿੰਘ ਐਸ ਐਚ ਓ ਥਾਣਾ ਅਰਬਨ ਅਸਟੇਟ ਨੇ ਕੀਤਾ। ਇਸ ਮੌਕੇ ਭੁਪਿੰਦਰ ਸਿੰਘ ਇੰਚਾਰਜ ਸਾਂਝ ਕੇਂਦਰ ਸਿਟੀ 2 ਅਤੇ ਐਸ ਆਈ ਜਸਪਾਲ ਸਿੰਘ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ ਨੇ ਸਾਰੇ ਆਏਂ ਹੋਏ ਖ਼ੂਨਦਾਨੀਆਂ ਅਤੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਵਿਸ਼ੇਸ਼ ਤੌਰ ਤੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਯੁਵਾ ਪੁਲਿਸ ਸਾਂਝ ਕਮੇਟੀ, ਮੈਂਬਰ ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਪਟਿਆਲਾ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ,ਐਚ ਐਸ ਕਰੀਰ, ਕਾਕਾ ਰਾਮ ਵਰਮਾ,ਸੁਰਵਿੰਦਰ ਛਾਬੜਾ, ਪਰਮਜੀਤ ਸਿੰਘ ਬਾਦਸ਼ਾਹਪੁਰ, ਕਰਨੈਲ ਸਿੰਘ, ਸਾਧੂ ਰਾਮ ਸਿਉਣਾ, ਗੁਰਚੇਤ ਸਿੰਘ, ਕੁਲਦੀਪ ਸਿੰਘ, ਰੁਦਰਪ੍ਰਤਾਪ ਸਿੰਘ , ਅਮਰੀਕ ਭੁੱਲਰ, ਕੁਲਵੰਤ ਧੀਮਾਨ, ਤਰਸੇਮ ਸਿੰਘ, ਗੁਰਕੀਰਤ ਸਿੰਘ, ਸੁਖਵਿੰਦਰ ਸਿੰਘ ਸਾਰੇ ਮੈਂਬਰ ਸਾਂਝ ਕੇਂਦਰ, ਵਰਿੰਦਰ ਸਿੰਘ, ਮੱਖਣ ਲਾਲ ਸਿੰਗਲਾ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆ ਡੀ ਐਸ ਪੀ ਸਿਟੀ 2 ਮਨੋਜ਼ ਗੋਰਸੀ ਨੇ ਕਿਹਾ ਕਿ ਸਾਂਝ ਕੇਂਦਰ ਸਿਟੀ 1 ਵਲੋਂ ਲੋੜਵੰਦਾਂ ਮਰੀਜ਼ਾਂ ਦੀ ਮਦਦ ਲਈ ਖ਼ੂਨਦਾਨ ਕੈਂਪ ਦਾ ਆਯੋਜਨ ਕਰਨਾ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਤੁਹਾਡੇ ਦਿੱਤੇ ਖ਼ੂਨਦਾਨ ਕਰਨ ਨਾਲ ਚਾਰ ਜ਼ਿੰਦਗੀਆਂ ਬਚ ਸਕਦੀਆਂ ਹਨ। ਉਹਨਾਂ ਕਿਹਾ ਕਿ ਹਰ ਤੰਦਰੁਸਤ ਇਨਸਾਨ ਜਿਸ ਦੀ ਉਮਰ 18 ਸਾਲ ਤੋਂ 65 ਸਾਲ ਹੈਂ ਸ਼ਰੀਰਕ ਭਾਰ 45 ਕਿਲੋ ਤੋਂ ਉਪਰ ਹੈ ਅਤੇ ਖ਼ੂਨ ਦੀ ਮਾਤਰਾ 12.5 ਗ੍ਰਾਮ ਤੋਂ ਉਪਰ ਹੈ ਉਹੋ ਵਿਅਕਤੀ ਸਾਲ ਵਿੱਚ ਚਾਰ ਵਾਰ ਖ਼ੂਨਦਾਨ ਕਰ ਸਕਦਾ ਹੈ, ਇਸ ਲਈ ਸਾਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਸਰਕਾਰੀ ਰਾਜਿੰਦਰਾ ਹਸਪਤਾਲ ਬਲੱਡ ਬੈਂਕ ਵਲੋਂ ਬਲੱਡ ਇੱਕਤਰ ਕੀਤਾ ਗਿਆ।

## ਨਸ਼ੇ ਰੂਪੀ ਅੱਤਵਾਦ ਦੇ ਖਾਤਮੇ ਲਈ ਨੌਜਵਾਨਾਂ ਦਾ ਸਹਿਯੋਗ ਜ਼ਰੂਰੀ: ਪਰਮਿੰਦਰ ਭਲਵਾਨ

**ਪਟਿਆਲਾ, 4 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ,ਯੂਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਡਾਇਰੈਕਟਰ ਜਨਰਲ ਆਫ਼ ਪੁਲਿਸ ਗੋਰਵ ਯਾਦਵ,ਸਪੈਸ਼ਲ ਡੀ ਜੀ ਪੀ ਕਮਿਊਨਿਟੀ ਅਫੇਅਰ ਗੁਰਪ੍ਰੀਤ ਕੌਰ ਦਿਓ, ਡੀ ਆਈ ਜੀ ਪਟਿਆਲਾ ਰੇਂਜ ਮਨਦੀਪ ਸਿੰਘ ਸਿੱਧੂ, ਐਸ ਐਸ ਪੀ ਪਟਿਆਲਾ ਡਾਕਟਰ ਨਾਨਕ ਸਿੰਘ, ਐਸ ਪੀ ਹੈਡਕੁਆਰਟਰ ਹਰਵੰਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਰੰਗਲਾ ਪੰਜਾਬ ਨਸ਼ਾ ਮੁਕਤ ਪੰਜਾਬ ਮੁਹਿੰਮ ਤਹਿਤ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੌਰਾਨ ਮੁੱਖ ਬੁਲਾਰੇ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਯੁਵਾ ਸਾਂਝ ਕਮੇਟੀ ਨੇ ਸ਼ਿਰਕਤ ਕੀਤੀ। ਵਿਸ਼ੇਸ਼ ਤੌਰ 'ਤੇ ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1, ਐਸ ਆਈ ਜਸਪਾਲ ਸਿੰਘ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ, ਭੁਪਿੰਦਰ ਸਿੰਘ ਇੰਚਾਰਜ ਸਾਂਝ ਕੇਂਦਰ ਸਿਟੀ 2, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ,ਰੁਦਰਪ੍ਰਤਾਪ ਸਿੰਘ,ਲੱਕੀ ਹਰਦਾਸਪੁਰ, ਵਰਿੰਦਰ ਸਿੰਘ ਨੇ ਸ਼ਿਰਕਤ ਕੀਤੀ,ਇਸ ਮੌਕੇ ਸੰਬੋਧਨ ਕਰਦਿਆ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕਿਹਾ ਕਿ ਗੋਲਾ ਬਰੂਦ ਦੇ ਅੱਤਵਾਦ ਵਾਂਗ ਨਸ਼ਿਆਂ ਰੂਪੀ ਅੱਤਵਾਦ ਦੇ ਖਾਤਮੇ ਲਈ ਨੌਜਵਾਨਾਂ ਦਾ ਅੱਗੇ ਆਉਣਾ ਸਮੇਂ ਦੀ ਮੁੱਖ ਲੋੜ ਹੈ ਅਤੇ ਸਹਿਯੋਗ ਜ਼ਰੂਰੀ ਹੈ, ਉਹਨਾਂ ਕਿਹਾ ਕਿ ਫਿਰਕਾਪ੍ਰਸਤੀ ਤਾਕਤਾਂ ਨੇ ਪਹਿਲਾਂ ਪੰਜਾਬ ਦੀ ਜਵਾਨੀ ਨੂੰ ਗੋਲਾ ਬਰੂਦ ਨਾਲ ਖਤਮ ਕਰਨ ਦੀ ਕੋਸ਼ਿਸ਼ ਕੀਤੀ ਉਸ ਵਿਚ ਸਫ਼ਲ ਨਾ ਹੋਣ ਤੇ ਹੁਣ ਨਸ਼ਿਆਂ ਨਾਲ ਪੰਜਾਬ ਦੀ ਜਵਾਨੀ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਹਨਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹੋ ਇੱਕ ਪਲੇਟਫਾਰਮ ਤੇ ਇਕਠੇ ਹੋ ਕੇ ਨਸ਼ਿਆਂ ਦੇ ਖਾਤਮੇ ਲਈ ਅੱਗੇ ਆਉਣ,ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਵਲੋਂ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ




ਇਸ ਮੌਕੇ ਸਟੇਟ ਐਵਾਰਡੀ ਰੁਪਿੰਦਰ ਕੌਰ ਅਤੇ ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵਲੋ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਡਰੱਗ ਫਰੀ ਵਲੱਡ ਕੈਲੇਫੋਰਨੀਆਂ ਅਮਰੀਕਾ ਵਲੋਂ ਮੁਫ਼ਤ ਕਿਤਾਬਾਂ ਵੰਡੀਆਂ ਗਈਆਂ।

## ਕੁਝ ਕਹਿੰਦੀ ਐ ਤਸਵੀਰ...



ਤੁਹਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੁਹਜ-ਸਵਾਦ ਦਾ ਨਮੂਨਾ ਕੌਮੀ ਪੱਤ੍ਰਿਕਾ ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।

ਯਸ਼ਵੀਰ ਗੋਇਲ
ਬਠਿੰਡਾ



• ਪਵਨ ਪਰਿੰਦਾ
97790-90135

**ਪੰਜਾਬ ਦੀ ਨੌਜਵਾਨ ਪੀੜ੍ਹੀ ਸਿਰਫ਼ ਨਸ਼ਿਆਂ ਦਾ ਹੀ ਨਹੀਂ ਗੈਂਗਸਟਰਾਂ ਦੀ ਦਹਿਸ਼ਤ ਦਾ ਸੰਤਾਪ ਵੀ ਹੰਢਾ ਰਹੀ ਹੈ। ਘਰਾਂ ਦੇ ਬੁਝ ਰਹੇ ਚਿਰਾਗ਼ਾਂ ਦੇ ਦਰਦ ਨੂੰ ਬਿਆਨਦੀ ਹੈ ਇਹ ਕਹਾਣੀ...**




# ਇਕ ਹੋਰ ਹੰਝੂ

ਸੁਣਿਆ ਸੀ ਕਿ ਚੱਲ ਰਹੇ ਮੁਕੱਦਮੇ ਦੀ ਪਹਿਲੀ ਪੇਸ਼ੀ ਭੁਗਤਣ ਮਗਰੋਂ ਕਚਹਿਰਿਓਂ ਬਾਹਰ ਨਿਕਲਦਿਆਂ ਹੀ ਦੋਵੇਂ ਧਿਰਾਂ ਵਿਚ ਖੜਕ ਪਈ ਸੀ। ਤਲਵਾਰਾਂ, ਡਾਂਗਾਂ ਸੋਟੀਆਂ, ਲੋਈਆਂ ਵਲੇਟੀਆਂ ਬੁੱਕਲਾਂ 'ਚ ਲੁਕੋਈਆਂ ਬੰਦੂਕਾਂ ਤੇ ਪਸਤੌਲ। ਨਵੇਂ ਮੁੰਡੇ ਕਬਜ਼ੇ ਲੈਣੇ ਗਿੱਝ ਗਏ ਸਨ। ਇੰਜਨੀਅਰਿੰਗ ਕਾਲਜਾਂ 'ਚ ਧੌਂਸ ਜਮਾਈ ਰੱਖਣੀ, ਇਲਾਕੇ ਵਿਚ ਰੋਹਬ ਨਾਲ ਰਹਿਣਾ ਅਤੇ ਅਫੀਮ ਭੁੱਕੀ ਦੀ ਲੈ ਵੇਚ ਦੇ ਵੇਗ ਵਿਚ ਵਹਿ ਗਏ ਸਨ ਇਹ ਨਵੇਂ ਮੁੰਡੇ। ਨਾਲ ਹੀ ਰਲ ਗਏ ਸਨ ਪੁਰਾਣੇ ਵੈਲੀ। ਘਾਤ ਲਾ ਕੇ ਹਮਲਾ ਕਰਨ ਦੇ ਮਾਹਿਰ, ਦਸ-ਦਸ, ਵੀਹ-ਵੀਹ ਸਾਲੀਆਂ ਕੈਦ ਕੱਟ ਕੇ ਆਏ ਹੋਏ, ਜਿਨ੍ਹਾਂ ਦਾ ਘਰੇ ਕਿਵੇਂ ਵੀ ਮਨ ਨਹੀਂ ਸੀ ਲਗਦਾ। ਨਵੇਂ ਮੁੰਡਿਆਂ ਤੇ ਇਹ ਪੁਰਾਣੇ ਬਾਬੇ ਰੋਹਬ ਰੱਖਦੇ। ਮੁੰਡੇ ਉਨ੍ਹਾਂ ਨੂੰ ਚਾਚਾ ਜਾਂ ਉਸਤਾਦ ਕਹਿ ਬੁਲਾਉਂਦੇ। ਮੁੰਡੇ ਘਾੜਤਾਂ ਘੜਦੇ ਕਬਜ਼ੇ ਲੈਣ ਦੀਆਂ, ਮਾਲ ਇਧਰ ਉਧਰ ਕਰਨ ਦੀਆਂ। ਕਈ-ਕਈ ਘੰਟੇ ਲੱਗ ਕੇ ਮਾਸਟਰ ਪਲਾਨ ਬਣਦੀ। ਪੂੰੜ੍ਹ ਇਹ ਬਾਬੇ ਆਪਣੇ ਤਜਰਬੇ ਵਿਚੋਂ ਕੋਈ ਅਜਿਹੀ ਗੱਲ ਕਰਦੇ ਕਿ ਮੁੰਡੇ ਮੁੜ ਸੋਚਣ ਲਈ ਮਜਬੂਰ ਹੋ ਜਾਂਦੇ। ਇਨ੍ਹਾਂ ਬਾਬਿਆਂ ਦੇ ਕੱਢੇ ਖ਼ਤ, ਇਨ੍ਹਾਂ ਦੇ ਡੂੰਘੇ ਤੇ ਲੰਮੇਰੇ ਤਜਰਬੇ ਦੀ ਸ਼ਾਹਦੀ ਭਰਦੇ।

ਦੋਵੇਂ ਗਰੁੱਪ ਭਿੜ ਪਏ ਸਨ। ਮੁਖੀਏ ਦੋਹਾਂ ਦੇ ਛੁਰੀਆਂ। ਇਕ ਦਾ ਨਾਂ ਕਾਲਾ ਤੇ ਦੂਜੇ ਦਾ ਗੋਰਾ। ਲੜਾਈ ਦਾ ਮੁੱਖ ਮੁੱਦਾ ਕੀ ਸੀ, ਕਿਸੇ ਨੂੰ ਵੀ ਨਹੀਂ ਸੀ ਪਤਾ। ਹਾਂ ਇਕ ਗੱਲ ਸੁਣਨ 'ਚ ਜ਼ਰੂਰ ਆਈ ਸੀ, ਜਦ ਪਹਿਲੀ ਵਾਰੀ ਇਹ ਗਰੁੱਪ ਭਿੜੇ ਸਨ, ਬਸ ਥੋੜ੍ਹਾ ਜਿਹਾ ਤਕਰਾਰ ਹੀ ਹੋਇਆ ਸੀ।

'ਅਖੇ ਸਾਲਾ ਹਵਾ ਕਰਦੈ।' ਇਕ ਦਾ ਦੂਜੇ 'ਤੇ ਦੋਸ਼ ਸੀ। ਇਹ ਭਲਾ ਕੀ ਕਾਰਨ ਹੋਇਆ।

ਹੁਣ ਤਾਂ ਜੁਆਨ ਮੁੱਛਾਂ ਵੀ ਨਹੀਂ ਰਖਦੇ। ਮੰਨਿਆ ਕਿ ਜਦੋਂ ਪਹਿਲੀ ਵਾਰ ਖੜਕੀ ਸੀ ਤਾਂ ਇਕ ਦਾ ਹੱਥ ਮੁੱਛ 'ਤੇ ਗਿਆ ਹੋਵੇ ਤੇ ਦੂਜਾ ਤੈਸ਼ ਫੜ ਗਿਆ ਹੋਵੇ। ਪਰ ਚਿਹਰੇ ਤਾਂ ਦੋਹਾਂ ਮੁਖੀਆਂ ਦੇ ਸਫਾਚੱਟ ਨੇ। ਕੂਕਿਆਂ ਦੇ ਡੋਲ ਵਾਕਣ ਮੰਜੇ ਹੋਏ।

ਜਦੋਂ ਗਹਿਗੱਚ ਲੜਾਈ ਹੋਈ ਸੀ ਤਾਂ ਲਹੂ ਲੁਹਾਣ ਹੋਇਆ ਸੀ ਸਭ ਕੁਝ। ਭਾੜੇ 'ਤੇ ਲਿਆਂਦੇ ਬੰਦੇ ਇਧਰ-ਉਧਰ ਖਿਸਕੇ ਵੀ ਸਨ। ਰੇਲਵੇ ਫਾਟਕ ਨਾਲ ਲੱਗਦੇ ਬਾਜ਼ਾਰ ਵਿਚ ਭਗਦੜ ਮੱਚ ਗਈ ਸੀ। ਰੇਹੜੀਆਂ ਵਾਲੇ ਰੇਹੜੀਆਂ ਛੱਡ ਭੱਜ ਨਿਕਲੇ ਸਨ। ਹਰ ਇਕ ਨੂੰ ਆਪਣੀ ਜਾਨ ਬਚਾਉਣ ਦੀ ਪਈ ਸੀ।

ਤਲਵਾਰਾਂ। ਭਾਲੇ। ਕਿਰਚਾਂ। ਗੰਡਾਸੇ।

ਵਧਦੀ ਲੜਾਈ ਨੂੰ ਦੇਖ ਇੱਕਾ ਦੁੱਕਾ ਸਿਪਾਹੀ ਵੀ ਟਲਿਆ ਸੀ।

ਇਕ ਪੱਕੜ ਘਾਤੀ ਬਾਬੇ ਦੀ ਚਲਾਈ ਗੋਲੀ ਨੇ ਇਕ ਤਕੜਾ ਚੋਬਰ ਥਾਏਂ ਹੀ ਢੇਰੀ ਕਰ ਦਿੱਤਾ।

ਕਈ ਦਸਦੇ ਰਹੇ ਸਨ, 'ਅਖੇ ਇਹ ਮੁੰਡਾ ਤਾਂ ਭਲੇਰੀਏ ਘਾਤੀ ਦੀ ਗੋਲੀ ਨੇ ਵਿੰਨ੍ਹਿਆ ਸੀ।'

ਉਹਨੇ ਕਿਹੜਾ ਇਕ ਅੱਧਾ ਕਤਲ ਕੀਤੈ ..ਸਾਰੀ ਉਮਰ ਘਾਤ ਈ ਲਾਉਂਦਾ ਰਿਹੈ। ਕਦੇ ਕਾਲੇਕਿਆਂ ਆਲੇ ਸੱਦੀ ਨਾਲ, ਕਦੇ ਹਮੀਦੀ ਆਲੇ ਭੈਂਗੂ ਨਾਲ ਤੇ ਕਦੇ ਸੇਖੇ ਆਲੇ ਘੁੱਲੇ ਦੇ ਗਰੁੱਪਾਂ ਨਾਲ ਰਿਹਾ ਸੀ।

ਸੁਣਿਆ ਸੀ ਕਿ ਮਰਨ ਵਾਲਾ ਚੋਬਰ ਖਾਂਦੇ ਪੀਂਦੇ ਘਰ ਦਾ ਮੁੰਡਾ ਸੀ। ਕਈ ਘਰਾਂ 'ਚ ਇੱਕੋ ਇੱਕ ਮੁੰਡਾ। ਟੱਬਰ ਅੱਧ ਤੋਂ ਵੱਧ ਕੈਨੇਡਾ ਗਿਆ ਹੋਇਆ ਸੀ। ਦੋ ਚਾਚੇ, ਇਕ ਤਾਇਆ ਤੇ ਉਨ੍ਹਾਂ ਦਾ ਸਾਰਾ ਪਰਿਵਾਰ। ਦੋਵੇਂ ਵੱਡੀਆਂ ਭੈਣਾਂ ਵੀ ਕੈਨੇਡਾ ਵਿਆਹੀਆਂ ਹੋਈਆਂ। ਬੱਸ ਚੋਬਰ ਮੁੰਡਾ ਹੀ ਇਧਰ ਰਹਿੰਦਾ ਸੀ ਆਪਣੀ ਦਾਦੀ ਕੋਲ। ਦੋ ਚਾਰ ਮਹੀਨਿਆਂ ਨੂੰ ਉਸ ਵੀ ਉਧਰ ਹੀ ਚਲੇ ਜਾਣਾ ਸੀ।

ਇਧਰ ਉਸ ਨੂੰ ਕੰਮ ਕੋਈ ਨਹੀਂ ਸੀ। ਗੋਰੇ ਦੇ ਗਰੁੱਪ 'ਚ ਜਾ ਰਲਿਆ ਸੀ। ਬਸ ਐਵੇਂ ਫੋਕੀ ਸਰਦਾਰੀ ਟੌਹਰ। ਅਖੇ ਜੱਟਾਂ ਦਾ ਮੁੰਡਾ ਜੇ ਵੈਲੀ ਨਾ ਹੋਵੇ ਤਾਂ ਅਗਲੇ ਬੰਦਾ ਈ ਨੀ ਗਿਣਦੇ। ਐਵੇਂ ਲਿੱਦ ਈ ਸਮਝਦੇ ਆ। ..ਦਾਰੂ ਪੀ ਬੱਕਰਾ ਵੀ ਬਲਾਉਂਦਾ ਸੀ।

ਤੇ ਕਈ ਘਰਾਂ ਦਾ ਇੱਕੋ ਇਕ ਬਲਦਾ ਚਿਰਾਗ ਬੁਝ ਗਿਆ ਸੀ ਜਦ ਚੋਬਰ ਮੁੰਡਾ ਜਹਾਨੋਂ ਤੁਰਿਆ ਸੀ। ਸੱਤਰ ਘੁਮਾਂ ਜ਼ਿਮੀਂ ਦਾ ਭਵਿੱਖ ਮਾਲਕ ਕੋਈ ਨਹੀਂ ਦਿਸਦਾ ਸੀ।

ਉਸ ਦਾ ਭੋਗ ਪੈ ਗਿਆ। ਦੂਰੋਂ ਦੂਰੋਂ ਲੋਕ ਆਏ ਸਨ। ਨੇੜਲਿਆਂ ਹੰਝੂ ਵਹਾਏ ਸਨ ਤੇ ਭੈਣਾਂ ਕੀਰਨੇ ਪਾਏ ਸਨ। ਸਾਰਾ ਪਿੰਡ ਕਈ ਦਿਨ ਸੋਗ ਵਿਚ ਡੁੱਬਿਆ ਰਿਹਾ ਸੀ। ਨਿੱਕੀਆਂ-ਨਿੱਕੀਆਂ ਯਾਦਾਂ ਸਨ ਚੋਬਰ ਮੁੰਡੇ ਦੀਆਂ।

ਨਿੱਕੇ ਨਿੱਕੇ ਹਾਦਸੇ ਜੋ ਪਹਿਲਾਂ ਵੀ ਵਾਪਰੇ ਸਨ।

ਵੱਡੇ-ਵੱਡੇ ਪਛਤਾਵੇ ਵੀ ਸਨ।

'ਪਹਿਲਾਂ ਕਿਉਂ ਨਾ ਬਾਹਰ ਕੱਢਤਾ। ਚੈਂਕ ਕਿਉਂ ਨਾ ਰੱਖਿਆ? ਆਦਿ ਆਦਿ।

ਨਿੱਕੇ ਹੁੰਦੇ ਦੀਆਂ ਤਸਵੀਰਾਂ ਇਕੱਠੀਆਂ ਕੀਤੀਆਂ ਤੇ ਭੈਣਾਂ ਹਿੱਕ ਨਾਲ ਲਾਉਂਦੀਆਂ।

ਸੁਣਿਆ ਕਿ ਉਹ ਮੰਗਿਆ ਹੋਇਆ ਵੀ ਸੀ।

ਤੇ ਇਹ ਵੀ ਸੁਣਿਆ ਕਿ ਉਸ ਦੀ ਮੰਗੇਤਰ ਭੋਗ 'ਤੇ ਆਈ ਸੀ। ਇਕ ਸਾਦੀ ਜਿਹੀ ਕੁੜੀ। ਸਿਰ ਪੂਰਾ ਢਕਿਆ ਹੋਇਆ ਸੀ ਉਸ।

ਸਭ ਅਲਵਿਦਾ ਕਹਿ ਗਏ ਸਨ ਉਸ ਚੋਬਰ ਮੁੰਡੇ ਨੂੰ।

ਭੈਣਾਂ ਨੇ ਵੀ ਆਪਣੇ ਵਤਨਾਂ ਪਰਤਣਾ ਸੀ। ਕਿੰਨਾ ਕੁ ਚਿਰ ਬੈਠੀਆਂ ਰਹਿੰਦੀਆਂ।

ਛੋਟੀ ਨੇ ਦੁਹਾਈ ਪਾਈ ਸੀ। ਤੇ ਉਸ ਨੇ ਕਿਹਾ ਸੀ, 'ਮੈਂ ਤਾਂ ਉਸ ਸਾ... ਥਾਂ ਦੀ ਵੀਡੀਓ ਬਣਾਉਣੀ ਆ ਜਿੱਥੇ ਮੇਰਾ ਵੀਰ ਢੇਰੀ ਹੋਇਆ ਸੀ।'

ਫਾਟਕ ਤੋਂ ਲੈ ...ਜਿੱਥੋਂ ਗੋਲੀ ਚੱਲੀ. ਕਿੱਥੇ ਗੋਲੀ ਲੱਗੀ ਤੇ ਉਹ ਖੰਭਾ ਜਿਸ ਨਾਲ ਲੱਗ ਚੋਬਰ ਢੇਰੀ ਹੋਇਆ ਸੀ ਉਸ ਕੈਮਰੇ ਵਿਚ ਬੰਨ੍ਹ ਲਏ ਸਨ ਤਸਵੀਰਾਂ ਵੀ ਖਿੱਚੀਆਂ ਸਨ। ਲੋਕ ਦੇਖਿਆ ਸੀ ਭੈਣ ਦੀ ਅੱਖੋਂ ਇਕ ਮੋਟ... ਹੰਝੂ ਕਿਰਿਆ ਸੀ।

ਹੰਝੂ ਤਾਂ ਇਕ ਹੋਰ ਵੀ ਕਿਰਿਆ ਸੀ ਜੋ ਕਿਸੇ ਨਹੀਂ ਦੇਖਿਆ ਸੀ ਕਿਉਂ... ਜੋ ਉਹ ਉਸ ਸਾਦੀ ਮੁਟਿਆਰ ਦਾ ਸੀ ਜਿਸ ਨੇ ਤੁਰ ਜਾਣ ਵਾਲੇ ਦੇ ਵੰਸ਼ ਨੂੰ ਅੱਗੇ ਤੋਰਨਾ ਸੀ। •



• ਪ੍ਰੋ.ਜਸਵੰਤ ਸਿੰਘ ਗੰਡਮ
987666-55055

ਵਿਅੰਗ

**ਚਾਪਲੂਸ ਸਰਬ ਸਥਾਨੀ ਜੀਵ ਹੈ। ਹਰ ਪਿੜ ਵਿਚ ਤੁਹਾਡੀ ਇਸ ਨਾਲ ਮੁਲਾਕਾਤ ਹੋ ਜਾਵੇਗੀ। ਸਿਆਸੀ ਆਗੂਆਂ ਤੇ ਮਾਲਦਾਰਾਂ ਕੋਲ ਖ਼ੁਸ਼ਾਮਦੀ ਲੋਕ ਬਹੁਤ ਹੁੰਦੇ ਹਨ...**

# ਚਮਚੇ ਅਤੇ ਉਨ੍ਹਾਂ ਦੀਆਂ ਕਿਸਮਾਂ



ਚਮਚਾਗਿਰੀ ਗੋਭੀ ਦੇ ਫੁੱਲ ਨੂੰ ਗੁਲਾਬ ਦਾ ਫੁੱਲ ਕਹਿਣ ਦੀ ਕਲਾ ਹੈ। ਨਿਰਾ ਕਹਿਣ ਦੀ ਹੀ ਨਹੀਂ ਬਲਕਿ ਅਗਲੇ ਨੂੰ ਮੰਨਵਾਉਣ ਦਾ ਗੁਰ ਹੈ। ਭਾਵੇਂ ਐਡਮੰਡ ਬਰਕ ਅਨੁਸਾਰ ਚਮਚਾਗਿਰੀ ਜਾਂ ਚਾਪਲੂਸੀ ਕਰਨ ਅਤੇ ਕਰਵਾਉਣ ਵਾਲੇ ਦੋਵਾਂ ਨੂੰ ਖ਼ਰਾਬ ਕਰਦੀ ਹੈ' ਪਰ ਇਹ ਕੀਤੀ ਅਤੇ ਕਰਵਾਈ ਬਹੁਤ ਜਾਂਦੀ ਹੈ। ਚਮਚਾਗਿਰੀ, ਪ੍ਰਸ਼ੰਸਾ ਨਹੀਂ ਹੁੰਦੀ। ਪ੍ਰਸ਼ੰਸਾ ਹੱਕਦਾਰ ਦੀ ਹੁੰਦੀ ਹੈ,ਚਾਪਲੂਸੀ ਨਾਹੱਕ ਦੀ। ਇਕ ਜਾਇਜ਼ ਹੈ, ਦੂਜੀ ਨਜਾਇਜ਼। ਚਮਚਾਗਿਰੀ ਵਿਚ ਚਮਚੇ ਅਤੇ ਚਮਚੀ ਕਰਵਾਉਣ ਵਾਲੇ ਦੋਨਾਂ ਦਾ ਲਾਭ ਹੁੰਦਾ ਹੈ। ਝੋਲੀ ਚੁੱਕ ਨੂੰ ਉਹ ਕੁਝ ਮਿਲ ਜਾਂਦਾ ਹੈ ਜਿਸ ਦਾ ਉਹ ਅਧਿਕਾਰੀ ਨਹੀਂ ਅਤੇ ਮੱਖਣ ਲਗਵਾਉਣ ਵਾਲੇ ਨੂੰ ਵੀ ਉਹ ਕੁਝ ਮਿਲ ਜਾਂਦਾ ਹੈ ਜਿਸ ਦਾ ਉਹ ਵੀ ਹੱਕਦਾਰ ਨਹੀਂ ਹੁੰਦਾ।

ਚਮਚਾਗਿਰੀ ਇਕ ਬਲਵਰਧਕ ਵੇਟਾਮਿਨ ਦੇ ਕੈਪਸੂਲ ਜਾਂ ਟੌਨਿਕ ਵਾਂਗ ਕੰਮ ਕਰਦੀ ਹੈ। ਇਹ ਇਕ ਕਿਸਮ ਦੀ ਸ਼ਕਤੀ ਵਰਧਕ ਸ਼ੈਅ ਹੈ। ਆਪਾਂ ਇਸ ਨੂੰ ਵਿਟਾਮਿਨ ਐਫ' (ਫਲੈਟਰੀ) ਕਹਿ ਲੈਂਦੇ ਹਾਂ। ਫਲੈਟਰੀ ਦਾ ਅਰਥ ਚਾਪਲੂਸੀ ਹੁੰਦਾ ਹੈ। ਇਸ ਦਾ ਸੇਵਨ ਕਰਵਾ ਕੇ ਤੁਸੀਂ ਉਹ ਕੁਝ ਹਾਸਲ ਕਰ ਸਕਦੇ ਹੋ ਜਿਸ ਦਾ ਤੁਸੀਂ ਸੁਪਨਾ ਵੀ ਨਹੀਂ ਲਿਆ ਹੁੰਦਾ। ਤੁਸੀਂ ਉੱਚੇ ਤੋਂ ਉੱਚਾ ਅਹੁਦਾ ਮਲ ਸਕਦੇ ਹੋ ਭਾਵੇਂ ਤੁਹਾਨੂੰ ਇੱਲ੍ਹ ਦਾ ਨਾਂ ਕੋਕੋ ਨਾਂ ਆਉਂਦਾ ਹੋਵੇ, ਤੁਸੀਂ ਆਲਾਹ ਤੋਂ ਆਲਾਹ ਡਿਗਰੀਆਂ ਦੇ ਮਾਲਕ ਬਣ ਸਕਦੇ ਹੋ ਬੇਸ਼ਕ ਤੁਹਾਡੀ ਅਕਲ ਦਾ ਘੋੜਾ ਤੁਹਾਡੇ ਘਰ ਦੀ ਸਰਦਲ ਤਕ ਵੀ ਨਾ ਦੌੜ ਸਕਦਾ ਹੋਵੇ।

ਚਾਪਲੂਸ ਨੂੰ ਚਮਚਾਗੀਰੀ ਉਹ ਕੁਝ ਦੇ ਦੇਂਦੀ ਹੈ ਜੋ ਉਹ ਮਿਹਨਤ ਜਾਂ ਮੈਰਿਟ ਨਾਲ ਨਹੀਂ ਹਾਸਲ ਕਰ ਸਕਦਾ। ਜਦੋਂ ਚਮਚਿਆਂ ਦੀਆਂ ਕਲਾਬਾਜ਼ੀਆਂ ਦੇਖੀਦੀਆਂ ਹਨ, ਉਨ੍ਹਾਂ ਦੇ ਕਰਿਸ਼ਮੇ ਜਾਂ ਕਾਰਨਾਮੇ ਸੁਣੀਦੇ ਹਨ ਤਾਂ ਤਲੀਆਂ ਉੱਪਰ ਸਰ੍ਹੋਂ ਜੰਮਦੀ ਲਗਦੀ ਹੈ। ਹੱਕਦਾਰ ਹੱਕਾਂ ਲਈ ਹੱਥ ਹੀ ਮਲਦਾ ਰਹਿ ਜਾਂਦਾ ਹੈ ਪਰ ਚਮਚਾ ਹੱਕ ਹਥਿਆ ਆਪਣੇ ਰਾਹ ਪੈਂਦਾ ਹੈ। ਵਿਚਾਰਾ ਸ਼ੇਕਸਪੀਅਰ ਦੁਹੱਥੜੀ ਪਿਟਦਾ ਰਹਿੰਦਾ ਹੈ,'ਕਾਸ਼! ਕਿ ਦੌਲਤਾਂ, ਸਨਦਾਂ ਅਤੇ ਅਹੁਦੇ ਭ੍ਰਿਸ਼ਟਾਚਾਰ ਰਾਹੀਂ ਨਾ ਪ੍ਰਾਪਤ ਕੀਤੇ ਹੁੰਦੇ!' ਪਰ ਸੋਲਵੀਂ ਤੋਂ ਇੱਕੀਵੀਂ ਸਦੀ ਆ ਗਈ ਹੈ ਪਰ ਇਸ ਸਤਰ ਦੇ ਅੱਖਰ ਉਵੇਂ ਦੇ ਉਵੇਂ ਤਰਲਾਹਾਰ ਹਨ। ਚਮਚਿਆਂ ਦੀਆਂ ਚਾਰ ਕਿਸਮਾਂ ਹਨ। ਸਭ ਤੋਂ ਪਹਿਲਾਂ ਪਰੋਸਵੇਂ-ਚਮਚੇ ਜਾਣੀ ਸਰਵਿਸ ਸਪੂਨ' ਹਨ। ਆਪਾਂ ਇਨ੍ਹਾਂ ਨੂੰ ਕੜਛੇ' ਵੀ ਕਹਿ ਸਕਦੇ ਹਾਂ। ਇਸ ਤੋਂ ਹੇਠਾਂ ਵੱਡੇ ਚਮਚੇ ਜਾਣੀ 'ਸਰਵਿਸ ਸਪੂਨ' ਅਉਂਦੇ ਹਨ। ਫਿਰ ਛੋਟੇ ਜਾਂ ਸਾਧਾਰਨ ਚਮਚੇ, ਭਾਵ ਟੀ-ਸਪੂਨ' ਅਤੇ ਸਭ ਤੋਂ ਹੇਠਲੀ ਸ਼੍ਰੇਣੀ ਵਿਚ 'ਪਿੱਦੀ ਚਮਚੇ' ਜਾਣੀ 'ਟੋਇ ਸਪੂਨ' ਆਉਂਦੇ ਹਨ।

ਚਮਚਿਆਂ ਦੀ ਇਸ ਵਰਣ-ਵੰਡ ਵਿਚ 'ਕੜਛਿਆਂ' ਨੇ ਇਸ ਕੋਮਲ ਕਲਾ ਦੀ ਪੀ.ਐੱਚ ਡੀ ਕੀਤੀ ਹੁੰਦੀ ਹੈ। ਵੱਡੇ ਚਮਚਿਆਂ ਨੇ ਐੱਮ.ਏ, ਛੋਟਿਆਂ ਨੇ ਬੀ.ਏ ਅਤੇ 'ਪਿੱਦਿਆਂ' ਨੇ ਦਸਵੀਂ ਕੀਤੀ ਹੁੰਦੀ ਹੈ! ਕੜਛੇ ਸਫ਼ੈਦਪੋਸ਼ ਚਮਚੇ ਹੁੰਦੇ ਹਨ ਜੋ ਸਿਖਰਲੀ ਟੀਸੀ ਉੱਪਰ ਬੈਠਣ ਵਾਲਿਆਂ ਦੇ ਨਾਲ ਰਹਿੰਦੇ ਹਨ। ਇਹ 'ਸਟੈਂਡਰਡ' ਦੀ ਚਮਚਾਗੀਰੀ ਕਰਦੇ ਹਨ। ਟੇਬਲ ਸਪੂਨ ਕੜਛਿਆਂ ਦੇ ਵਿਰੋਧੀ ਹੁੰਦੇ ਹਨ ਜੋ ਮੌਕਾ ਮਿਲਦਿਆਂ ਹੀ ਕੜਛੇ ਬਣਨਾ ਲੋਚਦੇ ਹਨ। ਇਹ ਵਿਰੋਧੀ ਪਾਰਟੀ ਦੇ ਬੈਂਚਾਂ ਉਪਰ ਰੂਲਿੰਗ ਪਾਰਟੀ ਦੇ ਬੈਂਚਾਂ ਨੂੰ ਮੱਲਣ ਦੀ ਤਾਕ ਵਿਚ ਬੈਠਦੇ ਹਨ। ਸਾਧਾਰਨ ਚਮਚੇ ਸਹਾਇਕ ਸ਼੍ਰੇਣੀ ਵਿਚ ਸ਼ਾਮਲ ਹਨ। ਸਭ ਤੋਂ ਹੇਠਲੀ ਸ਼੍ਰੇਣੀ ਦੇ ਚਮਚਿਆਂ ਉੱਪਰ ਅੰਗਰੇਜ਼ੀ ਕਵੀ ਮਿਲਟਨ ਦੀ ਲਾਈਨ 'ਜੋ ਸੇਵਾ ਦੀ ਉਡੀਕ ਵਿਚ ਖੜ੍ਹੇ ਰਹਿੰਦੇ ਹਨ ਉਹ ਵੀ ਸੇਵਕ ਹੀ ਹੁੰਦੇ ਹਨ' ਪੂਰੀ ਢੁਕਦੀ ਹੈ। ਇਹ ਵਿਚਾਰੇ ਬੌਸ ਦੇ ਤਾਂ ਨੇੜੇ ਨਹੀਂ ਫਟਕ ਸਕਦੇ, ਇਸ ਲਈ ਤੇਰ-ਮੇਰ ਅੱਗੇ ਪੂਛ ਹਿਲਾ ਕੇ ਆਪਣਾ ਝੱਸ ਪੂਰਾ ਕਰਦੇ ਹਨ।

ਸਮੁੱਚੇ ਤੌਰ 'ਤੇ ਚਾਪਲੂਸ ਇਕ ਬਹੁਰੰਗੀ, ਅਦਭੁਤ ਜੀਵ ਹੁੰਦਾ ਹੈ। ਇਸ ਦਾ ਰੰਗ ਗਿਰਗਿਟ ਦਾ, ਸ਼ਕਲ ਲੇਲੇ ਦੀ, ਜੀਭ ਤੋਤੇ ਦੀ (ਭਾਵ ਸਤਬਚਨੀ), ਗਰਦਨ ਖੋਤੇ ਦੀ (ਭਾਵ ਮਾਲਿਕ ਅੱਗੇ ਨੀਵੀਂ ਪਾਈ ਰੱਖਣਾ), ਚਾਲ ਕਤੂਰੇ ਦੀ, ਅੱਖ ਉੱਲੂ ਦੀ, ਚੁਸਤੀ ਕਾਂ ਦੀ, ਸ਼ਰਾਰਤ ਬਾਂਦਰ ਦੀ, ਮੱਕਾਰੀ ਲੂੰਬੜੀ ਦੀ, ਵਿਭਚਾਰੀ ਕੁੱਤੇ ਦੀ, ਭਗਤੀ ਬਗਲੇ ਦੀ, ਜ਼ਹਿਰ ਖੜੱਪੇ ਦੀ ਹੁੰਦੀ ਹੈ। ਇਹ ਬੌਸ ਦਾ ਮੋਹਰਾ, ਸਾਥੀਆਂ ਦਾ ਗੱਦਾਰ ਹੁੰਦਾ ਹੈ। ਬੜ੍ਹਕ ਮਾਰਨ ਲੱਗਿਆਂ,ਸਾਹਨ; ਮੋਕ ਮਾਰਨ ਲਗਿਆਂ,ਗਊ ਦਾ ਜਾਇਆ! ਲੋੜ ਪੈਣ 'ਤੇ ਗਧੇ ਨੂੰ ਪੂਜਨੀਕ ਪਿਤਾ ਅਤੇ ਲੋੜ ਪੁੱਗਣ ਤੇ ਪੂਜਨੀਕ ਪਿਤਾ ਨੂੰ ਗਧਾ ਕਹਿੰਦਾ ਹੈ। ਪਹਿਲੀ ਮਿਲਣੀ 'ਚ ਐਨਾ ਘੁਲ ਮਿਲ ਜਾਏਗਾ ਜਿੱਦਾਂ ਤੁਹਾਡਾ ਜਮਾਂਦਰੂ ਜਾਣੂੰ ਹੋਵੇ। ਗੱਲ-ਗੱਲ ਤੇ ਗਰਦਨ ਹਿਲਾਏਗਾ, ਨਾਪ ਤੋਲ ਕੇ ਖੰਡ-ਖਰੇਪੜ ਚੜ੍ਹੇ ਸ਼ਬਦ ਬੋਲੇਗਾ। ਤੁਹਾਡੇ ਬੱਚੇ ਲਈ ਲੌਲੀਪਾਪ/ਚੌਕਲੇਟ ਲਿਆਏਗਾ ਪਰ ਅੱਖ ਤੁਹਾਡੀ ਪਤਨੀ 'ਤੇ ਰੱਖੇਗਾ!

ਬੌਸ ਦੀ ਜੀ-ਹਜ਼ੂਰੀ ਕਰਨੀ ਇਸ ਦਾ ਸ਼ੁਗਲ ਹੁੰਦਾ ਹੈ। ਬੌਸ ਜੇ ਔਰਤ ਹੋਵੇ ਤਾਂ ਉਸ ਦੇ ਘਰ ਦੀ ਅੰਦਰੂਨੀ ਸੱਜ-ਸਜਾਵਟ, ਬੱਚਿਆਂ ਦੀ ਦੇਖ-ਭਾਲ, ਰਸੋਈ ਦਾ ਸਾਜ਼ੋ-ਸਮਾਨ ਸਭ ਇਸ ਦੇ ਜ਼ਿੰਮੇ ਹੁੰਦਾ ਹੈ। ਸਾੜ੍ਹੀ ਨੂੰ ਵਲ ਪੈਣ ਤੋਂ ਪਹਿਲਾਂ ਹੀ ਸੰਕਟਕਾਲੀ ਫੁਰਤੀ ਨਾਲ ਇਹ ਗਲ ਬੌਸ ਦੇ ਧਿਆਨ ਵਿਚ ਲਿਆਏਗਾ। ਉਠ ਦੇ ਲਿਬੜਾਂ ਵਰਗੇ ਬੁਲ੍ਹਾਂ ਨੂੰ ਸੰਤਰੇ ਦੀਆਂ ਫਾੜੀਆਂ, ਹਾਥੀ ਦੰਦਾਂ ਵਾਂਗ ਬਾਹਰ ਦੀ ਹਵਾ ਫਕ ਰਹੇ ਦੰਦਾਂ ਨੂੰ ਮੋਤੀ ਸੱਦੇਗਾ।

ਬੌਸ ਦੇ ਦਫ਼ਤਰ ਵਿਚ ਦਾਖਿਲ ਹੋਣ ਵੇਲੇ ਝੋਲੀ-ਚੁੱਕ ਇਸ ਤਰ੍ਹਾਂ ਮਲਕ ਦੇਣੀ ਚਿੱਕ ਚੁਕੇਗਾ ਜਿਵੇਂ ਕਿਸੇ ਨਵ-ਜੰਮੇ ਬਾਲ ਨੂੰ ਹੱਥ ਲਾ ਰਿਹਾ ਹੋਵੇ। ਗੱਲ-ਗੱਲ ਵਿਚ ਅੱਗੇ ਪਿੱਛੇ ਦੋ ਵਾਰ 'ਸਰ'/ਮੈਡਮ ਲਾ ਕੇ ਇਸ ਤਰ੍ਹਾਂ ਬੋਲੇਗਾ ਜਿੱਦਾਂ ਮੂੰਹ ਵਿਚ ਜ਼ੁਬਾਨ ਨਾ ਹੋਵੇ। ਪੈਰ-ਪੈਰ 'ਤੇ ਬੌਸ ਦੇ ਪੈਰ ਜਾਂ ਗੋਡੇ ਪਕੜਨਾ ਇਸ ਦਾ ਸੁਭਾਅ ਹੁੰਦਾ ਹੈ। ਬੌਸ ਦੇ ਕੋਟ ਜਾਂ ਕੱਪੜੇ ਉੱਪਰ ਕੋਈ ਮਾੜਾ ਜਿਹਾ ਮਿੱਟੀ ਦਾ ਕਿਣਕਾ ਤਕ ਲਏ ਤਾਂ ਲਪਕ ਕੇ ਇਸ ਤਰ੍ਹਾਂ ਰੁਮਾਲ ਨਾਲ ਉਸ ਨੂੰ ਝਾੜੇਗਾ ਜਿਵੇਂ ਕੋਈ ਬਿੱਛੂ ਬੈਠਾ ਹੋਵੇ।

ਹਰ ਚਮਚਾ ਇਸ ਸੁਨਹਿਰੀ ਸਿਧਾਂਤ ਦਾ ਧਾਰਨੀ ਹੈ ਕਿ ਜੇ ਲਿੱਦ ਹੀ ਚੁੱਕਣੀ ਹੈ ਤਾਂ ਹਾਥੀ ਦੀ ਚੁੱਕੋ ਕਿਸੇ ਗਧੇ-ਘੋੜੇ ਦੀ ਕਿਉਂ। ਉਸ ਨੂੰ ਪਤਾ ਹੁੰਦਾ ਹੈ ਕਿ ਹਾਥੀ ਕੇ ਪਾਉਂ ਮੇਂ ਸਭੀ ਕਾ ਪਾਉਂ। ਅਫਸਰ ਦੀਆਂ ਗਾਲ੍ਹਾਂ ਨੂੰ ਦੁੱਧ ਘਿਉ ਦੀਆ ਨਾਲਾਂ ਸਮਝਦਾ ਹੈ। ਉਹ ਦਿਨ ਦੂਰ ਨਹੀਂ ਜਦ ਬਰਸਾਤੀ ਡੱਡੂਆਂ ਵਾਂਗ ਚਾਪਲੂਸਾਂ/ਚਮਚਿਆਂ ਦੀ ਗਿਣਤੀ ਐਨੀ ਵਧ ਜਾਏਗੀ ਕਿ ਸਾਡੇ ਸੱਜੇ -ਖੱਬੇ, ਥੱਲੇ-ਉੱਤੇ ਅਤੇ ਆਸੇ ਪਾਸੇ ਚਮਚੇ ਹੀ ਚਮਚੇ ਹੋਣਗੇ। ਅਸੀਂ ਇਨ੍ਹਾਂ ਦੀ ਚਾਰੇ ਪਾਸੇ 'ਛਨ ਛਨਾ ਛਨ' ਸੁਣਾਂਗੇ। •

• ਅੰਮ੍ਰਿਤ ਪਾਲ
94649-29718

**ਇਸ ਡਾਇਰੀ ਵਿਚ ਐਨੀ ਫਰੈਂਕ ਨੇ ਪਤਾ ਨਹੀਂ ਅਜੇ ਹੋਰ ਕਿੰਨੇ ਕੁ ਸੁਪਨੇ-ਸੱਧਰਾਂ ਬਿਆਨ ਕਰਨੇ ਸਨ ਪਰ ਕਿਸੇ ਨੇ ਉਨ੍ਹਾਂ ਦੀ ਗੁਪਤ ਅਨੈਕਸੀ ਬਾਰੇ ਖ਼ੁਫ਼ੀਆ ਪੁਲਿਸ ਨੂੰ ਖ਼ਬਰ ਦੇ ਦਿੱਤੀ। ਉੱਥੇ ਛੁਪੇ ਸਾਰੇ ਦੇ ਸਾਰੇ ਅੱਠ ਮੈਂਬਰ ਫੜੇ ਗਏ...**

# ਛੋਟੀ ਉਮਰ ਦੀ ਵੱਡੀ ਡਾਇਰੀ ਲੇਖਿਕਾ ਐਨੀ ਫਰੈਂਕ



'ਡਾਇਰੀ ਆਫ ਏ ਜੰਗ ਗਰਲ' ਦੂਸਰੇ ਵਿਸ਼ਵ ਯੁੱਧ ਦੌਰਾਨ ਯਹੂਦੀ ਨਸਲਕੁਸ਼ੀ ਦੀ ਗਵਾਹੀ ਭਰਦਾ ਅਹਿਮ ਦਸਤਾਵੇਜ਼ ਹੈ। ਇਸ ਦੀ ਲੇਖਿਕਾ ਐਨੀ ਫਰੈਂਕ ਉਨ੍ਹਾਂ ਹਜ਼ਾਰਾਂ ਲੋਕਾਂ ਵਿੱਚੋਂ ਇਕ ਸੀ ਜੋ ਜਰਮਨ ਵਿਚ ਯਹੂਦੀ ਨਸਲਕੁਸ਼ੀ ਜਾਂ ਹੋਲੋਕੋਸਟ ਦਾ ਸ਼ਿਕਾਰ ਹੋਏ। ਇਸ ਡਾਇਰੀ ਕਰਕੇ ਐਨੀ ਫਰੈਂਕ ਮਰਨ ਉਪਰੰਤ ਇਕ ਡਾਇਰੀ ਲੇਖਿਕਾ ਦੇ ਰੂਪ ਵਿਚ ਸੰਸਾਰ ਭਰ ਵਿਚ ਪ੍ਰਸਿੱਧ ਹੋਈ। ਉਸ ਦੁਆਰਾ ਵਰਣਿਤ ਘਟਨਾਵਾਂ ਨੇ ਡਾਇਰੀ ਨੂੰ ਦੂਸਰੇ ਵਿਸ਼ਵ ਯੁੱਧ ਦੌਰਾਨ ਹੋਏ ਹੋਲੋਕਾਸਟ ਦੀ ਗਵਾਹੀ ਭਰਦਾ ਪ੍ਰਮੁੱਖ ਦਸਤਾਵੇਜ਼ ਬਣਾ ਦਿੱਤਾ। ਇਸ ਡਾਇਰੀ ਦੀ ਮੂਲ ਭਾਸ਼ਾ ਡਚ ਸੀ। ਪਰ ਹੁਣ ਇਹ ਡਾਇਰੀ ਕਈ ਭਾਸ਼ਾਵਾਂ ਵਿਚ ਛਪ ਚੁੱਕੀ ਹੈ।

ਐਨੀ ਫਰੈਂਕ 12 ਜੂਨ 1929 ਨੂੰ ਜਰਮਨ ਸ਼ਹਿਰ ਫਰੈਂਕਫਰਟ ਦੇ ਯਹੂਦੀ ਪਰਿਵਾਰ ਵਿਚ ਜਨਮੀ। ਇਹ ਪਿਤਾ ਓਟੋ ਫਰੈਂਕ ਅਤੇ ਐਂਠਿਥ ਫਰੈਂਕ ਦੀ ਦੂਸਰੀ ਬੇਟੀ ਸੀ। ਪਹਿਲੀ ਬੇਟੀ ਮਾਰਗੋਟ ਤਿੰਨ ਸਾਲ ਦੀ ਸੀ। ਮੁੱਢਲੇ ਚਾਰ ਕੁ ਸਾਲ ਇੱਥੇ ਰਹਿਣ ਤੋਂ ਬਾਅਦ ਆਰਥਿਕ ਉਤਰਾਅ ਚੜਾਅ, ਹਿਟਲਰ ਦੇ ਉਥਾਨ ਅਤੇ ਯਹੂਦੀ ਵਿਰੋਧੀ ਭਾਵਨਾ ਕਾਰਨ ਬਾਕੀ ਯਹੂਦੀਆਂ ਦੀ ਤਰ੍ਹਾਂ ਉਨ੍ਹਾਂ ਨੂੰ ਜਰਮਨੀ ਛੱਡਣਾ ਪਿਆ। ਐਨੀ ਦਾ ਪਰਿਵਾਰ ਨੀਦਰਲੈਂਡ (ਐਮਸਟਰਡਮ) ਵਿਚ ਰਹਿਣ ਲੱਗਾ ਅਤੇ ਉਸ ਦੇ ਪਿਤਾ ਨੇ ਇੱਥੇ ਵਪਾਰ ਸ਼ੁਰੂ ਕੀਤਾ।

ਦੋਵਾਂ ਭੈਣਾਂ ਐਨੀ ਅਤੇ ਮਾਰਗੋਟ ਨੇ 1934 ਵਿਚ ਐਮਸਟਰਡਮ ਦੇ ਸਕੂਲ ਵਿਚ ਦਾਖ਼ਲਾ ਲਿਆ। ਐਨੀ ਦਾ ਰੁਝਾਨ ਜ਼ਿਆਦਾ ਪੜ੍ਹਨ ਅਤੇ ਲਿਖਣ ਵੱਲ ਸੀ। ਜਦੋਂ 1940 ਵਿਚ ਹਾਲੈਂਡ ਨਾਜ਼ੀਆਂ ਦੇ ਕਬਜ਼ੇ ਵਿਚ ਆ ਗਿਆ ਤਾਂ ਸਾਰੇ ਪਰਿਵਾਰ ਦਾ ਜੀਵਨ ਖ਼ਤਰੇ ਵਿਚ ਪੈ ਗਿਆ ਅਤੇ ਨਾਜ਼ੀਆਂ ਦੁਆਰਾ ਬਣਾਏ ਯਹੂਦੀ ਨਿਯਮਾਂ ਅਧੀਨ ਆ ਗਿਆ। ਯਹੂਦੀਆਂ ਸਬੰਧੀ ਸਖ਼ਤ ਕਨੂੰਨ ਬਣਾਏ ਗਏ ਜਿਵੇਂ ਯਹੂਦੀ ਬੱਚੇ ਸਿਰਫ਼ ਯਹੂਦੀ ਸਕੂਲ ਵਿਚ ਦਾਖ਼ਲ ਹੋ ਸਕਦੇ ਸਨ। ਯਹੂਦੀਆਂ ਦੇ ਆਪਣੇ ਕਾਰੋਬਾਰਾਂ 'ਤੇ ਪਾਬੰਦੀ ਲੱਗ ਗਈ। ਲਗਾਤਾਰ ਕਰਫਿਊ ਲਗਾਏ ਗਏ। ਯਹੂਦੀਆਂ ਨੂੰ ਪੀਲੇ ਰੰਗ ਦਾ ਤਾਰਾ ਪਹਿਨਣ ਲਈ ਮਜਬੂਰ ਕੀਤਾ ਗਿਆ। ਓਟੋ ਫਰੈਂਕ ਨੇ ਮਜਬੂਰਨ ਆਪਣੀ ਕੰਪਨੀ ਛੱਡ ਦਿੱਤੀ।

ਪਹਿਲਾਂ ਪਹਿਲ ਸਭ ਨੂੰ ਲਗਦਾ ਸੀ ਕਿ ਨੀਦਰਲੈਂਡ ਇਸ ਯਹੂਦੀ ਵਿਰੋਧੀ ਅੰਦੋਲਨ ਤੋਂ ਬਚਿਆ ਰਹੇਗਾ ਪਰ ਹੌਲੀ-ਹੌਲੀ ਇਹ ਵੀ ਇਸ ਅੱਗ ਦੀ ਚਪੇਟ ਵਿਚ ਆ ਗਿਆ। ਹਿਟਲਰ ਦੀ ਨਾਜ਼ੀ ਪਾਰਟੀ ਨੇ ਨੀਦਰਲੈਂਡ 'ਤੇ ਹਮਲਾ ਕੀਤਾ। ਜਦੋਂ ਐਨੀ ਫਰੈਂਕ ਦੀ ਭੈਣ ਮਾਰਗੋਟ ਨੂੰ ਕੇਂਦਰੀ ਦਫ਼ਤਰ ਤੋਂ ਜੁਲਾਈ 1942 ਵਿਚ ਬਾਕੀ ਯਹੂਦੀਆਂ ਵਾਂਗ ਨੋਟਿਸ ਮਿਲਿਆ ਬੰਦੀ ਕੈਂਪਾਂ ਦੇ ਅੱਤਿਆਚਾਰਾਂ ਤੋਂ ਬਚਣ ਲਈ ਐਨ ਦੇ ਪਰਿਵਾਰ ਨੇ ਛੁਪਣ ਦੀ ਯੋਜਨਾ ਬਣਾਈ। ਉਸਦੇ ਪਿਤਾ ਨੇ ਅਜਿਹਾ ਆਪਣੇ ਵਪਾਰਕ ਸਾਥੀ ਅਤੇ ਦਫ਼ਤਰ ਦੇ ਹੋਰ ਮੈਂਬਰਾਂ ਨਾਲ ਮਿਲ ਕੇ ਕੀਤਾ।

6 ਜੁਲਾਈ 1942 ਨੂੰ ਉਸਦੇ ਪਿਤਾ ਆਟੋ ਫਰੈਂਕ ਮਾ ਏਡਿਥ, ਭੈਣ ਮਾਰਗੋਟ ਐਮਸਟਰਡਮ ਦੀ ਉੱਚੀ ਇਮਾਰਤ ਦੇ ਉਪਰਲੇ ਹਿੱਸੇ ਵਿਚ ਕਿਤਾਬਾਂ ਦੀ ਅਲਮਾਰੀ ਦੇ ਪਿੱਛੇ ਗੁਪਤ ਜਗ੍ਹਾ ਵਿਚ ਲੁਕ ਗਏ ਅਸਲ ਵਿਚ ਅਲਮਾਰੀ ਮੁੱਖ ਦਰਵਾਜ਼ੇ ਅੱਗੇ ਸੀ ਤਾਂ ਜੋ ਕਿਸੇ ਨੂੰ ਉਨ੍ਹਾਂ ਦੀ ਰਿਹਾਇਸ਼ ਬਾਰੇ ਪਤਾ ਨਾ ਲੱਗ ਸਕੇ। ਇਸ ਜਗ੍ਹਾ ਨੂੰ ਡਾਇਰੀ ਵਿਚ ਅਨੈਕਸੀ ਦਾ ਨਾਂ ਦਿੱਤਾ ਹੈ। ਫਿਰ ਇਨ੍ਹਾਂ ਨਾਲ ਕੁਝ ਦਿਨ ਬਾਅਦ ਇਕ ਹੋਰ ਤਿੰਨ ਮੈਂਬਰੀ ਪਰਿਵਾਰ ਜਿਸ ਵਿਚ ਫਾਨ ਡਾਨ , ਫਾਨ ਡਾਨ ਦੀ ਪਤਨੀ ਅਤੇ ਉਨ੍ਹਾਂ ਦਾ ਪੁੱਤਰ ਪੀਟਰ ਰਹਿਣ ਲਈ ਆਏ ਅਤੇ ਇਕ ਵਿਅਕਤੀ ਲਈ ਜਗ੍ਹਾ ਹੋਰ ਹੋਣ ਕਾਰਨ ਉਨ੍ਹਾਂ ਨੇ ਆਪਣੇ ਨਜ਼ਦੀਕੀ ਇਕ ਡੈਂਟਿਸਟ ਮਿ. ਡੂਸੇ ਜੋ ਐਨੀ ਦੇ ਪਿਤਾ ਦਾ ਕਰੀਬੀ ਸੀ ਰਹਿਣ ਲਈ ਬੁਲਾਇਆ। ਕੁੱਲ ਅੱਠ ਮੈਂਬਰ ਇਸ ਅਨੈਕਸ ਵਿਚ ਛੁੱਪ ਗਏ। ਇਨ੍ਹਾਂ ਦੇ ਖਾਣ ਪੀਣ ਦਾ ਪ੍ਰਬੰਧ ਦਫ਼ਤਰ ਵਿਚ ਕੰਮ ਕਰਨ ਵਾਲੇ ਕਰੀਬੀ ਮੁਲਾਜ਼ਮ ਕਰਦੇ ਸਨ।

ਇਹ ਜਗ੍ਹਾ ਉਸ ਦੇ ਪਿਤਾ ਦੇ ਦਫ਼ਤਰ ਨਾਲ ਸੀ। ਇੱਥੇ ਹੀ ਐਨੀ ਨੇ ਇਹ ਡਾਇਰੀ 14 ਜੂਨ 1942 ਤੋਂ 1 ਅਗਸਤ 1944 ਤਕ ਲਿਖੀ। ਇਹ ਖ਼ਾਲੀ ਡਾਇਰੀ 12 ਜੂਨ 1942 ਨੂੰ ਆਪਣੇ 13ਵੇਂ ਜਨਮ ਦਿਨ 'ਤੇ ਮਿਲੀ ਸੀ। ਦੋ ਦਿਨ ਬਾਅਦ 13 ਸਾਲ ਦੀ ਉਮਰ ਵਿਚ ਉਸ ਨੇ ਇਹ ਡਾਇਰੀ ਲਿਖਣੀ ਸ਼ੁਰੂ ਕੀਤੀ। ਉਸ ਨੇ ਆਪਣੀ ਡਾਇਰੀ ਦਾ ਨਾਂ ਕਿੱਟੀ ਰੱਖਿਆ ਸੀ।

ਉਸ ਨੇ ਇਸ ਡਾਇਰੀ ਵਿਚ ਜਿੱਥੇ ਰੋਜ਼ਾਨਾ ਹਿਟਲਰ ਅਤੇ ਨਾਜ਼ੀਆਂ ਦੁਆਰਾ ਕੀਤੇ ਜਾਂਦੇ ਅਣਮਨੁੱਖੀ ਵਿਵਹਾਰ, ਯਹੂਦੀ ਨਸਲਕੁਸ਼ੀ ਦਾ ਖੁੱਲ੍ਹ ਕੇ ਵਰਣਨ ਕੀਤਾ ਹੈ ਉੱਥੇ ਨਿੱਜੀ ਜ਼ਿੰਦਗੀ ਨਾਲ ਸਬੰਧਿਤ ਖ਼ਾਸ ਕਰ ਕੇ ਕਿਸ਼ੋਰ ਅਵਸਥਾ ਨਾਲ ਸਬੰਧਿਤ ਮੁਸ਼ਕਿਲਾਂ ਦਾ ਵੀ ਵਰਣਨ ਕੀਤਾ ਹੈ। ਇਸ ਡਾਇਰੀ ਨੂੰ ਪੜ੍ਹ ਕੇ ਡਰ ਵਿਚ ਜੀਵਨ ਬਸਰ ਕਰ ਰਹੇ ਮਨੁੱਖ ਦੀ ਅਸਲੀ ਮਾਨਸਿਕਤਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਇਸ ਡਾਇਰੀ ਵਿਚ ਖ਼ਬਰੇ ਅਜੇ ਉਸ ਨੇ ਹੋਰ ਕਿੰਨੇ ਕੁ ਸੁਪਨੇ ਸੱਧਰਾਂ ਬਿਆਨ ਕਰਨੇ ਸਨ ਪਰ ਕਿਸੇ ਨੇ ਉਨ੍ਹਾਂ ਦੀ ਗੁਪਤ ਅਨੈਕਸੀ ਬਾਰੇ ਖ਼ੁਫ਼ੀਆ ਪੁਲਿਸ ਨੂੰ ਖ਼ਬਰ ਦੇ ਦਿੱਤੀ। ਸਾਰੇ ਦੇ ਸਾਰੇ ਅੱਠ ਮੈਂਬਰ ਫੜੇ ਗਏ। ਸਾਰਿਆਂ ਨੂੰ ਸੈਨਿਕ ਕੈਂਪਾਂ ਵਿਚ ਲਿਜਾਇਆ ਗਿਆ ਜਿੱਥੇ ਐਨੀ ਅਤੇ ਉਸਦੀ ਭੈਣ ਮਾਰਗੋਟ ਦੀ ਟਾਈਫਸ ਨਾਲ ਮੌਤ ਹੋ ਗਈ।

ਜੇ ਦੋ ਹਫ਼ਤੇ ਦੋਵੇਂ ਭੈਣਾਂ ਜਿਉਂਦੀਆਂ ਰਹਿੰਦੀਆਂ ਤਾਂ ਬ੍ਰਿਟਿਸ਼ ਟੁਕੜੀਆਂ ਨੇ ਬਾਕੀ ਲੋਕਾਂ ਨਾਲ ਇਨ੍ਹਾਂ ਨੂੰ ਵੀ ਬਚਾ ਲੈਣਾ ਸੀ। ਉਸ ਸਮੇਂ ਐਨ ਦੀ ਉਮਰ ਸਿਰਫ 15 ਸਾਲਾਂ ਦੀ ਸੀ। ਉਸ ਗੁਪਤ ਅਨੈਕਸੀ ਦੇ ਅੱਠ ਮੈਂਬਰਾਂ ਵਿੱਚੋਂ ਸਿਰਫ਼ ਉਸ ਦਾ ਪਿਤਾ ਓਟੋ ਫਰੈਂਕ ਹੀ ਬਚਿਆ ਜਿਸ ਨੇ ਬਾਅਦ ਵਿਚ ਐਨ ਦੀ ਅਧੂਰੀ ਜ਼ਿੰਦਗੀ ਇਕ ਡਾਇਰੀ ਦੇ ਰੂਪ ਵਿਚ ਛਪਵਾਈ ਕਿਉਂਕਿ ਉਸ ਦੀ ਡਾਇਰੀ ਹਿਟਲਰ ਦੇ ਪਾਗ਼ਲਪਨ ਦੀ ਬਲੀ ਨਹੀਂ ਚੜ੍ਹੀ। ਓਟੋ ਫਰੈਂਕ 1947 ਵਿਚ ਉਸ ਦੀ ਡਾਇਰੀ ਨਾ ਛਪਾਉਂਦਾ ਸ਼ਾਇਦ ਐਨੀ ਗੁਮਨਾਮ ਹੀ ਰਹਿ ਜਾਂਦੀ। •

## ਪੁਸਤਕ ਚਰਚਾ




ਤੁਹਾਡੇ ਵਾਸਤੇ ਡਾ. ਜੋਧਾ ਸਿੰਘ ਮੋਗਾ ਦਾ ਲੇਖ ਸੰਗ੍ਰਹਿ ਹੈ। ਇਸ ਵਿਚ ਲੇਖਕ ਨੇ ਪਾਠਕਾਂ ਨੂੰ ਕਈ ਅਜਿਹੀਆਂ ਗੱਲਾਂ ਸਿਖਾਉਣ ਦੀ ਕੋਸ਼ਿਸ਼ ਕੀਤੀ ਹੈ ਜੋ ਸਾਡੇ ਜੀਵਨ 'ਚ ਬਹੁਤ ਲੋੜੀਂਦੀਆਂ ਹਨ ਪਰ ਅੱਜ ਦੀ ਪੀੜ੍ਹੀ ਇਨ੍ਹਾਂ ਨੂੰ ਵਿਸਾਰ ਚੁੱਕੀ ਹੈ। ਕੁਝ ਲੇਖ ਜਿਵੇਂ ਪਿਆਰ ਬੀਜੋ, ਸਦਾਬਹਾਰ ਬਰਸੀ, ਦਸ਼ਾ ਤੇ ਦਿਸ਼ਾ, ਬਦਲਣ ਵਾਲੇ ਪਲ, ਧਰਮ ਦੌੜ, ਖ਼ੁਸ਼ਬੂ ਅੰਦਰਲੀ, ਪਾਲਾ ਆਦਿ ਲੇਖ ਅਜਿਹੇ ਹਨ ਜੋ ਸਾਨੂੰ ਕੋਈ ਨਾ ਕੋਈ ਸਿੱਖਿਆ ਦਿੰਦੇ ਹਨ ਜੋ ਕਿ ਸ਼ਿਸ਼ਟਾਚਾਰੀ ਨਾਲ ਭਰਪੂਰ ਹਨ। ਲੇਖਕ ਦੀਆਂ ਸਾਰੀਆਂ ਰਚਨਾਵਾਂ ਨਿੰਦਿਆ ਤੋਂ ਪਰੇ ਹਨ। ਇਸ ਤੋਂ ਇਲਾਵਾ ਹੋਰ ਵੀ ਕਈ ਅਜਿਹੇ ਲੇਖ ਹਨ ਜਿਨ੍ਹਾਂ ਵਿਚ ਲੇਖਕ ਨੇ ਪਾਠਕਾਂ ਨੂੰ ਬਹੁਤ ਹੀ ਸਲੀਕੇ ਨਾਲ ਸੇਧ ਦੇਣ ਦੀ ਕੋਸ਼ਿਸ਼ ਕੀਤੀ ਹੈ। ਜਿਵੇਂ ਪ੍ਰੇਰਨਾਮਈ ਅੰਤਿਮ ਅਰਦਾਸ, ਫੈਸ਼ਨ ਕਰੋ, ਜ਼ਰਾ ਸੋਚ ਕੇ, ਸਾਡੇ ਘਰ ਦਾਂਡੀਆਂ ਪੁਰਾਣੀਆਂ ਵਸਤਾਂ, ਫੈਂਸੀ ਡਰੈੱਸ, ਸੁੰਦਰ ਲਿਖਾਈ ਦਾ ਮਹੱਤਵ ਆਦਿ ਬਹੁਤ ਲੇਖ ਹਨ ਜਿਨ੍ਹਾਂ ਨੂੰ ਪੜ੍ਹ ਕੇ ਝਾਕਿਆ ਹੀ ਮਹਿਸੂਸ ਕੀਤਾ ਜਾ ਸਕਦਾ ਹੈ ਕਿ ਅਸੀਂ ਲੋਕ ਕਿੰਨੇ ਕੁ ਸੁਚੱਜੇ ਹਾਂ।

ਲੇਖਕ ਦੇ ਕੁਝ ਲੇਖ ਬੱਚਿਆਂ ਪ੍ਰਤੀ ਵੀ ਲਿਖੇ ਹਨ ਜਿਵੇਂ ਬੱਚਿਆਂ ਨੂੰ ਕੀ ਪੜ੍ਹਾਇਆ ਜਾਵੇ , ਕਿਹੋ ਜਿਹਾ ਮਾਹੌਲ ਹੋਣਾ ਚਾਹੀਦਾ ਹੈ, ਬੱਚਿਆਂ ਦੀ ਲਿਖਾਈ ਦੀ ਸੁੰਦਰਤਾ ਆਦਿ ਬਾਰੇ ਲੇਖਕ ਨੇ ਖ਼ੂਬ ਵਿਆਖਿਆ ਕੀਤੀ ਹੈ। ਇਸ ਤੋਂ ਇਲਾਵਾ ਕੁਝ ਲੇਖ ਸਿੱਖਿਆ ਪ੍ਰਤੀ ਵੀ ਹਨ ਜਿਨ੍ਹਾਂ ਨੂੰ ਪੜ੍ਹ ਕੇ ਅਸੀਂ ਸੋਖਿਆਂ ਹੀ ਕੁਝ ਵਿਚਾਰ ਸਕਦੇ ਹਾਂ। ਲੇਖਾਂ ਵਿਚਲੀ ਭਾਸ਼ਾ ਵਿਚ ਸ਼ੁੱਧਤਾ ਹੈ। ਪੁਸਤਕ ਦੇ ਅੰਤ ਵਿਚ ਲਿਖੇ ਹੋਏ ਸਕੂਲ ਲਈ ਮਾਟੋ ਬਾ ਕਮਾਲ ਹਨ। ਲੇਖਾਂ ਦੇ ਨਾਲ-ਨਾਲ ਕੁਝ ਕਵਿਤਾਵਾਂ ਵੀ ਹਨ। ਲੇਖਕ ਨੇ ਸਾਹਿਤ ਦੇ ਹੋਰ ਰੂਪਾਂ 'ਤੇ ਵੀ ਆਪਣੀ ਕਲਮ ਨੂੰ ਅਜਮਾਇਆ ਹੈ। ਕਈ ਕਵਿਤਾਵਾਂ, ਬਾਲ ਕਵਿਤਾਵਾਂ ਤੇ ਕਹਾਣੀਆਂ ਵੀ ਇਸੇ ਕਲਮ ਰਾਹੀਂ ਸਾਹਮਣੇ ਆਈਆਂ ਹਨ। ਹੱਥਲੀ ਪੁਸਤਕ ਵਿਚਲੇ ਸਾਰੇ ਹੀ ਲੇਖ ਸਾਦਗੀ ਭਰਪੂਰ ਹਨ। ਲੇਖਾਂ ਵਿਚ ਨਿਵੇਕਲੇਪਣ ਦਾ ਅਹਿਸਾਸ ਹੁੰਦਾ ਹੈ। ਸਾਰੀਆਂ ਰਚਨਾਵਾਂ ਪ੍ਰਪੱਕ ਅਤੇ ਅਰਥ ਭਰਪੂਰ ਅਤੇ ਮੁੱਲਵਾਨ ਹਨ ਜਿਨ੍ਹਾਂ ਨੂੰ ਪੜ੍ਹ ਕੇ ਆਮ ਪਾਠਕ ਇਸ ਤੋਂ ਲਾਹਾ ਲੈ ਸਕਦਾ ਹੈ। ਪੁਸਤਕ ਦੀ ਦਿਖ ਸੁੰਦਰ ਹੈ ਅਤੇ ਇਹ ਪੜ੍ਹਨਯੋਗ ਹੈ।




ਕੋਈ ਨਾਉ ਨਾ ਜਾਣੇ ਮੇਰਾ ਕਰਮਵੀਰ ਸੂਰੀ ਦੀ ਮਿੰਨੀ ਕਹਾਣੀਆਂ ਦੀ ਅਜਿਹੀ ਪੁਸਤਕ ਹੈ ਜੋ ਸਮਾਜ ਦੇ ਵਿਭਿੰਨ ਹਾਲਾਤ ਦਾ ਵਰਨਣ ਕਰਦੀ ਹੈ। ਇਸ ਦੀਆਂ ਕਹਾਣੀਆਂ ਹਨ ਸਮਾਜਿਕ, ਆਰਥਿਕ ਹਾਲਾਤ ਅਤੇ ਨਵੀ ਪੁਰਾਣੀ ਪੀੜ੍ਹੀ ਦੇ ਫ਼ਰਕ ਨੂੰ ਦਰਸਾਉਂਦੀਆਂ ਹਨ। ਸੋਚ, ਵੈਰਾਗ, ਕਿਹੜੀ ਉਮਰੇ, ਦੁਰਲੱਭ, ਖੰਡ, ਫੁੱਲ ਆਦਿ ਕਹਾਣੀਆਂ ਵਿਚ ਲੇਖਕ ਨੇ ਸਮਾਜ ਦਾ ਬਹੁਤ ਵਧੀਆ ਅਕਸ ਪਾਠਕਾਂ ਸਾਹਮਣੇ ਲਿਆਉਣ ਦਾ ਯਤਨ ਕੀਤਾ ਹੈ। ਇਸ ਤੋਂ ਇਲਾਵਾ ਕਈ ਕਹਾਣੀਆਂ ਅਜਿਹੀਆਂ ਵੀ ਹਨ ਜਿਨ੍ਹਾਂ ਵਿਚ ਲੇਖਕ ਨੇ ਪਾਤਰਾਂ ਨੂੰ ਭਾਵੁਕਤਾ ਦੀ ਹਾਲਤ ਵਿਚ ਦਿਖਾਇਆ ਹੈ ਜਿਵੇਂ ਦੋ ਦ੍ਰਿਸ਼, ਕਦਰਦਾਨ, ਇਕੋ ਕਿਸ਼ਤੀ ਦੇ ਸਵਾਰ, ਪੇਟੀ, ਮਾਲਕ ਆਦਿ।

ਪੁਸਤਕ ਵਿਚਲੀ ਬਾਲਟੀ ਕਹਾਣੀ ਸਮਾਜ ਦਾ ਉਹ ਦ੍ਰਿਸ਼ ਪੇਸ਼ ਕਰਦੀ ਹੈ ਜਿਸ ਨੂੰ ਅਸੀ ਲੋਕ ਦੇਖ ਕੇ ਵੀ ਅਣਦੇਖਿਆਂ ਕਰ ਦਿੰਦੇ ਹਾਂ ਪਰ ਲੇਖਕ ਨੇ ਬਹੁਤ ਹੀ ਸਲੀਕੇ ਨਾਲ ਇਸ ਕਹਾਣੀ ਵਿਚ ਔਰਤ ਦੀ ਸਥਿਤੀ ਨੂੰ ਬਿਆਨਿਆ ਹੈ। ਇਹ ਕਹਾਣੀ ਸਮਾਜ ਦੀ ਹਕੀਕਤ ਨੂੰ ਬਿਆਨ ਕਰਦੀ ਹੈ। ਵਰਤਮਾਨ ਸਮੇਂ ਕਈ ਮਨੁੱਖ ਸਵਾਰਥੀ ਹੁੰਦੇ ਜਾ ਰਹੇ ਹਨ ਇਨ੍ਹਾਂ ਦੀ ਹਾਲਤ ਨੂੰ ਵੀ ਲੇਖਕ ਨੇ ਖ਼ੂਬ ਪੇਸ਼ ਕੀਤਾ ਹੈ। ਇਸ ਤਰਾਂ ਕਈ ਕਹਾਣੀਆਂ ਅਜਿਹੀਆਂ ਵੀ ਹਨ ਜਿਨ੍ਹਾਂ ਵਿਚ ਭ੍ਰਿਸ਼ਟ ਲੋਕਾਂ ਨੂੰ ਕੁਦਰਤੀ ਮਾਰ ਪਈ ਦਿਖਾਈ ਗਈ ਹੈ ਜੋ ਕਿ ਅੱਜ ਦੇ ਮਨੁੱਖਾਂ ਨੂੰ ਸਹੀ ਰਸਤੇ 'ਤੇ ਲਿਆਉਣ ਲਈ ਜ਼ਰੂਰੀ ਵੀ ਹੈ।

ਸੋ ਇਹ ਸਾਰੀਆਂ ਕਹਾਣੀਆਂ ਪਾਠਕਾਂ ਨੂੰ ਨਵੀ ਸੇਧ ਦੇਣ ਵਿਚ ਕਾਮਯਾਬ ਹਨ। ਕਹਾਣੀਆਂ ਵਿਚਲੀ ਭਾਸ਼ਾ ਸਰਲ ਤੇ ਸਪਸ਼ਟ ਹੈ। ਇਹ ਛੋਟੀਆਂ ਤੇ ਦਿਲਚਸਪ ਹੋਣ ਕਰਕੇ ਜਲਦੀ ਪੜ੍ਹੀਆਂ ਜਾਂਦੀਆਂ ਹਨ। ਸਾਡੇ ਆਲੇ ਦੁਆਲੇ ਜੋ ਵੀ ਵਾਪਰ ਰਿਹਾ ਹੈ ਉਹ ਸਭ ਇਨ੍ਹਾਂ ਕਹਾਣੀਆਂ ਵਿਚ ਮੌਜੂਦ ਹੈ। ਸੋ ਇਹ ਮਿੰਨੀ ਕਹਾਣੀ ਸੰਗ੍ਰਹਿ ਪਾਠਕਾਂ ਅੰਦਰ ਸਾਰਥਕ ਵਿਚਾਰ ਪੈਦਾ ਕਰੇਗਾ ਤੇ ਨਵੀ ਸੇਧ ਵੀ ਦੇਵੇਗਾ। ਲੇਖਕ ਦੀ ਇਸ ਪੁਸਤਕ ਦਾ ਦਿਲੋਂ ਸੁਆਗਤ ਹੈ।

• ਇੰਦਰਪ੍ਰੀਤ ਕੌਰ

ਗੀਤ, ਗ਼ਜ਼ਲ, ਨਜ਼ਮ, ਦੋਹਾ, ਰੁਬਾਈ ਆਦਿ ਵਾਂਗ ਹੀ ਕਵਿਤਾ ਦੀ ਇਕ ਹੋਰ ਸ਼ੈਲੀ ਹੈ 'ਹਾਇਕੂ।' ਸਾਹਿਤਕਾਰ ਇਸ ਨੂੰ ਜਾਪਾਨੀ ਤੋਂ ਪ੍ਰਾਪਤ ਕੀਤੀ ਵਿਧਾ ਆਖਦੇ ਹਨ। ਵਿਸ਼ਵ ਦੀਆਂ ਹੋਰ ਭਾਸ਼ਾਵਾਂ ਵਾਂਗ, ਭਾਰਤ ਦੀਆਂ ਖੇਤਰੀ ਬੋਲੀਆਂ ਵਿਚ ਵੀ 'ਹਾਇਕੂ' ਲਿਖਣ ਦਾ ਰਿਵਾਜ ਚੱਲ ਪਿਆ ਹੈ। ਪੰਜਾਬੀ ਭਾਸ਼ਾ ਵਿਚ 'ਹਾਇਕੂ' ਨੂੰ ਮਾਣਮੱਤਾ ਸਥਾਨ ਦੁਆਉਣ ਲਈ ਬਲਦੇਵ ਸਿੰਘ ਬੇਦੀ ਦਾ ਉਘੜਵਾਂ ਨਾਂ ਹੈ। ਉਨ੍ਹਾਂ ਦੀ ਨਵੀਨਤਾ ਪ੍ਰਕਾਸ਼ਤ ਪੁਸਤਕ 'ਹਾਇਕੂ-ਏ-ਪੌਤੀ' ਵਿਸ਼ੇਸ਼ ਤੌਰ 'ਤੇ ਨਵੇਂ ਹਾਇਕੂ ਲੇਖਕਾਂ ਲਈ ਇਕ ਗਾਈਡ ਬੁਕ ਵਾਂਗ ਹੈ। ਇਸ ਵਿਚ ਹਾਇਕੂ ਦੀਆਂ ਅਲੱਗ-ਅਲੱਗ ਵੰਨਗੀਆਂ, ਮਿਸਾਲ ਸਹਿਤ ਦਿੱਤੀਆਂ ਗਈਆਂ ਹਨ ਤਾਂ ਜੋ ਸਿੱਖਿਆਰਥੀ ਉਨ੍ਹਾਂ ਦੀ ਵਿਆਕਰਣ ਵਿਚਲਾ ਅੰਤਰ ਸਮਝਦੇ ਹੋਏ ਹਾਇਕੂ ਸਿਰਜਣਾ ਵਿਚ ਮੁਹਾਰਤ ਹਾਸਿਲ ਕਰ ਸਕਣ।

ਕਵੀ ਬਲਦੇਵ ਸਿੰਘ ਬੇਦੀ ਨੇ ਬੜੇ ਹੀ ਵਿਸਥਾਰ ਨਾਲ ਹਾਇਕੂ ਦਾ ਮੀਟਰੀ ਪੈਮਾਨਾ (5-7-5=17 ਅੱਖਰ) ਦੱਸਦਿਆਂ ਹਾਇਕੂ-ਏ-ਵਾਰਤਕ, ਹਾਇਕੂ-ਏ-ਗੁਰਬਾਣੀ, ਹਾਇਕੂ-ਏ-ਕਵਿਤਾ, ਹਾਇਕੂ-ਏ-ਗ਼ਜ਼ਲ, ਹਾਇਕੂ-ਏ-ਰੁਬਾਈ, ਹਾਇਕੂ-ਏ-ਦੋਹੇ, ਹਾਇਕੂ-ਏ-ਵਿਅੰਗ, ਹਾਇਕੂ-ਏ-ਖ਼ਬਰਾਂ,ਹਾਇਗਾ, ਤਾਂਕਾ, ਰੇਂਗਾ, ਸੇਦੋਕਾ, ਚੋਕਾ ਅਤੇ ਹਾਇਬਨ ਆਦਿ ਨੂੰ ਬੜੇ ਵਿਸਥਾਰ ਨਾਲ ਸਮਝਾਇਆ ਗਿਆ ਹੈ। ਇਸ ਪੁਸਤਕ ਵਿਚ ਲਗਪਗ 1210 ਹਾਇਕੂ, 07 ਦੋਹਾ, 08ਰੇਂਗਾ, 04 ਹਾਇਮਾ ਨਾਲ-ਨਾਲ ਰੁਬਾਈ, ਗ਼ਜ਼ਲ, ਵਿਅੰਗ ਦੋਹੇ, ਹਾਇਬਨ ਆਦਿ ਦਿੱਤੇ ਗਏ ਹਨ।




ਲੇਖਕ ਭੂਮਿਕਾ ਵਿਚ ਅਲੱਗ-ਅਲੱਗ ਖੋਜਕਾਰਾਂ ਦੇ ਹਵਾਲੇ ਨਾਲ ਲਿਖਦੇ ਹਨ ਕਿ ਹਾਇਕੂ ਵਿਧਾ ਸਭ ਤੋਂ ਪਹਿਲਾਂ ਭਾਰਤ ਤੋਂ ਚੀਨ ਅਤੇ ਚੀਨ ਤੋਂ ਜਾਪਾਨ ਅਤੇ ਮੁੜ ਜਾਪਾਨ ਤੋਂ ਭਾਰਤ ਪਰਤੀ ਹੈ ਅਤੇ ਹਾਇਕੂ ਦੇ ਬੀਜ, ਗਾਇਤਰੀ ਮੰਤਰ ਵਿਚ ਪਾਏ ਦੱਸਦੇ ਹਨ। ਹੱਥਲੀ ਪੁਸਤਕ 'ਹਾਇਕੂ' ਦੇ ਪ੍ਰਸ਼ੰਸਕਾਂ ਤੇ ਸਿਰਜਕਾਂ ਲਈ ਜ਼ਰੂਰ ਲਾਹੇਵੰਦ ਸਾਬਿਤ ਹੋਵੇਗੀ।

• ਧਰਮਪਾਲ ਸਾਹਿਲ

ਸਵਰਨ ਸਿੰਘ ਇਕ ਅਨੁਭਵੀ ਸਾਹਿਤਕਾਰ ਹੈ। ਹੁਣ ਤਕ ਉਸ ਦੀਆਂ ਕਵਿਤਾ ਦੀਆਂ ਪੰਜ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਕਵਿਤਾ ਤੋਂ ਬਾਅਦ ਬਹੁਤ ਹੀ ਮਿਹਨਤ ਨਾਲ ਲਿਖਿਆ ਆਪਣਾ ਕਾਵਿ-ਨਾਟ ਸੁੰਦਰਾਂ ਲੈ ਕੇ ਪਾਠਕਾਂ ਦੀ ਕਚਹਿਰੀ ਵਿਚ ਹਾਜ਼ਿਰ ਹੋਇਆ ਹੈ। ਸੁੰਦਰਾਂ ਸਾਡੇ ਸਭਿਆਚਾਰ ਤੇ ਸਾਹਿਤ ਵਿਚ ਇਕ ਅਣਗੌਲਿਆ ਪਾਤਰ ਰਿਹਾ ਹੈ। ਉਸ ਦੀ ਜ਼ਿੰਦਗੀ ਅਤ੍ਰਿਪਤ ਅਤੇ ਅਧੂਰੀ ਮੁਹੱਬਤ ਦੀ ਦਰਦਨਾਕ ਦਾਸਤਾਨ ਹੈ। ਕਿਵੇਂ ਉਹ ਭੀਖ ਮੰਗਣ ਆਏ ਯੋਗੀ ਪੂਰਨ ਦੇ ਪਿਆਰ ਵਿਚ ਜਕੜੀ ਜਾਂਦੀ ਹੈ। ਆਪਣੇ ਢੰਗ ਨਾਲ ਉਹ ਗੋਰਖਨਾਥ ਤੋਂ ਪੂਰਨ ਨੂੰ ਮੰਗ ਵੀ ਲੈਂਦੀ ਹੈ ਪਰ ਇਸਦੇ ਬਾਵਜੂਦ ਉਹ ਪੂਰਨ ਨੂੰ ਪੂਰਨ ਤੌਰ 'ਤੇ ਪਾ ਨਹੀਂ ਸਕਦੀ। ਨਾ ਉਹ ਉਸ ਨੂੰ ਆਤਮਿਕ ਤੌਰ 'ਤੇ ਪ੍ਰਾਪਤ ਕਰ ਸਕਦੀ ਹੀ ਨਾ ਹੀ ਜਿਸਮਾਨੀ ਤੌਰ 'ਤੇ ਉਸਨੂੰ ਭੋਗ ਸਕਦੀ ਹੈ। ਇਸੇ ਦਰਦ ਤੇ ਦੁੱਖ ਵਿਚ ਡੁੱਬੀ ਉਹ ਮਹਿਲਾਂ ਤੋਂ ਛਾਲ ਮਾਰ ਕੇ ਆਤਮ ਹੱਤਿਆ ਕਰ ਲੈਂਦੀ ਹੈ। ਸਵਰਨ ਸਿੰਘ ਨੇ ਇਸ ਗਾਥਾ ਨੂੰ ਏਨੀ ਖ਼ੂਬਸੂਰਤੀ ਨਾਲ ਬਿਆਨ ਕੀਤਾ ਹੈ ਕਿ ਪਾਠਕ ਸੁੰਦਰਾਂ ਦੇ ਦਰਦ ਨਾਲ ਡੂੰਘੀ ਤਰ੍ਹਾਂ ਜੁੜ ਜਾਂਦਾ ਹੈ। ਸਵਰਨ ਸਿੰਘ ਕੋਲ ਢੁੱਕਵੇਂ ਸ਼ਬਦ ਹਨ, ਬਿੰਬ ਅਲੰਕਾਰ ਹਨ ਜਿਨ੍ਹਾਂ ਰਾਹੀਂ ਉਹ ਆਪਣੀ ਗੱਲ ਦਾ ਕਵਿਤਾ ਰਾਹੀਂ ਪਾਠਕਾਂ ਤਕ ਸੰਚਾਰ ਕਰਦਾ ਹੈ।

ਸਵਰਨ ਸਿੰਘ ਦੇ ਇਸ ਕਾਵਿ ਨਾਟ ਵਿਚ ਕਾਵਿ ਨਾਟ ਵਾਲੀਆਂ ਉਹ ਸਾਰੀਆਂ ਖ਼ੂਬੀਆਂ ਹਨ ਜੋ ਕਿਸੇ ਵੀ ਸਫਲ ਕਾਵਿ ਨਾਟ ਵਿਚ ਹੋਣੀਆਂ ਚਾਹੀਦੀਆਂ ਹਨ। ਪਾਤਰ ਉਸਾਰੀ, ਵਾਤਾਵਰਨ ਵਾਰਤਾਲਾਪ, ਸਥਿਤੀਆਂ ਦੇ ਉਤਰਾਅ ਚੜ੍ਹਾਅ ਸਭ ਜੁਗਤਾਂ ਦੀ ਵਰਤੋਂ ਲੇਖਕ ਨੇ ਇਸ ਕਾਵਿ ਨਾਟ ਵਿਚ ਕੀਤੀ ਹੈ। ਡਾ. ਅਮਰਜੀਤ ਕੌਂਕੇ ਦੇ ਸ਼ਬਦਾਂ ਵਿਚ ਇਹ ਕਾਵਿ ਨਾਟ ਪੰਜਾਬੀ ਸਾਹਿਤ ਤੇ ਸਭਿਆਚਾਰ ਦੇ ਇਸ ਅਣਗੌਲੇ ਪਾਤਰ ਨੂੰ ਕੇਂਦਰ ਬਿੰਦੂ ਵਿਚ ਲਿਆਉਣ ਦਾ ਅਤੇ ਇਕ ਨਵੇਂ ਅਛੂਤੇ ਸੰਵਾਦ ਦੀ ਸ਼ੁਰੂਆਤ ਕਰਨ ਦਾ ਉਪਰਾਲਾ ਕਰਦਾ ਹੈ। ਪੁਸਤਕ ਪੜ੍ਹਦਿਆਂ ਪੂਰਨ ਭਗਤ ਦਾ ਕਿੱਸਾ ਪਾਠਕ ਦੇ ਜ਼ਿਹਨ 'ਚ ਨਾਲ-ਨਾਲ ਚੱਲਦਾ ਹੈ। ਪਾਠਕਾਂ ਦਾ ਹੁੰਗਾਰਾ ਇਸ ਅਛੂਤੇ ਸੰਵਾਦ ਨੂੰ ਹੋਰ ਅਗੇਰੇ ਲੈ ਕੇ ਜਾਣ ਵਿਚ ਸਹਾਈ ਸਾਬਤ ਹੋਵੇਗਾ।




• ਜਸਵਿੰਦਰ ਦੂਹੜ

# 150 ਫੁੱਟ ਡੂੰਘੇ ਬੋਰਵੈੱਲ 'ਚ ਡਿੱਗੀ ਬੱਚੀ ਨੂੰ ਬਾਹਰ ਕੱਢਣ ਦੀ ਮੁਹਿੰਮ 9ਵੇਂ ਦਿਨ ਵੀ ਜਾਰੀ

**ਏਜੰਸੀਆਂ**

ਜੈਪੁਰ 3 ਜਨਵਰੀ। ਰਾਜਸਥਾਨ ਦੇ ਕੋਟਪੁਤਲੀ ਜਿ਼ਲ੍ਹੇ 'ਚ ਸੋਮਵਾਰ ਨੂੰ 150 ਫੁੱਟ ਡੂੰਘੇ ਬੋਰਵੈੱਲ ਵਿਚ ਡਿੱਗੀ ਤਿੰਨ ਸਾਲਾ ਚੇਤਨਾ ਨੂੰ ਬਾਹਰ ਕੱਢਣ ਲਈ ਬਚਾਅ ਮੁਹਿੰਮ ਮੰਗਲਵਾਰ ਨੂੰ 9ਵੇਂ ਦਿਨ ਵੀ ਜਾਰੀ ਹੈ।



ਅਧਿਕਾਰੀਆਂ ਮੁਤਾਬਕ ਬਚਾਅ ਟੀਮਾਂ ਸਮਾਨਾਂਤਰ ਸੁਰੰਗ ਖੋਦਣ ਲਈ ਦਿਨ-ਰਾਤ ਕੰਮ ਕਰ ਰਹੀਆਂ ਹਨ। ਜਿ਼ਕਰਯੋਗ ਹੈ ਕਿ ਕੋਟਪੁਤਲੀ ਜਿ਼ਲ੍ਹੇ ਦੇ ਸਰੁੰਦ ਥਾਣਾ ਖੇਤਰ ਦੇ ਕਿਤਰਪੁਰਾ ਇਲਾਕੇ 'ਚ ਭੂਪੇਂਦਰ ਚੌਧਰੀ ਦੇ ਖੇਤ 'ਚ ਉਸ ਦੀ ਤਿੰਨ ਸਾਲਾ ਬੱਚੀ ਚੇਤਨਾ ਸੋਮਵਾਰ ਯਾਨੀ 23 ਦਸੰਬਰ ਬੋਰਵੈੱਲ 'ਚ ਡਿੱਗ ਗਈ ਸੀ। ਉਸ ਨੂੰ ਸੁਰੱਖਿਅਤ ਬਾਹਰ ਕੱਢਣ ਦੀਆਂ ਕੋਸਿ਼ਸਾਂ ਲਗਾਤਾਰ ਜਾਰੀ ਹਨ। ਸਥਾਨਕ ਪੁਲਸ, ਪ੍ਰਸਾਸਨ, ਨੈਸਨਲ ਡਿਜਾਸਟਰ ਰਿਸਪਾਂਸ ਫੋਰਸ () ਅਤੇ ਸਟੇਟ ਡਿਜਾਸਟਰ ਰਿਸਪਾਂਸ ਫੋਰਸ () ਦੀਆਂ ਟੀਮਾਂ ਬੋਰਵੈੱਲ ਤੋਂ ਬੱਚੀ ਨੂੰ ਬਾਹਰ ਕੱਢਣ ਲਈ ਕੋਸਿ਼ਸਾਂ ਕਰ ਰਹੀਆਂ ਹਨ। ਅਤੇ ਦੀ ਬਚਾਅ ਟੀਮ ਨੇ ਸੋਮਵਾਰ ਨੂੰ ਉਮੀਦ ਜਤਾਈ ਸੀ ਕਿ ਉਹ ਆਪ੍ਰੇਸਨ ਪੂਰਾ ਕਰ ਕੇ ਬੱਚੀ ਤੱਕ ਪਹੁੰਚ ਜਾਣਗੇ ਪਰ ਪੱਥਰੀਲੀ ਸਤ੍ਹਾ ਨੇ ਡਰਿਲਿੰਗ ਟੀਮ ਲਈ ਮੁਸਕਿਲਾਂ ਵਧਾ ਦਿੱਤੀਆਂ ਹਨ। ਐੱਨਡੀਆਰਐੱਫ ਟੀਮ ਦੇ ਇੰਚਾਰਜ ਯੋਗੇਸ਼ ਮੀਨਾ ਨੇ ਮੰਗਲਵਾਰ ਨੂੰ ਦੱਸਿਆ,"8 ਫੁੱਟ ਮਿੱਟੀ ਖੋਦਣਾ ਕੋਈ ਵੱਡੀ ਗੱਲ ਨਹੀਂ ਹੈ। ਜੇਕਰ ਪੱਥਰ ਹੈ ਤਾਂ ਅਸੀਂ ਵਿਸਫੋਟ ਨਹੀਂ ਕਰ ਸਕਦੇ। ਕਠੋਰ ਚੱਟਾਨ ਕਾਰਨ ਸਾਨੂੰ ਡਰੀਲਿੰਗ 'ਚ ਮੁਸ਼ਕਲ ਆ ਰਹੀ ਹੈ। ਜਦੋਂ ਤੋਂ ਕੰਮ ਸ਼ੁਰੂ ਹੋਇਆ ਹੈ, ਉਦੋਂ ਤੋਂ ਇਕ ਮਿੰਟ ਲਈ ਵੀ ਕੰਮ ਬੰਦ ਨਹੀਂ ਹੋਇਆ ਹੈ।" ਕੋਟਪੁਤਲੀ-ਬਹਿਰੋਡ ਜਿ਼ਲ੍ਹਾ ਕਲੈਕਟਰ ਕਲਪਣਾ ਅਗਰਵਾਲ ਨੇ ਸੋਮਵਾਰ ਨੂੰ ਬੱਚੀ ਦੇ ਪਰਿਵਾਰ ਨਾਲ ਮੁੜ ਮੁਲਾਕਾਤ ਕਰ ਕੇ ਬਚਾਅ ਮੁਹਿੰਮ 'ਚ ਆ ਰਹੀਆਂ ਮੁਸ਼ਕਲਾਂ ਬਾਰੇ ਉਨ੍ਹਾਂ ਨੂੰ ਦੱਸਿਆ ਸੀ। ਉਨ੍ਹਾਂ ਦੱਸਿਆ ਕਿ ਬੱਚੀ ਨੂੰ ਬਾਹਰ ਕੱਢਣ ਲਈ ਹਰ ਪੱਧਰ 'ਤੇ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮਾਹਿਰਾਂ ਦੀ ਮਦਦ ਲਈ ਜਾ ਰਹੀ ਹੈ ਪਰ ਇਹ ਆਪਰੇਸ਼ਨ ਕਾਫੀ ਜਟਿਲ ਹੈ, ਇਸ ਲਈ ਇਸ 'ਚ ਸਮਾਂ ਲੱਗ ਰਿਹਾ ਹੈ। ਇਹ ਸ਼ਾਇਦ ਰਾਜ ਦੀ ਸਭ ਤੋਂ ਲੰਬੀ ਬਚਾਅ ਮੁਹਿੰਮ ਹੈ, ਜੋ 190 ਘੰਟੇ ਤੋਂ ਵੱਧ ਸਮੇਂ ਤੋਂ ਚੱਲ ਰਹੀ ਹੈ। ਇਸ ਤੋਂ ਪਹਿਲੇ ਪਰਿਵਾਰ ਵਾਲਿਆਂ ਨੇ ਪ੍ਰਸ਼ਾਸਨ 'ਤੇ ਲਾਪਰਵਾਹੀ ਵਰਤਣ ਦਾ ਦੋਸ਼ ਲਗਾਇਆ।

# ਪੰਜਾਬ 'ਚ ਇਹ ਵੱਡਾ ਮੁਕਾਬਲਾ ਕਰਵਾਉਣ ਦਾ ਐਲਾਨ, ਕੌਣ ਲੈ ਸਕਦਾ ਹਿੱਸਾ ਤੇ ਕੀ ਮਿਲੇਗਾ ਇਨਾਮ

**ਸਰਦੂਲ ਸਿੰਘ**

ਚੰਡੀਗੜ੍ਹ 3 ਜਨਵਰੀ। ਮੁੱਖ ਚੋਣ ਦਫਤਰ, ਪੰਜਾਬ ਵੱਲੋਂ 25 ਜਨਵਰੀ, 2025 ਨੂੰ ਮਨਾਏ ਜਾਣ ਵਾਲੇ ਕੌਮੀ ਵੋਟਰ ਦਿਵਸ ਮੌਕੇ "ਪੰਜਾਬ ਚੋਣ ਕੁਇਜ-2025" ਸਿਰਲੇਖ ਹੇਠ ਸੂਬਾ-ਪੱਧਰੀ ਕੁਇਜ ਮੁਕਾਬਲਾ ਕਰਵਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਪਹਿਲਕਦਮੀ ਦਾ ਉਦੇਸ ਪੰਜਾਬ ਦੇ ਮੌਜੂਦਾ ਅਤੇ ਭਵਿੱਖ ਵਿਚ ਵੋਟਰ ਵਜੋਂ ਰਜਿਸਟਰ ਹੋਣ ਵਾਲੇ ਨੌਜਵਾਨਾਂ ਨੂੰ ਸਾਮਲ ਕਰਦਿਆਂ ਉਨ੍ਹਾਂ ਦਰਮਿਆਨ ਚੋਣ ਪ੍ਰਕਿਰਿਆਵਾਂ ਅਤੇ ਚੋਣ ਗਤੀਵਿਧੀਆਂ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਹੈ। ਪੰਜਾਬ ਦੇ ਮੁੱਖ ਚੋਣ ਅਫਸਰ ਸਿਬਿਨ ਸੀ ਨੇ ਇਸ ਮੁਕਾਬਲੇ ਦੀ ਮਹੱਤਤਾ 'ਤੇ ਜੋਰ ਦਿੰਦਿਆਂ ਕਿਹਾ ਕਿ ਇਹ ਕੁਇਜ, ਪੰਜਾਬ ਦੇ ਲੋਕਾਂ ਵਿਚ ਚੋਣ ਪ੍ਰਕਿਰਿਆਵਾਂ ਸਬੰਧੀ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ ਅਤੇ ਉਨ੍ਹਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਨੂੰ ਉਤਸਾਹਿਤ ਕਰਨ ਵੱਲ ਇਕ ਕਦਮ ਹੈ। ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਇਸ ਸਮਾਗਮ ਵਿਚ ਮੀਡੀਆ ਅਤੇ ਵਿਦਿਅਕ ਸੰਸਥਾਵਾਂ ਸਮੇਤ ਵੱਖ-ਵੱਖ ਭਾਈਵਾਲਾਂ ਨੂੰ ਸਾਮਲ ਕਰਕੇ ਚੋਣਾਂ ਪ੍ਰਤੀ ਜਾਗਰੂਕਤਾ ਅਤੇ ਜਿ਼ਮੇਵਾਰ ਵੋਟਿੰਗ ਵਾਲਾ ਇਕ ਜੀਵੰਤ ਸੱਭਿਆਚਾਰ ਪੈਦਾ ਕਰਨਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਚੋਣ ਕੁਇਜ-2025 ਦੋ ਪੜਾਵਾਂ ਵਿਚ ਕਰਵਾਇਆ ਜਾਵੇਗਾ ਅਤੇ ਪਹਿਲੇ ਪੜਾਅ ਅਧੀਨ ਜਿ਼ਲ੍ਹਾ ਪੱਧਰ ਦੇ ਜੇਤੂਆਂ ਦੀ ਚੋਣ ਲਈ ਆਨਲਾਈਨ ਕੁਇਜ਼ ਮੁਕਾਬਲਾ ਹੋਵੇਗਾ, ਜਿਸ ਤੋਂ ਬਾਅਦ ਦੂਜੇ ਪੜਾਅ ਅਧੀਨ 24 ਜਨਵਰੀ, 2025 ਨੂੰ ਲੁਧਿਆਣਾ ਵਿਖੇ ਇਕ ਆਫਲਾਈਨ



ਫਾਈਨਲ ਮੁਕਾਬਲਾ ਕਰਵਾਇਆ ਜਾਵੇਗਾ, ਜਿੱਥੇ ਚੋਟੀ ਦੇ ਸਨਮਾਨਾਂ ਲਈ 23 ਜਿ਼ਲ੍ਹਾ ਪੱਧਰੀ ਜੇਤੂਆਂ ਦਾ ਮੁਕਾਬਲਾ ਹੋਵੇਗਾ। ਕੌਮੀ ਵੋਟਰ ਦਿਵਸ ਨੂੰ ਮਨਾਉਣ ਲਈ ਲੁਧਿਆਣਾ ਵਿਖੇ 25 ਜਨਵਰੀ, 2025 ਨੂੰ ਹੋਣ ਵਾਲੇ ਮੁੱਖ ਸਮਾਗਮ ਤੋਂ ਪਹਿਲਾਂ ਕਰਵਾਇਆ ਜਾਣ ਵਾਲਾ ਇਹ ਇਵੈਂਟ ਢੁਕਵਾਂ ਮਾਹੌਲ ਤਿਆਰ ਕਰੇਗਾ। ਹਿੱਸਾ ਲੈਣ ਦੇ ਚਾਹਵਾਨ ਰਜਿਸਟ੍ਰੇਸਨ ਅਤੇ ਹੋਰ ਵੇਰਵਿਆਂ ਲਈ ://../ 'ਤੇ ਲਾਗਇਨ ਕਰ ਸਕਦੇ ਹਨ। ਇਸ ਮੁਕਾਬਲੇ ਪ੍ਰਤੀ ਉਤਸਾਹ ਨੂੰ ਵਧਾਉਣ ਲਈ ਸੂਬਾ-ਪੱਧਰੀ ਜੇਤੂਆਂ ਲਈ ਆਕਰਸਕ ਇਨਾਮ ਜਿਵੇਂ ਕਿ ਲੈਪਟਾਪ, ਟੈਬਲੇਟ ਤੇ ਸਮਾਰਟ ਵਾਚ ਅਤੇ ਜਿ਼ਲ੍ਹਾ ਪੱਧਰੀ ਜੇਤੂਆਂ ਨੂੰ ਸਮਾਰਟਫੋਨ ਜਿੱਤਣ ਦਾ ਮੌਕਾ ਮਿਲੇਗਾ। ਇਹ ਇਨਾਮ ਵੰਡਣ ਦਾ ਉਦੇਸ ਇਸ ਮੁਕਾਬਲੇ ਵਿਚ ਵੱਧ ਤੋਂ ਵੱਧ ਭਾਗੀਦਾਰੀ ਨੂੰ ਉਤਸਾਹਿਤ ਕਰਨਾ ਅਤੇ ਪ੍ਰਤੀਯੋਗੀਆਂ ਦੇ ਗਿਆਨ ਅਤੇ ਉਤਸਾਹ ਨੂੰ ਮਾਨਤਾ ਦੇਣਾ ਹੈ। ਇਕ ਬੁਲਾਰੇ ਨੇ ਦੱਸਿਆ ਕਿ ਆਨਲਾਈਨ ਰਜਿਸਟ੍ਰੇਸਨ 28 ਦਸੰਬਰ, 2024 ਤੋਂ ਸੁਰੂ ਹੋ ਚੁੱਕੀ ਹੈ ਅਤੇ ਚਾਹਵਾਨ ਉਮੀਦਵਾਰ 17 ਜਨਵਰੀ, 2025 ਤੱਕ ਰਜਿਸਟਰ ਕਰ ਸਕਣਗੇ। ਆਨਲਾਈਨ ਕੁਇਜ ਮੁਕਾਬਲਾ 19 ਜਨਵਰੀ, 2025 ਨੂੰ ਹੋਵੇਗਾ ਅਤੇ ਆਫਲਾਈਨ ਰਾਜ ਪੱਧਰੀ ਫਾਈਨਲ ਕੁਇਜ ਮੁਕਾਬਲਾ ਲੁਧਿਆਣਾ ਵਿਖੇ 24 ਜਨਵਰੀ, 2025 ਨੂੰ ਹੋਵੇਗਾ। ਇਹ ਈਵੈਂਟ ਡੇਟਾਨੈੱਟ ਇੰਡੀਆ ਪ੍ਰਾਈਵੇਟ ਲਿਮਟਿਡ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਕੌਮੀ ਵੋਟਰ ਦਿਵਸ, 2025 ਮੌਕੇ ਕਰਵਾਇਆ ਜਾ ਰਿਹਾ ਇਹ ਕੁਇਜ ਮੁਕਾਬਲਾ, ਨਾਗਰਿਕਾਂ ਅਤੇ ਵਿਦਿਆਰਥੀਆਂ ਦਰਮਿਆਨ ਜਾਗਰੂਕਤਾ ਪੈਦਾ ਕਰਦਿਆਂ ਜਮਹੂਰੀਅਤ ਅਤੇ ਸ਼ਮੂਲੀਅਤ ਦੀਆਂ ਕਦਰਾਂ-ਕੀਮਤਾਂ ਨੂੰ ਹੋਰ ਮਜਬੂਤ ਕਰਨ ਲਈ ਢੁੱਕਵਾਂ ਮੰਚ ਪ੍ਰਦਾਨ ਕਰੇਗਾ।

## ਸਰਪੰਚ ਸਾਹਿਬ ਦੀ ਬੋਲੈਰੋ 'ਚ ਫੱਸ ਗਈ ਬਾਈਕ, ਦੂਰ ਤੱਕ ਲੈ ਗਿਆ ਘੜੀਸ

ਸੰਭਲ 3 ਜਨਵਰੀ। ਯੂਪੀ ਦੇ ਸੰਭਲ ਵਿੱਚ ਇੱਕ ਦਿਲ ਦਹਿਲਾ ਦੇਣ ਵਾਲਾ ਹਾਦਸਾ ਵਾਪਰਨ ਦੀ ਸੂਚਨਾ ਮਿਲੀ ਹੈ, ਜਿਥੇ ਇਕ ਬੋਲੈਰੋ ਗੱਡੀ ਨੇ ਮੋਟਰਸਾਈਕਲ ਸਵਾਰ ਵਿਅਕਤੀ ਨੂੰ ਪਿੱਛੇ ਤੋਂ ਟੱਕਰ ਮਾਰ ਦਿੱਤੀ। ਟੱਕਰ ਤੋਂ ਬਾਅਦ ਬਾਈਕ ਬੋਲੈਰੋ ਗੱਡੀ 'ਚ ਫਸ ਗਈ ਅਤੇ ਦੂਰ ਤੱਕ ਘਸੀਟਦੀ ਰਹੀ। ਇਸ ਹਾਦਸੇ ਤੋਂ ਬਾਅਦ ਬੋਲੈਰੋ ਚਾਲਕ ਨੇ ਵੀ ਗੱਡੀ ਨੂੰ ਬ੍ਰੇਕ ਨਹੀਂ ਲਗਾਈ, ਸਗੋਂ ਨੌਜਵਾਨ ਸਮੇਤ ਬਾਈਕ ਨੂੰ ਕਰੀਬ 2 ਕਿਲੋਮੀਟਰ ਤੱਕ ਘਸੀਟਦਾ ਹੋਇਆ ਲੈ ਗਿਆ। ਇਸ ਦੌਰਾਨ ਬਾਈਕ 'ਚੋਂ ਚੰਗਿਆੜੀਆਂ ਨਿਕਲਣ ਲੱਗੀਆਂ। ਇਸ ਹਾਦਸੇ 'ਚ ਬਾਈਕ ਸਵਾਰ ਨੌਜਵਾਨ ਗੰਭੀਰ ਰੂਪ ਵਿਚ ਜਖਮੀ ਹੋ ਗਿਆ। ਦੱਸ ਦੇਈਏ ਕਿ ਯੂਪੀ ਦੇ ਸੰਭਲ ਵਿੱਚ ਵਾਪਰੇ ਇਸ ਹਾਦਸੇ ਦੀ ਵੀਡੀਓ ਸੋਸਲ ਮੀਡੀਆ 'ਤੇ ਤੇਜੀ ਨਾਲ ਵਾਇਰਲ ਹੋ ਰਹੀ ਹੈ, ਜਿਸ ਵਿਚ ਇਸ ਘਟਨਾ ਦਾ ਰੂਹ ਕੰਬਾਊ ਦ੍ਰਿਸ਼ ਸਾਫ ਤੌਰ 'ਤੇ ਦਿਖਾਈ ਦੇ ਰਿਹਾ ਹੈ। ਇਹ ਹਾਦਸਾ ਸੰਭਲ ਸਦਰ ਕੋਤਵਾਲੀ ਖੇਤਰ 'ਚ ਮੁਰਾਦਾਬਾਦ ਰੋਡ 'ਤੇ ਵਾਜਿਦਪੁਰਮ ਨੇੜੇ ਹੋਇਆ। ਮੁਰਾਦਾਬਾਦ ਜਿ਼ਲ੍ਹੇ ਦੇ ਮੈਨਥਰ



ਇਲਾਕੇ ਦੇ ਪਿੰਡ ਸਹਿਜਾਦ ਖੇੜਾ ਦਾ ਰਹਿਣ ਵਾਲਾ ਸੁਖਵੀਰ ਐਤਵਾਰ ਸਾਮ ਸੰਭਲ ਜਿ਼ਲ੍ਹੇ ਦੇ ਹਯਾਤਨਗਰ ਦੇ ਬਸਲਾ ਪਿੰਡ 'ਚ ਆਪਣੇ ਸਹੁਰੇ ਘਰ ਤੋਂ ਬਾਈਕ 'ਤੇ ਘਰ ਪਰਤ ਰਿਹਾ ਸੀ। ਜਿਵੇਂ ਉਹ ਮੁਰਾਦਾਬਾਦ ਰੋਡ 'ਤੇ ਪਹੁੰਚੇ ਤਾਂ ਪਿੱਛੇ ਤੋਂ ਆ ਰਹੀ ਪਿੰਡ ਮੁਖੀ ਦੇ ਸਟਿੱਕਰ ਵਾਲੀ ਬੋਲੈਰੋ ਗੱਡੀ ਨੇ ਬਾਈਕ ਸਵਾਰ ਨੂੰ ਟੱਕਰ ਮਾਰ ਦਿੱਤੀ। ਟੱਕਰ ਮਾਰਨ ਤੋਂ ਬਾਅਦ ਚਾਲਕ ਨੇ ਗੱਡੀ ਦੀ ਸਪੀਡ ਤੇਜ ਕਰ ਦਿੱਤੀ, ਜਿਸ ਦੀ ਲਪੇਟ 'ਚ ਬਾਈਕ ਸਵਾਰ ਨੌਜਵਾਨ ਵੀ ਆ ਗਿਆ। ਬੋਲੈਰੋ ਚਾਲਕ ਨੇ ਬਾਈਕ ਨੂੰ ਕਰੀਬ 2 ਕਿਲੋਮੀਟਰ ਤੱਕ ਘਸੀਟਿਆ ਤਾਂ ਉਸ 'ਚੋਂ ਚੰਗਿਆੜੀਆਂ ਨਿਕਲ ਰਹੀਆਂ ਸਨ। ਹਾਲਾਂਕਿ ਇਸ ਦੌਰਾਨ ਪਿੱਛੇ ਇਕ ਹੋਰ ਕਾਰ 'ਚ ਸਵਾਰ ਵਿਅਕਤੀ ਨੇ ਇਸ ਸਾਰੀ ਘਟਨਾ ਦੀ ਵੀਡੀਓ ਆਪਣੇ ਮੋਬਾਇਲ 'ਚ ਕੈਦ ਕਰ ਲਈ ਅਤੇ ਸੋਸਲ ਮੀਡੀਆ 'ਤੇ ਵਾਇਰਲ ਕਰ ਦਿੱਤੀ। ਦੂਜੇ ਪਾਸੇ ਹਾਦਸੇ ਵਿੱਚ ਜਖਮੀ ਹੋਏ ਸੁਖਬੀਰ ਨੂੰ ਜਿ਼ਲ੍ਹਾ ਜੁਆਇੰਟ ਹਸਪਤਾਲ ਲਿਜਾਇਆ ਗਿਆ। ਜਿੱਥੇ ਡਾਕਟਰਾਂ ਨੇ ਉਸ ਨੂੰ ਗੰਭੀਰ ਹਾਲਤ ਵਿੱਚ ਉੱਚ ਕੇਂਦਰ ਲਈ ਰੈਫਰ ਕਰ ਦਿੱਤਾ। ਇਸ ਮਾਮਲੇ ਵਿੱਚ ਥਾਣਾ ਸਦਰ ਕੋਤਵਾਲੀ ਦੇ ਇੰਚਾਰਜ ਅਨੁਜ ਤੋਮਰ ਨੇ ਦੱਸਿਆ ਕਿ ਗੱਡੀ ਨੂੰ ਫੜਨ ਦੀ ਕੋਸਿ਼ਸ ਕੀਤੀ ਜਾ ਰਹੀ ਹੈ। ਗੱਡੀ ਦੇ ਨੰਬਰ ਦਾ ਪਤਾ ਲੱਗਦਿਆਂ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ।

## ਪੰਜਾਬ 'ਚ ਲਗਾਤਾਰ ਤਿੰਨ ਦਿਨ ਪਵੇਗਾ ਮੀਂਹ !

ਲੁਧਿਆਣਾ 3 ਜਨਵਰੀ। ਪੰਜਾਬ ਵਿਚ ਆਉਣ ਵਾਲੇ ਦਿਨਾਂ ਵਿਚ ਇਕ ਵਾਰ ਫਿ਼ਰ ਬਾਰਿਸ਼ ਵੇਖਣ ਨੂੰ ਮਿਲੇਗੀ। ਵਿਭਾਗ ਵੱਲੋਂ ਆਉਣ ਵਾਲੇ ਦਿਨਾਂ ਲਈ ਸੂਬੇ ਦੇ ਮੌਸਮ ਬਾਰੇ ਭਵਿੱਖਬਾਣੀ ਕੀਤੀ ਹੈ। ਇਸ ਦੇ ਨਾਲ ਹੀ ਵਿਭਾਗ ਵੱਲੋਂ ਅੱਜ ਪੰਜਾਬ ਵਿਚ ਸੀਤ ਲਹਿਰ ਦਾ ਅਲਰਟ ਜਾਰੀ ਕੀਤਾ ਗਿਆ ਹੈ। ਕਈ ਜਿ਼ਲ੍ਹਿਆਂ ਵਿਚ ਸਵੇਰ ਤੋਂ ਹੀ ਕੋਹਰੇ ਦਾ ਅਸਰ ਵੇਖਣ ਨੂੰ ਮਿਲ ਰਿਹਾ ਹੈ। ਅੰਮ੍ਰਿਤਸਰ ਤੇ ਪਠਾਨਕੋਟ ਵਿਚ ਤਾਂ ਵਿਜਿ਼ਬਿਲਿਟੀ ਜੀਰੋ 'ਤੇ ਜਾ ਪਹੁੰਚੀ ਹੈ, ਜਿਸ ਨਾਲ ਸੜਕੀ ਅਤੇ ਰੇਲ ਆਵਾਜਾਈ ਦੇ ਨਾਲ-ਨਾਲ ਹਵਾਈ ਆਵਾਜਾਈ ਵੀ ਪ੍ਰਭਾਵਿਤ ਹੋਈ ਹੈ। ਦਿਨ ਵੇਲੇ ਧੁੱਪ ਨਾ ਖਿੜਨ ਕਾਰਨ ਤਾਪਮਾਨ ਹੇਠਾਂ ਡਿੱਗਦਾ ਜਾ ਰਿਹਾ ਹੈ ਤੇ ਲੋਕ ਦਿਨ ਵੇਲੇ ਵੀ ਠਰ ਰਹੇ ਹਨ। ਅੱਜ ਵੀ ਫਿਰੋਜਪੁਰ, ਫਾਜਿ਼ਲਕਾ, ਫਰੀਦਕੋਟ, ਮੁਕਤਸਰ, ਮੋਗਾ, ਬਠਿੰਡਾ, ਬਰਨਾਲਾ ਤੇ ਮਾਨਸਾ ਵਿਚ ਸੀਤਲਹਿਰ ਦਾ ਅਲਰਟ ਜਾਰੀ ਕੀਤਾ ਗਿਆ ਹੈ। ਆਉਣ ਵਾਲੇ 2 ਦਿਨ ਥੋੜ੍ਹੇ ਰਾਹਤ ਭਰੇ ਰਹਿਣ ਵਾਲੇ ਹਨ। ਉੱਥੇ ਹੀ ਮੌਸਮ ਵਿਭਾਗ ਨੇ 4 ਜਨਵਰੀ ਤੋਂ ਇਕ ਵਾਰ ਫਿ਼ਰ ਮੌਸਮ ਕਰਵਟ ਲਵੇਗਾ ਤੇ ਸੂਬੇ ਵਿਚ ਮੀਂਹ ਪਵੇਗਾ। ਦਰਅਸਲ, 4 ਜਨਵਰੀ ਨੂੰ ਇਕ ਹੋਰ ਪੱਛਮੀ ਗੜਬੜੀ ਸਰਗਰਮ ਹੋ ਰਹੀ ਹੈ। ਇਸ ਕਾਰਨ ਪਹਾੜੀ ਇਲਾਕਿਆਂ ਵਿਚ ਬਰਫਬਾਰੀ ਹੋਣ ਦੇ ਨਾਲ-ਨਾਲ ਮੈਦਾਨੀ ਇਲਾਕਿਆਂ 'ਚ ਵੀ ਠੰਡ ਵਧੇਗੀ। 4 ਜਨਵਰੀ ਨੂੰ ਪਠਾਨਕੋਟ, ਅੰਮ੍ਰਿਤਸਰ, ਗੁਰਦਾਸਪੁਰ, ਤਰਨਤਾਰਨ ਤੇ ਹੁਸ਼ਿਆਰਪੁਰ ਵਿਚ ਹਲਕੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਇਸ ਮਗਰੋਂ 5 ਤੇ 6 ਜਨਵਰੀ ਨੂੰ ਵੀ ਪੰਜਾਬ ਦੇ ਜਿ਼ਆਦਾਤਰ ਇਲਾਕਿਆਂ ਵਿਚ ਮੀਂਹ ਪੈਣ ਦੇ ਆਸਾਰ ਹਨ।

# ਨਕਲੀ ਦਵਾਈਆਂ ਦਾ ਖਤਰਾ ! ਬਣਨ ਜਾ ਰਹੇ ਨਵੇਂ ਨਿਯਮ

**ਕ੍ਰਿਸ਼ਨ ਪਾਲ**

ਜਲੰਧਰ 3 ਜਨਵਰੀ। ਸਰਕਾਰ ਨੇ ਸਖਤ ਕਦਮ ਚੁੱਕਦੇ ਹੋਏ ਨਕਲੀ ਦਵਾਈਆਂ ਵੇਚਣ ਵਾਲੇ ਕੈਮਿਸਟਾਂ ਤੇ ਰਿਟੇਲ ਵਿਕ੍ਰੇਤਾਵਾਂ 'ਤੇ ਮੁਕੱਦਮਾ ਚਲਾਉਣ ਲਈ ਨਿਯਮ ਬਣਾਉਣ ਵਾਸਤੇ ਇਕ ਕਮੇਟੀ ਬਣਾਈ ਹੈ। ਕੇਂਦਰੀ ਔਸ਼ਧੀ ਮਾਪਦੰਡ ਨਿਯੰਤਰਣ ਸੰਗਠਨ (ਸੀ. ਡੀ. ਐੱਸ. ਸੀ. ਓ.) ਅਨੁਸਾਰ ਜਾਂਚ ਤੋਂ ਬਾਅਦ ਪਤਾ ਲੱਗਾ ਹੈ ਕਿ ਨਕਲੀ ਦਵਾਈਆਂ ਦੇ ਮਾਮਲੇ 'ਚ ਕੈਮਿਸਟ ਜਾਂ ਰਿਟੇਲ ਸਟੋਰ ਵੱਲੋਂ ਖਰੀਦੀ ਗਈ ਦਵਾਈ ਦਾ ਜੀ. ਐੱਸ. ਟੀ. ਬਿਲ/ਇਨਵੁਆਇਸ ਦਿਖਾਉਣ ਦਾ ਦਾਅਵਾ ਕੀਤਾ ਜਾਂਦਾ ਹੈ। ਹਾਲਾਂਕਿ ਜਿ਼ਆਦਾਤਰ ਮਾਮਲਿਆਂ ਵਿਚ ਦਵਾਈ ਦੀ ਖਰੀਦ ਦਾ ਸਥਾਨ ਦੇਸ਼ ਦਾ ਦੂਜਾ ਹਿੱਸਾ ਹੁੰਦਾ ਹੈ। ਇਕ ਸੀਨੀਅਰ ਅਧਿਕਾਰੀ ਦੇ ਹਵਾਲੇ ਨਾਲ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਦਾ ਮਤਲਬ ਇਹ ਹੈ ਕਿ ਜਦੋਂ ਵੀ ਦੁਕਾਨਦਾਰ ਜਾਂ ਕੈਮਿਸਟ ਘਟੀਆ ਜਾਂ ਨਕਲੀ ਦਵਾਈ ਵੇਚਦੇ ਫੜੇ ਜਾਂਦੇ ਹਨ ਤਾਂ ਉਹ ਜਾਇਜ ਬਿੱਲ ਵਿਖਾਉਂਦੇ ਹਨ, ਜੋ ਆਮ ਤੌਰ 'ਤੇ ਦੂਜੇ ਸੂਬੇ ਤੋਂ ਖਰੀਦਿਆ ਜਾਂਦਾ ਹੈ। ਅਧਿਕਾਰੀ ਨੇ ਕਿਹਾ ਕਿ ਪੈਨਲ ਨਕਲੀ ਦਵਾਈਆਂ ਦੇ ਵਧਦੇ ਖਤਰੇ 'ਤੇ ਕਾਬੂ ਪਾਉਣ ਲਈ ਦੋਸ਼ੀ ਕੈਮਿਸਟ ਤੇ ਰਿਟੇਲ



ਦੁਕਾਨਾਂ 'ਤੇ ਮੁਕੱਦਮਾ ਚਲਾਉਣ ਦੇ ਤਰੀਕਿਆਂ ਦੀ ਜਾਂਚ ਕਰੇਗਾ। ਉਨ੍ਹਾਂ ਕਿਹਾ ਕਿ ਸਰਕਾਰ ਦਾ ਇਹ ਕਦਮ ਇਸ ਲਈ ਵੀ ਅਹਿਮ ਹੈ ਕਿਉਂਕਿ ਕੈਮਿਸਟ ਤੇ ਰਿਟੇਲ ਵਿਕਰੀ ਦੀਆਂ ਦੁਕਾਨਾਂ ਜਨਤਾ ਨੂੰ ਦਵਾਈਆਂ ਵੇਚਣ ਦੇ ਮਾਮਲੇ 'ਚ ਅੰਤਿਮ ਸਿਰੇ 'ਤੇ ਹਨ ਅਤੇ ਡਰੱਗਜ ਐਂਡ ਕਾਸਮੈਟਿਕਸ ਐਕਟ ਤੇ ਨਿਯਮ ਲੋਕਾਂ ਦੀ ਸਿਹਤ ਦੀ ਭਲਾਈ ਤੇ ਦੇਖ-ਰੇਖ ਲਈ ਬਣਾਏ ਗਏ ਹਨ, ਜਿਸ ਨਾਲ ਵਿਕਰੀ ਸਥਾਨ ਤੋਂ ਹੀ ਨਕਲੀ ਦਵਾਈਆਂ ਦੀ ਵਿਕਰੀ ਦੀ ਸਮੱਸਿਆ ਦਾ ਹੱਲ ਕੱਢਣਾ ਅਹਿਮ ਹੋ ਜਾਂਦਾ ਹੈ। ਕਮੇਟੀ 'ਚ ਸੀ. ਡੀ. ਐੱਸ. ਸੀ. ਓ. ਦੇ ਕਾਨੂੰਨੀ ਸਲਾਹਕਾਰ ਰਿਸ਼ੀਕਾਂਤ ਸਿੰਘ, ਐਡਵੋਕੇਟ ਤੇ ਸਾਲਿਸਿਟਰ ਸੁਸ਼ਾਂਤ ਮਹਾਪਾਤਰਾ, ਓਡਿਸ਼ਾ ਦੇ ਸਾਬਕਾ ਡਰੱਗ ਕੰਟਰੋਲਰ ਰਿਸ਼ੀਕੇਸ਼ ਮਹਾਪਾਤਰਾ ਤੇ ਕਰਨਾਟਕ ਦੇ ਸਾਬਕਾ ਡਰੱਗ ਕੰਟਰੋਲਰ ਬੀ. ਆਰ. ਜਗਸ਼ੈੱਟੀ ਸਮੇਤ ਕਈ ਅਧਿਕਾਰੀ ਸ਼ਾਮਲ ਹਨ। ਕਮੇਟੀ ਦਾ ਗਠਨ ਪਿਛਲੇ ਹਫਤੇ ਡਰੱਗਜ ਕੰਟਰੋਲਰ ਜਨਰਲ ਆਫ ਇੰਡੀਆ (ਡੀ. ਸੀ. ਜੀ. ਆਈ.) ਵੱਲੋਂ ਕੀਤਾ ਗਿਆ ਸੀ। ਕਮੇਟੀ ਨੇ ਇਕ ਮਹੀਨੇ ਅੰਦਰ ਆਪਣੀ ਰਿਪੋਰਟ ਸਰਕਾਰ ਨੂੰ ਸੌਂਪਣੀ ਹੈ।

## ਧਾਰਮਿਕ ਸਥਾਨ 'ਤੇ ਪਤੀ ਨੂੰ ਦੋਸਤ ਨਾਲ ਸੰਬੰਧ ਬਣਾਉਂਦੇ ਦੇਖ ਪਤਨੀ ਦੇ ਉਡੇ ਹੋਸ਼

ਕੋਟਕਪੂਰਾ 3 ਜਨਵਰੀ। ਇੱਥੇ ਜੈਤੋ ਰੋਡ 'ਤੇ ਵਿਆਹੁਤਾ ਔਰਤ ਨੇ ਘਰ ਦੇ ਕਮਰੇ ਵਿਚ ਕਥਿਤ ਤੌਰ 'ਤੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕਾ ਦੀ ਪਛਾਣ ਰੀਨਾ ਵਜੋਂ ਹੋਈ ਹੈ। ਮ੍ਰਿਤਕਾਂ ਦੇ ਪਿਤਾ ਨੇ ਦੋਸ਼ ਲਗਾਇਆ ਕਿ ਉਸ ਦੇ ਜਵਾਈ ਦੇ ਪੁਰਸ ਨਾਲ ਸਮਲਿੰਗੀ ਸਬੰਧ ਸਨ, ਜਿਸ ਤੋਂ ਪ੍ਰੇਸਾਨ ਹੋ ਕੇ ਉਸ ਦੀ ਧੀ ਨੇ ਖੁਦਕੁਸ਼ੀ ਕੀਤੀ ਹੈ। ਸਾਧੂ ਸਿੰਘ ਵਾਸੀ ਪਿੰਡ ਗੱਜਣ ਸਿੰਘ ਨੇ ਦੱਸਿਆ ਕਿ ਉਸ ਦੀ ਲੜਕੀ ਦਾ ਵਿਆਹ 2015 ਵਿਚ ਸੋਨੂੰ ਵਾਸੀ ਕੋਟਕਪੂਰਾ ਨਾਲ ਹੋਇਆ ਸੀ। ਇਨ੍ਹਾਂ ਦੇ ਇਕ ਬੱਚਾ ਵੀ ਹੈ। ਰੀਨਾ ਅਤੇ ਸੋਨੂੰ ਧਾਰਮਿਕ ਰਸਮ ਲਈ ਇਕ ਧਾਰਮਿਕ ਸਥਾਨ 'ਤੇ ਗਏ ਸਨ। ਇਨ੍ਹਾਂ ਨਾਲ ਸੋਨੂੰ ਦਾ ਦੋਸਤ ਵੀ ਗਿਆ ਸੀ। ਇਸ ਦੌਰਾਨ ਰੀਨਾ ਨੂੰ ਪਤਾ ਲੱਗਿਆ ਕਿ ਸੋਨੂੰ ਅਤੇ ਉਸ ਦੇ ਦੋਸਤ ਦੇ ਸਮਲਿੰਗੀ ਸਬੰਧ ਹਨ। ਉਸ ਦੇ ਵਿਰੋਧ ਕਰਨ ਦੇ ਬਾਵਜੂਦ ਸੋਨੂੰ ਆਪਣੀਆਂ ਹਰਕਤਾਂ ਤੋਂ ਬਾਜ ਨਾ ਆਇਆ ਸਗੋਂ ਉਸ ਨੇ ਉਸ ਦੀ ਲੜਕੀ 'ਤੇ ਘਰ ਛੱਡਣ ਲਈ ਦਬਾਅ ਬਣਾਉਣਾ ਸੂਰੂ ਕਰ ਦਿੱਤਾ। ਇਸ ਗੱਲ ਨੂੰ ਲੈ ਕੇ ਘਰ 'ਚ ਤਕਰਾਰ ਸੁਰੂ ਹੋ ਗਈ ਇਸ ਤੋਂ ਪ੍ਰੇਸ਼ਾਨ ਹੋ ਕੇ ਰੀਨਾ ਨੇ ਖੁਦਕੁਸ਼ੀ ਕਰ ਲਈ। ਦੂਜੇ ਪਾਸੇ ਥਾਣਾ ਸਿਟੀ ਦੇ ਐੱਸ. ਐੱਚ. ਓ. ਇੰਸਪੈਕਟਰ ਮਨੋਜ ਕੁਮਾਰ ਨੇ ਦੱਸਿਆ ਕਿ ਮ੍ਰਿਤਕਾ ਦੇ ਪਿਤਾ ਦੇ ਬਿਆਨਾਂ 'ਤੇ ਪੁਲਸ ਨੇ ਮ੍ਰਿਤਕਾ ਦੇ ਪਤੀ ਤੇ ਉਸਦੇ ਸਾਥੀ ਸਣੇ ਤਿੰਨ ਵਿਅਕਤੀਆਂ ਖਿ਼ਲਾਫ ਕੇਸ ਦਰਜ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਪੁਲੀਸ ਮੁਲਜਮਾਂ ਦੀ ਭਾਲ ਲਈ ਛਾਪੇ ਮਾਰ ਰਹੀ ਹੈ।

## ਜਲੰਧਰ ਕਮਿਸ਼ਨਰੇਟ ਪੁਲਸ ਵੱਲੋਂ ਡਰੱਗ ਰੈਕੇਟ ਦਾ ਪਰਦਾਫਾਸ਼

ਜਲੰਧਰ 3 ਜਨਵਰੀ। ਜਲੰਧਰ ਕਮਿਸਨਰੇਟ ਪੁਲਸ ਨੇ ਇੱਕ ਵੱਡੀ ਸਫਲਤਾ ਹਾਸਲ ਕਰਦੇ ਹੋਏ ਨਸੀਲੇ ਪਦਾਰਥਾਂ ਦੀ ਤਸਕਰੀ ਦੇ ਇੱਕ ਨੈੱਟਵਰਕ ਨੂੰ ਸਫਲਤਾਪੂਰਵਕ ਖਤਮ ਕੀਤਾ ਹੈ, 1 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ ਅਤੇ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਹ ਆਪ੍ਰੇਸਨ ਪੁਲਸ ਕਮਿਸਨਰ ਸਵਪਨ ਸਰਮਾ ਦੀ ਅਗਵਾਈ ਹੇਠ ਸਹਿਰ ਵਿੱਚ ਨਸਿ਼ਆਂ ਵਿਰੁੱਧ ਵਿੱਢੀ ਗਈ ਮੁਹਿੰਮ ਦੇ ਹਿੱਸੇ ਵਜੋਂ ਚਲਾਇਆ ਗਿਆ। ਗੁਪਤ ਸੂਚਨਾ 'ਤੇ ਕਾਰਵਾਈ ਕਰਦੇ ਹੋਏ, ਸੀਆਈਏ ਦੀ ਇੱਕ ਟੀਮ ਨੇ ਫੋਕਲ ਪੁਆਇੰਟ ਨੇੜੇ ਨਿਗਰਾਨੀ ਰੱਖੀ, ਜਿੱਥੇ ਉਨ੍ਹਾਂ ਨੇ ਰਾਜਪੁਰਾ, ਕਪੂਰਥਲਾ ਤੋਂ ਇੱਕ ਸੱਕੀ ਕਰਨ ਉਰਫ ਕਾਨਾ ਨੂੰ ਕਾਬੂ ਕੀਤਾ। ਤਲਾਸੀ ਦੌਰਾਨ 100 ਗ੍ਰਾਮ



ਹੈਰੋਇਨ ਬਰਾਮਦ ਹੋਈ। ਮੁਲਜਮ ਦੇ ਕਬੂਲਨਾਮੇ ਕਾਰਨ ਤਿੰਨ ਸਾਥੀਆਂ-ਪ੍ਰੇਮ ਸਿੰਘ ਲੁਧਿਆਣਾ, ਰੋਹਿਤ ਉਰਫ ਵਿੱਕੀ ਗੁਰਦਾਸਪੁਰ ਅਤੇ ਜੋਬਨਪ੍ਰੀਤ ਸਿੰਘ ਉਰਫ ਜਗਦੀਪ ਸਿੰਘ ਜਲੰਧਰ ਨੂੰ ਗ੍ਰਿਫਤਾਰ ਕੀਤਾ ਗਿਆ। ਬਾਅਦ ਵਿੱਚ ਕੀਤੀ ਗਈ ਜਾਂਚ ਅਤੇ ਛਾਪੇਮਾਰੀ ਦੇ ਨਤੀਜੇ ਵਜੋਂ ਇੱਕ ਵਾਧੂ 900 ਗ੍ਰਾਮ ਹੈਰੋਇਨ ਅਤੇ ਇੱਕ ਵਰਨਾ ਕਾਰ (ਰਜਿਸਟ੍ਰੇਸਨ 07--0015) ਬਰਾਮਦ ਹੋਈ। ਐੱਫ.ਆਈ.ਆਰ. ਨੰਬਰ 225, ਸੁਰੂਆਤੀ ਤੌਰ 'ਤੇ ਐੱਨਡੀਪੀਐੱਸ ਐਕਟ ਦੇ ਸੈਕਸਨ 21, 61, ਅਤੇ 85 ਦੇ ਤਹਿਤ ਦਰਜ ਕੀਤਾ ਗਿਆ ਸੀ, ਨੂੰ ਕਈ ਵਿਅਕਤੀਆਂ ਦੀ ਸਮੂਲੀਅਤ ਕਾਰਨ ਧਾਰਾ 29 ਨੂੰ ਸਾਮਲ ਕਰਨ ਲਈ ਸੋਧਿਆ ਗਿਆ ਸੀ। ਮੁਲਜਮ, ਜਿਨ੍ਹਾਂ ਵਿੱਚੋਂ ਕੁਝ ਪਹਿਲਾਂ ਨਸੇ ਨਾਲ ਸਬੰਧਤ ਜੁਰਮਾਂ ਵਿੱਚ ਸਨ, ਨੂੰ ਅਦਾਲਤ ਨੇ ਹੋਰ ਪੁੱਛਗਿੱਛ ਲਈ ਪੁਲਸ ਰਿਮਾਂਡ 'ਤੇ ਭੇਜ ਦਿੱਤਾ ਹੈ। ਪੁਲਸ ਕਮਿਸਨਰ ਸਵਪਨ ਸਰਮਾ ਨੇ ਭਰੋਸਾ ਦਿਵਾਇਆ ਕਿ ਪੁਲਸ ਨਸਿ਼ਆਂ ਦੇ ਨੈੱਟਵਰਕ ਨੂੰ ਖਤਮ ਕਰਨ ਲਈ ਵਚਨਬੱਧ ਹੈ ਅਤੇ ਨਸਾ ਤਸਕਰੀ ਦੀ ਅਲਾਮਤ ਨੂੰ ਨੱਥ ਪਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

## ਸੰਘਣੀ ਧੁੰਦ ਕਾਰਨ ਵਿਜ਼ੀਬਿਲਟੀ ਘਟੀ, ਜਨ-ਜੀਵਨ ਪ੍ਰਭਾਵਿਤ

ਅਬੋਹਰ 3 ਜਨਵਰੀ। ਸਰਦੀਆਂ ਨੂੰ ਲੈ ਕੇ ਪ੍ਰਸ਼ਾਸਨ ਵੱਲੋਂ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਹੁਣ ਕੋਹਰਾ ਪੈਣ ਦੇ ਨਾਲ ਹੀ ਸੰਘਣੀ ਧੁੰਦ ਵੀ ਪੈਣੀ ਸ਼ੁਰੂ ਹੋ ਗਈ ਹੈ ਅਤੇ ਤਾਪਮਾਨ ਹੋਰ ਵੀ ਡਿੱਗ ਗਿਆ ਹੈ। ਧੁੰਦ ਦੇ ਨਾਲ-ਨਾਲ ਚੱਲ ਰਹੀ ਸੀਤ ਲਹਿਰ ਕਾਰਨ ਆਮ ਜਨ-ਜੀਵਨ ਪ੍ਰਭਾਵਿਤ ਹੋਇਆ ਹੈ। ਧੁੰਦ ਕਾਰਨ ਸਵੇਰੇ 10 ਵਜੇ ਤੱਕ ਵੀ ਵਾਹਨ ਚਾਲਕਾਂ ਨੂੰ ਆਪਣੇ ਵਾਹਨਾਂ ਦੀਆਂ ਹੈੱਡਲਾਈਟਾਂ ਦੀ ਮਦਦ ਨਾਲ ਹਾਈਵੇਅ 'ਤੇ ਲੰਘਣਾ ਪੈ ਰਿਹਾ ਹੈ। ਅੱਜ ਸਵੇਰੇ ਸ਼ਹਿਰ ਦਾ ਤਾਪਮਾਨ 12 ਡਿਗਰੀ ਤੋਂ ਹੇਠਾਂ ਦਰਜ ਕੀਤਾ ਗਿਆ ਹੈ। ਸੀਤ ਲਹਿਰ ਜਾਰੀ ਹੈ ਅਤੇ 5 ਕਿਲੋਮੀਟਰ ਦੀ ਰਫਤਾਰ ਨਾਲ ਹਵਾ ਚੱਲ ਰਹੀ ਹੈ। ਇਸ ਤੋਂ ਇਲਾਵਾ ਧੁੰਦ ਦਾ ਕਹਿਰ ਵੱਧਦਾ ਜਾ ਰਿਹਾ ਹੈ। ਅੱਜ ਸਵੇਰੇ ਸੰਘਣੀ ਧੁੰਦ ਕਾਰਨ ਵਾਹਨ ਚਾਲਕਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਅਤੇ ਦਿਨ ਵੇਲੇ ਹੈੱਡਲਾਈਟਾਂ ਦਾ ਸਹਾਰਾ ਲੈਣਾ ਪਿਆ। ਠੰਡ ਕਾਰਨ ਬੱਸ ਅਤੇ ਰੇਲ ਆਵਾਜਾਈ ਵੀ ਪ੍ਰਭਾਵਿਤ ਹੋਈ ਹੈ। ਬਹੁਤ ਘੱਟ ਯਾਤਰੀ ਆਪਣੇ ਘਰਾਂ ਤੋਂ ਬਾਹਰ ਆ ਰਹੇ ਹਨ। ਮੌਸਮ ਮਾਹਿਰਾਂ ਅਨੁਸਾਰ ਅਗਲੇ ਕੁੱਝ ਦਿਨਾਂ ਤੱਕ ਠੰਡ ਜਾਰੀ ਰਹੇਗੀ। ਅਗਲੇ ਵੀਰਵਾਰ ਤੱਕ ਤਾਪਮਾਨ 10 ਤੋਂ 14 ਡਿਗਰੀ ਦੇ ਆਸਪਾਸ ਰਹਿਣ ਦੀ ਸੰਭਾਵਨਾ ਹੈ। ਲੋਕਾਂ ਨੂੰ ਠੰਡ ਤੋਂ ਬਚਣ ਲਈ ਅੰਗੀਠੀ ਦਾ ਸਹਾਰਾ ਲੈਣਾ ਪੈ ਰਿਹਾ ਹੈ। ਠੰਡ ਕਾਰਨ ਬਾਜ਼ਾਰ ਵੀ ਦੇਰੀ ਨਾਲ ਖੁੱਲ੍ਹ ਰਹੇ ਹਨ।

# ਮਹਾਕੁੰਭ 2025 : ਰੇਲਵੇ ਚਲਾਏਗਾ 3,000 ਸਪੈਸ਼ਲ ਟਰੇਨਾਂ, ਸੁਰੱਖਿਆ ਅਤੇ ਸਹੂਲਤਾਂ ਦੇ ਪੁਖਤਾ ਪ੍ਰਬੰਧ

**ਏਜੰਸੀਆਂ**

ਨੈਸ਼ਨਲ ਡੈਸਕ 3 ਜਨਵਰੀ। ਯੂਪੀ ਦੇ ਪ੍ਰਯਾਗਰਾਜ ਵਿੱਚ ਮਹਾਕੁੰਭ 2025 ਦੌਰਾਨ ਭਾਰੀ ਭੀੜ ਨੂੰ ਦੇਖਦੇ ਹੋਏ ਭਾਰਤੀ ਰੇਲਵੇ ਨੇ ਵਿਸੇਸ ਤਿਆਰੀਆਂ ਕੀਤੀਆਂ ਹਨ। ਉੱਤਰੀ ਮੱਧ ਰੇਲਵੇ ਦੇ ਜਨਰਲ ਮੈਨੇਜਰ ਉਪੇਂਦਰ ਚੰਦਰ ਜੋਸੀ ਨੇ ਸੋਮਵਾਰ ਨੂੰ ਦੱਸਿਆ ਕਿ ਮੇਲੇ ਲਈ 3,000 ਵਿਸੇਸ ਰੇਲ ਗੱਡੀਆਂ ਚਲਾਈਆਂ ਜਾਣਗੀਆਂ। ਇਨ੍ਹਾਂ 'ਚੋਂ 560 ਟਰੇਨਾਂ ਰਿੰਗ ਰੇਲ ਰੂਟ 'ਤੇ ਸੰਚਾਲਿਤ ਹੋਣਗੀਆਂ। ਪ੍ਰਯਾਗਰਾਜ ਅਤੇ ਆਲੇ-ਦੁਆਲੇ ਦੇ ਨੌ ਰੇਲਵੇ ਸਟੇਸ਼ਨਾਂ ਪ੍ਰਯਾਗਰਾਜ ਜੰਕਸਨ ਸੂਬੇਦਾਰਗੰਜ, ਨੈਨੀ, ਪ੍ਰਯਾਗਰਾਜ ਛਵੀਕੀ, ਪ੍ਰਯਾਗ ਜੰਕਸਨ, ਫਾਫਾਮਉ, ਪ੍ਰਯਾਗਰਾਜ ਰਾਮਬਾਗ, ਪ੍ਰਯਾਗਰਾਜ ਸੰਗਮ ਅਤੇ ਝੂੰਸੀ ਦੇ ਨਾਲ ਮੇਲੇ ਦੇ ਖੇਤਰ ਵਿੱਚ 560 ਟਿਕਟਿੰਗ ਪੁਆਇੰਟ ਬਣਾਏ ਜਾ ਰਹੇ ਹਨ। ਇਨ੍ਹਾਂ ਕਾਊਂਟਰਾਂ ਤੋਂ ਰੋਜਾਨਾ 10 ਲੱਖ ਟਿਕਟਾਂ ਜਾਰੀ ਕੀਤੀਆਂ ਜਾਣਗੀਆਂ। ਯਾਤਰੀਆਂ ਦੀ ਸਹੂਲਤ ਲਈ ਰੇਲਵੇ ਨੇ 15 ਦਿਨ ਪਹਿਲਾਂ ਟਿਕਟ ਬੁਕਿੰਗ ਦੀ ਸੁਵਿਧਾ ਸੁਰੂ ਕਰ ਦਿੱਤੀ ਹੈ। ਮਹਾਂ ਕੁੰਭ ਮੇਲੇ ਲਈ ਵਿਸੇਸ ਰਿੰਗ ਰੇਲ ਰੂਟ ਤਿਆਰ ਕੀਤੇ ਗਏ ਹਨ। ਇਨ੍ਹਾਂ ਰੂਟਾਂ ਵਿੱਚ ਪ੍ਰਯਾਗਰਾਜ-ਅਯੁੱਧਿਆ-ਵਾਰਾਨਸੀ-ਪ੍ਰਯਾਗਰਾਜ, ਪ੍ਰਯਾਗਰਾਜ-ਸੰਗਮ ਪ੍ਰਯਾਗ-ਜੌਨਪੁਰ-ਪ੍ਰਯਾਗ-ਪ੍ਰਯਾਗਰਾਜ,



ਗੋਵਿੰਦਪੁਰੀ-ਪ੍ਰਯਾਗਰਾਜ-ਚਿੱਤਰਕੂਟ-ਗੋਵਿੰਦਪੁਰੀ ਅਤੇ ਝਾਂਸੀ-ਗੋਵਿੰਦਪੁਰੀ-ਪ੍ਰਯਾਗਰਾਜ-ਮਾਨਿਕਪੁਰ-ਚਿੱਤਰਕੋਟ-ਸਾਮਲ ਹਨ। ਮੇਲੇ ਦੌਰਾਨ ਸੁਰੱਖਿਆ ਲਈ 18,000 ਤੋਂ ਵੱਧ ਰੇਲਵੇ ਪ੍ਰੋਟੈਕਸਨ ਫੋਰਸ (ਆਰ.ਪੀ.ਐੱਫ.) ਅਤੇ ਰਾਜ ਰੇਲਵੇ ਪੁਲਸ ਦੇ ਜਵਾਨ ਤਾਇਨਾਤ ਕੀਤੇ ਜਾਣਗੇ। ਪ੍ਰਯਾਗਰਾਜ ਜੰਕਸਨ 'ਤੇ, ਸਹਿਰ ਵਾਲੇ ਪਾਸੇ ਤੋਂ ਪ੍ਰਵੇਸ ਕਰਨ ਅਤੇ ਸਿਵਲ ਲਾਈਨ ਵਾਲੇ ਪਾਸੇ ਤੋਂ ਬਾਹਰ ਨਿਕਲਣ ਲਈ ਪ੍ਰਬੰਧ ਕੀਤੇ ਜਾਣਗੇ। ਪ੍ਰਯਾਗਰਾਜ ਜੰਕਸਨ 'ਤੇ ਛੇ ਬਿਸਤਰਿਆਂ ਵਾਲਾ ਨਿਗਰਾਨ ਕਮਰਾ ਵੀ ਸਥਾਪਿਤ ਕੀਤਾ ਗਿਆ ਹੈ। ਇਸ ਵਿੱਚ ਆਕਸੀਜਨ ਸਿਲੰਡਰ, ਕੰਸੈਂਟਰੇਟਰ, ਈਸੀਜੀ ਮਸ਼ੀਨ, ਗਲੂਕੋਮੀਟਰ, ਨੈਬੂਲਾਈਜਰ ਅਤੇ ਸਟ੍ਰੈਚਰ ਵਰਗੀਆਂ ਮੈਡੀਕਲ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ। ਮੇਲੇ ਵਿੱਚ ਯਾਤਰੀਆਂ ਦੀ ਸੁਰੱਖਿਆ ਲਈ 1,186 ਸੀਸੀਟੀਵੀ ਕੈਮਰੇ ਲਗਾਏ ਜਾਣਗੇ, ਜਿਨ੍ਹਾਂ ਵਿੱਚੋਂ 116 ਕੈਮਰੇ ਏਆਈ ਆਧਾਰਿਤ ਚਿਹਰੇ ਦੀ ਪਛਾਣ ਪ੍ਰਣਾਲੀ ਨਾਲ ਲੈਸ ਹਨ, ਜੋ ਕਿਸੇ ਵੀ ਸਮਾਜ ਵਿਰੋਧੀ ਅਨਸਰ ਦੀ ਪਛਾਣ ਕਰ ਸਕਣਗੇ। ਰੇਲਵੇ ਇਹ ਯਕੀਨੀ ਬਣਾਉਣ ਦੀ ਕੋਸਿ਼ਸ ਕਰ ਰਿਹਾ ਹੈ ਕਿ ਯਾਤਰੀ ਮਹਾਕੁੰਭ 2025 ਵਿੱਚ ਸੁਰੱਖਿਅਤ, ਸੁਵਿਧਾਜਨਕ ਅਤੇ ਸੰਗਠਿਤ ਯਾਤਰਾ ਦਾ ਅਨੁਭਵ ਕਰ ਸਕਣ।

# ਜਿਲ੍ਹਾ ਹਸਪਤਾਲ ਦੇ ਬੇਸਮੈਂਟ 'ਚ ਮਿਲੀ ਬਜੁਰਗ ਔਰਤ ਦੀ ਲਾਸ਼, ਮ੍ਰਿਤਕਾ ਦੇ ਵਾਲ ਫੜ੍ਹ ਕੇ ਘਸੀਟ ਰਿਹਾ ਸੀ ਬੇਟਾ

**ਏਜੰਸੀਆਂ**

ਨੋਇਡਾ 3 ਜਨਵਰੀ। ਨੋਇਡਾ ਦੇ ਸੈਕਟਰ 39 ਸਥਿਤ ਜਿ਼ਲ੍ਹਾ ਹਸਪਤਾਲ ਦੇ ਬੇਸਮੈਂਟ ਵਿਚ ਸੋਮਵਾਰ ਸਾਮ ਨੂੰ 70 ਸਾਲਾ ਬਜੁਰਗ ਔਰਤ ਦੀ ਲਾਸ ਮਿਲਣ ਨਾਲ ਸਨਸਨੀ ਫੈਲ ਗਈ। ਦੱਸਿਆ ਜਾਂਦਾ ਹੈ ਕਿ ਬਜੁਰਗ ਔਰਤ ਦਾ ਪੁੱਤਰ ਲਾਸ ਨੂੰ ਘਸੀਟ ਕੇ ਲਿਜਾ ਰਿਹਾ ਸੀ। ਉਥੇ ਮੌਜੂਦ ਸਟਾਫ ਨੇ ਦੇਖਿਆ ਤਾਂ ਮਹਿਲਾ ਦੇ ਬੇਟੇ ਤੋਂ ਇਲਾਵਾ ਉਸ ਦੀ ਬੇਟੀ ਵੀ ਰੈਂਪ ਦੇ ਪਿੱਛੇ ਲੁਕੀ ਹੋਈ ਸੀ। ਕਰਮਚਾਰੀਆਂ ਦੇ ਆਵਾਜ ਲਗਾਉਣ ਤੋਂ ਬਾਅਦ ਬੇਟਾ ਅਤੇ ਧੀ ਬਾਹਰ ਆਏ। ਇਸ ਘਟਨਾ ਕਾਰਨ ਸਨਸਨੀ ਫੈਲ ਗਈ। ਪੁਲਸ ਦੇ ਉੱਚ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਮਾਮਲੇ ਦੀ ਜਾਂਚ ਸਹਾਇਕ ਪੁਲਸ ਕਮਿਸਨਰ ਨੂੰ ਸੌਂਪ ਦਿੱਤੀ ਗਈ ਹੈ। ਪੁਲਸ ਕਮਿਸਨਰ ਲਕਸਮੀ ਸਿੰਘ ਦੇ ਦਫਤਰ ਨੇ ਦੱਸਿਆ ਕਿ ਸੋਮਵਾਰ ਸਾਮ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਜਿ਼ਲ੍ਹਾ ਹਸਪਤਾਲ ਦੇ ਬੇਸਮੈਂਟ 'ਚ ਇਕ ਔਰਤ ਦੀ ਲਾਸ ਪਈ ਹੈ। ਉਨ੍ਹਾਂ ਦੱਸਿਆ ਕਿ ਜਦੋਂ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਰਾਮਵਤੀ ਨਾਂ ਦੀ ਔਰਤ ਤਪਦਿਕ (ਟੀਬੀ) ਦੀ ਬੀਮਾਰੀ ਤੋਂ ਪੀੜਤ ਸੀ। ਸੋਮਵਾਰ ਦੁਪਹਿਰ ਉਸ ਦਾ ਬੇਟਾ ਅਤੇ ਬੇਟੀ ਉਸ ਨੂੰ ਇਲਾਜ ਲਈ ਜਿ਼ਲ੍ਹਾ ਹਸਪਤਾਲ ਲੈ ਕੇ ਆਏ। ਹਸਪਤਾਲ 'ਚ ਐਕਸ-ਰੇ ਅਤੇ ਬਲੱਡ ਪ੍ਰੈਸ਼ਰ ਜਾਂਚ ਕੀਤੀ ਗਈ। ਇਸ ਤੋਂ ਬਾਅਦ ਕਰੀਬ 2.30 ਵ ਜੇ ਜਿ਼ਲ੍ਹਾ ਹਸਪਤਾਲ ਦੇ ਕਰਮਚਾਰੀਆਂ ਨੇ ਬੇਸਮੈਂਟ 'ਚ ਔਰਤ ਦੀ ਲਾਸ਼ ਨੂੰ ਦੇਖਿਆ।



ਉਨ੍ਹਾਂ ਨੇ ਹਸਪਤਾਲ ਦੇ ਸੁਰੱਖਿਆ ਕਰਮੀਆਂ ਨੂੰ ਇਸ ਦੀ ਸੂਚਨਾ ਦਿੱਤੀ। ਹਸਪਤਾਲ ਕਰਮੀਆਂ ਅਨੁਸਾਰ ਬਜੁਰਗ ਔਰਤ ਦਾ ਬੇਟਾ ਉਸ ਦੇ ਵਾਲ ਫੜ ਕੇ ਲਾਸ਼ ਨੂੰ ਖਿੱਚ ਰਿਹਾ ਸੀ। ਉੱਥੇ ਹੀ ਬਜੁਰਗ ਔਰਤ ਦੀ ਧੀ ਸ਼ਰਮਿਲਾ ਦਾ ਕਹਿਣਾ ਹੈ ਕਿ ਮਾਂ ਨੂੰ ਡਾਕਟਰ ਨੂੰ ਦਿਖਾਉਣ ਤੋਂ ਬਾਅਦ ਉਸ ਦਾ ਭਰਾ ਉਸ ਨੂੰ ਲੈ ਕੇ ਬੇਸਮੈਂਟ ਚ ਪਹੁੰਚ ਗਿਆ। ਉਹ ਰਸਤਾ ਭਟਕ ਗਿਆ ਸੀ। ਇਸੇ ਦੌਰਾਨ ਉਸ ਦੀ ਮਾਂ ਦੀ ਮੌਤ ਹੋ ਗਈ। ਸ਼ਰਮਿਲਾ ਨੇ ਦੱਸਿਆ ਕਿ ਇਸ ਦੌਰਾਨ ਉਹ ਦਵਾਈ ਲੈਣ ਗਈ ਸੀ। ਉਸ ਦੇ ਭਰਾ ਦੇ ਫੋਨ ਕਰਨ 'ਤੇ ਉਸ ਨੂੰ ਲੱਭਦੇ ਹੋਏ ਬੇਸਮੈਂਟ 'ਚ ਪਹੁੰਚੀ। ਇਸ ਮਾਮਲੇ 'ਚ ਜਿ਼ਲ੍ਹਾ ਹਸਪਤਾਲ ਦੀ ਸੀ.ਐੱਮ.ਐੱਸ. ਰੇਨੂੰ ਅਗਰਵਾਲ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਣਕਾਰੀ ਪੁਲਸ ਨੂੰ ਦੇ ਦਿੱਤੀ ਗਈ ਹੈ। ਪੁਲਸ ਅਧਿਕਾਰੀਆਂ ਅਨੁਸਾਰ ਔਰਤ ਦਾ ਬੇਟਾ ਲਾਸ਼ ਚੁੱਕ ਨਹੀਂ ਪਾ ਰਿਹਾ ਸੀ, ਇਸ ਲਈ ਉਸ ਨੂੰ ਖਿੱਚਣ ਲੱਗਾ। ਪੁਲਸ ਨੇ ਦੱਸਇਆ ਕਿ ਔਰਤ ਦੀ ਲਾਸ਼ ਦਾ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ। ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਮੌਤ ਦੇ ਸਹੀ ਕਾਰਨ ਪਤਾ ਲੱਗੇਗਾ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਸਹਾਇਕ ਪੁਲਸ ਕਮਿਸ਼ਨਰ ਪ੍ਰਥਮ ਪ੍ਰਵੀਨ ਕੁਮਾਰ ਸਿੰਘ ਨੂੰ ਸੌਂਪੀ ਗਈ ਹੈ।

## ਜਵਾਨੀ 'ਚ ਕਿਹੋ ਜਿਹੇ ਲੱਗਦੇ ਸਨ ਮੁਕੇਸ਼ ਅੰਬਾਨੀ?

ਨੈਸ਼ਨਲ ਡੈਸਕ 3 ਜਨਵਰੀ। ਰਿਲਾਇੰਸ ਇੰਡਸਟਰੀਜ ਦੀ ਪੈਟਰੋਲੀਅਮ ਰਿਫਾਇਨਰੀ ਨੇ ਹਾਲ ਹੀ ਵਿੱਚ 25 ਸਾਲ ਪੂਰੇ ਕੀਤੇ ਹਨ। ਇਹ ਪੈਟਰੋਲੀਅਮ ਰਿਫਾਇਨਰੀ ਜਾਮਨਗਰ ਵਿੱਚ ਮੌਜੂਦ ਹੈ। ਰਿਲਾਇੰਸ ਇੰਡਸਟਰੀਜ ਦੀ ਪੈਟਰੋਲੀਅਮ ਰਿਫਾਇਨਰੀ ਦੁਨੀਆ ਦੀਆਂ ਸਭ ਤੋਂ ਵੱਡੀਆਂ ਰਿਫਾਇਨਰੀਆਂ ਵਿੱਚੋਂ ਇੱਕ ਹੈ। 25 ਸਾਲ ਪੂਰੇ ਹੋਣ 'ਤੇ ਕੰਪਨੀ ਨੇ ਮੁਕੇਸ ਅੰਬਾਨੀ ਦਾ ਇੱਕ ਵੀਡੀਓ ਸੇਅਰ ਕੀਤਾ ਹੈ। ਵੀਡੀਓ ਪੁਰਾਣਾ ਹੈ, ਜਿਸ 'ਚ ਮੁਕੇਸ ਅੰਬਾਨੀ ਹੁਣ ਦੇ ਮੁਕਾਬਲੇ ਕਾਫੀ ਜਵਾਨ ਨਜਰ ਆ ਰਹੇ ਹਨ। ਪੈਟਰੋਲੀਅਮ ਰਿਫਾਇਨਰੀ ਦੀ 25ਵੀਂ ਵਰ੍ਹੇਗੰਢ ਦਾ ਜਸਨ ਮਨਾਉਂਦੇ ਹੋਏ ਕੰਪਨੀ ਨੇ ਨੌਜਵਾਨ ਮੁਕੇਸ ਅੰਬਾਨੀ ਦੀ ਯਾਦ ਵਿੱਚ ਇੱਕ ਵੀਡੀਓ ਜਾਰੀ ਕੀਤਾ। ਸੋਸਲ ਮੀਡੀਆ ਪਲੇਟਫਾਰਮ



ਐਕਸ 'ਤੇ ਸੇਅਰ ਕੀਤੇ ਗਏ ਇਸ ਵੀਡੀਓ 'ਚ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਮੁਕੇਸ ਅੰਬਾਨੀ ਰਿਫਾਇਨਰੀ ਦੀ ਸਥਾਪਨਾ ਅਤੇ ਇਸ ਦੀ ਮਹੱਤਤਾ 'ਤੇ ਆਪਣੇ ਵਿਚਾਰ ਦਿੰਦੇ ਨਜਰ ਆ ਰਹੇ ਹਨ। ਵੀਡੀਓ 'ਚ ਮੁਕੇਸ ਅੰਬਾਨੀ ਕਾਫੀ ਜਵਾਨ ਨਜਰ ਆ ਰਹੇ ਹਨ। ਉਹ ਕੰਪਨੀ ਵਿਚ ਖੜ੍ਹੇ ਹਨ ਅਤੇ ਕੰਪਨੀ, ਆਪਣੇ ਪਿਤਾ ਅਤੇ ਕੰਪਨੀ ਦੇ ਦ੍ਰਿਸਟੀਕੋਣ ਬਾਰੇ ਆਪਣੇ ਵਿਚਾਰ ਪ੍ਰਗਟ ਕਰ ਰਹੇ ਹਨ। ਵੀਡੀਓ 'ਚ ਉਹ ਕਹਿ ਰਹੇ ਹਨ ਕਿ ਜਾਮਨਗਰ ਨੇ ਬਿਨਾਂ ਸੱਕ ਦੁਨੀਆ ਨੂੰ ਦਿਖਾ ਦਿੱਤਾ ਹੈ ਕਿ ਜੇਕਰ ਅਸੀਂ ਸੁਪਨੇ ਦੇਖ ਸਕਦੇ ਹਾਂ ਤਾਂ ਉਸ ਨੂੰ ਪੂਰਾ ਵੀ ਕਰ ਸਕਦੇ ਹਾਂ। ਵੀਡੀਓ ਵਿੱਚ ਉਹ ਇਹ ਵੀ ਕਹਿ ਰਹੇ ਹਨ ਕਿ ਮੇਰੇ ਪਿਤਾ ਧੀਰੂਭਾਈ ਅੰਬਾਨੀ ਦਾ ਵਿਜਨ ਅਸਲ ਵਿੱਚ ਇਹੀ ਹੈ ਕਿ ਤੁਸੀਂ ਜੋ ਵੀ ਕਰੋ ਉਹ ਵਿਸਵ ਪੱਧਰੀ ਹੋਣਾ ਚਾਹੀਦਾ ਹੈ।